# ਰੋਹ 'ਚ ਆਏ ਮਿਹਨਤਕਸ਼ ਲੋਕਾਂ ਨੇ ਕਾਰਪੋਰੇਟ ਪੱਖੀ ਬਜਟ ਦੀਆਂ ਕਾਪੀਆਂ ਸਾੜੀਆਂ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਇਸ ਵਾਰ ਦਾ ਬਜਟ ਗ਼ਰੀਬਾਂ ਤੇ ਆਮ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੰਦਾ। ਇਹ ਬਜਟ ਕਾਰਪੋਰੇਟ ਪੱਖੀ ਤੇ ਵੱਡੇ ਘਰਾਣਿਆਂ ਨੂੰ ਮੁਨਾਫ਼ੇ ਦੇਣ ਵਾਲਾ ਹੈ! ਇਹ ਪ੍ਰਗਟਾਵਾ ਉੱਘੇ ਖੇਤੀ ਵਿਗਿਆਨੀ ਤੇ ਆਰਥਿਕ ਮਾਹਿਰ ਡਾ. ਸਤਨਾਮ ਸਿੰਘ ਅਜਨਾਲਾ ਨੇ ਬਜਟ ਬਾਰੇ ਸਖ਼ਤ ਟਿੱਪਣੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨੀ ਜੋ ਪਹਿਲਾਂ ਹੀ ਸੰਕਟ 'ਚ ਫਸੀ ਹੋਈ ਹੈ, ਨੂੰ ਹੋਰ ਪ੍ਰੇਸ਼ਾਨ ਕਰਨ ਦੀ ਨੀਤੀ ਘੜੀ ਗਈ ਹੈ। ਖਾਦਾਂ ਦੀ ਸਬਸਿਡੀ 24 ਹਜ਼ਾਰ ਕਰੋੜ ਰੁਪਏ ਘਟਾਉਣ ਨਾਲ ਖੇਤੀ ਦੀਆਂ ਲਾਗਤ ਕੀਮਤਾਂ ਹੋਰ ਵੱਧ ਜਾਣਗੀਆਂ! ਬਜਟ 'ਚ ਖੇਤੀ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ। ਐੱਮਐੱਸਪੀ ਤੇ ਗਰੰਟੀ ਦੇਣ ਦਾ ਕੋਈ ਜ਼ਿਕਰ ਨਹੀਂ ਕੀਤਾ। ਗ਼ਰੀਬਾਂ ਲਈ ਅੰਨ ਯੋਜਨਾ ਵਿੱਚ 7 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਕਰਮ ਵੀ ਘਟਾ ਦਿੱਤੀ ਹੈ। ਮਨਰੇਗਾ ਸਕੀਮ ਵਿੱਚ ਜਿਹੜੇ ਪਿਛਲੇ ਸਾਲ 1 ਲੱਖ 5 ਹਜ਼ਾਰ ਕਰੋੜ ਰੁਪਏ ਖ਼ਰਚ ਕੀਤੇ ਗਏ ਸਨ ਉਹ ਘਟਾ ਕੇ 86 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ। ਬਜਟ 'ਚ ਪੰਜਾਬ ਨੂੰ ਉਕਾ ਹੀ ਨਜ਼ਰਅੰਦਾਜ਼ ਕੀਤਾ ਗਿਆ! ਇਨ੍ਹਾਂ ਕਾਰਨਾਂ ਕਰਕੇ ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ ਅਤੇ ਦੇਸ਼ ਭਰ ਵਿੱਚ ਇਸ ਬਜਟ ਦਾ ਵਿਰੁੱਧ ਕਰਦਿਆਂ ਬਜਟ ਦੀਆਂ ਕਾਪੀਆਂ ਸਾੜੀਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ ਭਲੇ ਪਿੰਡ ਦੇ ਬਾਜ਼ਾਰ ਅਜਨਾਲਾ-ਅੰਮ੍ਰਿਤਸਰ ਰੋਡ 'ਤੇ ਜਨਤਕ ਜਥੇਬੰਦੀਆਂ ਵੱਲੋਂ ਬਜਟ ਦੀਆਂ ਕਾਪੀਆਂ ਸਾੜ ਕੇ ਕੇਂਦਰ ਦੀ ਮੋਦੀ ਸਰਕਾਰ ਦਾ ਪਿੱਟ ਸਿਆਪਾ ਕੀਤਾ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਦੁਧਰਾਏ ਨੇ ਵੀ ਬਜਟ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਗੁਰਪਾਲ ਗਿੱਲ ਸੈਦਪੁਰ ਨੇ ਬਜਟ ਨੂੰ ਨੌਜਵਾਨ ਵਿਰੋਧੀ ਦੱਸਿਆ। ਬਜਟ ਸਾੜਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਔਰਤ ਮੁਕਤੀ ਮੋਰਚਾ ਦੀ ਆਗੂ ਕਸ਼ਮੀਰ ਕੌਰ ਦੁਧਰਾਏ, ਪ੍ਰਭਜੋਤ ਕੌਰ, ਕਿਸਾਨ ਸਭਾ ਦੇ ਪ੍ਰਧਾਨ ਅਮਰੀਕ ਸਿੰਘ ਭਲਾ ਪਿੰਡ, ਪਰਮਿੰਦਰ ਸਿੰਘ ਦੁਧਰਾਏ, ਮੰਗਲ ਸਿੰਘ ਪੰਛੀ, ਰਣਜੀਤ ਸਿੰਘ ਗੋਰਾ, ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ, ਪ੍ਰਭੂ ਕੁਮਾਰ, ਹੈਪੀ, ਰਾਜਾ, ਮਜ਼ਦੂਰ ਸਭਾ ਦੇ ਟਹਿਲ ਸਿੰਘ, ਕਸ਼ਮੀਰ ਸਿੰਘ ਭਲਾ ਪਿੰਡ, ਬਲਵਿੰਦਰ ਸਿੰਘ ਦੁਧਰਾਏ, ਜਸਵੰਤ ਸਿੰਘ ਤੇ ਬਲਜੀਤ ਸਿੰਘ ਆਦਿ ਨੇ ਵੀ ਬਜਟ ਦਾ ਜੰਮ ਕੇ ਵਿਰੋਧ ਕੀਤਾ।

# ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਜ਼ਰੂਰੀ : ਸੋਹਲ, ਠੱਠਗੜ੍ਹ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਸ੍ਰੀ ਗੁਰੂ ਰਾਮਦਾਸ ਨਿਵਾਸ ਵੈੱਲਫੇਅਰ ਸੋਸਾਇਟੀ ਅਟਾਰੀ ਰੋਡ ਝਬਾਲ ਵਲੋਂ ਸੋਹਲ ਕਰਿਆਨਾ ਸਟੋਰ ਵਾਲੇ ਕਾਮਰੇਡ ਅਸ਼ੋਕ ਕੁਮਾਰ ਸੋਹਲ, ਬਾਬਾ ਕਸ਼ਮੀਰ ਸਿੰਘ ਠੱਠਗੜ੍ਹ ਤੇ ਉਨ੍ਹਾਂ ਦੀ ਟੀਮ ਵੱਲੋਂ ਅਟਾਰੀ ਰੋਡ ਤੇ ਪਹਿਲਾਂ ਸਾਫ਼ ਸਫ਼ਾਈ ਕੀਤੀ ਗਈ ਤੇ ਉਪਰੰਤ ਵਾਤਾਵਰਣ ਦੀ ਸ਼ੁੱਧਤਾ ਲਈ ਨਿੰਮ, ਅੰਬ ਜਾਮਨੂੰ ਦੇ ਫ਼ਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ।ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅੱਜ ਦਿਨੋਂ-ਦਿਨ ਗੰਧਲੇ ਹੋ ਰਹੇ ਵਾਤਾਵਰਣ ਨੂੰ ਸ਼ੁੱਧ ਤੇ ਹਰਿਆ-ਭਰਿਆ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ।ਇਸ ਦੇ ਨਾਲ ਹੀ ਉਨ੍ਹਾਂ ਮੀਡੀਆ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਤੇ ਹਰ ਦਿਨ ਵਧ ਰਹੀ ਗਰਮੀ ਨੂੰ ਦੇਖਦਿਆਂ ਆਪਣੇ ਘਰਾਂ, ਖੇਤਾਂ, ਧਾਰਮਿਕ ਤੇ ਸਾਂਝੀਆਂ ਥਾਵਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਏ ਜਾਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਨਾਲ ਬਲਵਿੰਦਰ ਸਿੰਘ ਮਾਨੋਚਾਹਲ,ਥਾਣੇਦਾਰ ਗੁਰਪਿੰਦਰ ਸਿੰਘ, ਸਰਬਜੀਤ ਸਿੰਘ ਛਾਪਾ, ਸੁਖਵਿੰਦਰ ਸਿੰਘ ਫਰਨੀਚਰ ਵਾਲੇ, ਹੁਸਨਦੀਪ ਸਿੰਘ ਸੋਹਲ, ਅਸ਼ੋਕ ਕੁਮਾਰ ਕਪੜੇ ਵਾਲੇ, ਸਾਹਿਬ ਸਿੰਘ ਪੇਂਜੇ ਵਾਲੇ, ਜਸਪਾਲ ਸਿੰਘ ਦੋਦੇ, ਅਰਵਿੰਦ ਗੁਪਤਾ, ਢਿੱਲੋਂ ਪੀਵੀਸੀ ਵਾਲੇ, ਸੁੱਖਾ ਬਘਿਆੜੀ ਹੇਅਰ ਕਟਿੰਗ, ਸਾਗਰ ਠੱਠਗੜ੍ਹ ਆਦਿ ਹੋਰ ਵੀ ਪੰਤਵੰਤੇ ਸੱਜਣ ਹਾਜ਼ਰ ਸਨ

# ਜਿੰਪਾ ਨੇ ਲਗਾਇਆ ਖੁੱਲ੍ਹਾ ਦਰਬਾਰ, ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਸ਼ਨੀਵਾਰ ਅਤੇ ਐਤਵਾਰ ਨੂੰ ਆਪਣੇ ਦਫ਼ਤਰ ਵਿਚ ਖੁੱਲ੍ਹਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਨੇ 1000 ਦੇ ਕਰੀਬ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਦੇ ਹੱਲ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਖੁੱਲ੍ਹਾ ਦਰਬਾਰ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਲੋਕ ਸੰਪਰਕ ਅਤੇ ਪ੍ਰਸ਼ਾਸਨਿਕ ਸੁਧਾਰ ਦੀਆਂ ਯੋਜਨਾਵਾਂ ਦਾ ਇਕ ਮਹੱਤਵਪੂਰਨ ਹਿੱਸਾ ਹੈ। ਖੁੱਲ੍ਹੇ ਦਰਬਾਰ ਦੇ ਆਯੋਜਨ ਦੌਰਾਨ ਕੈਬਨਿਟ ਮੰਤਰੀ ਜਿੰਪਾ ਨੇ ਲੋਕਾਂ ਨਾਲ ਵਿਅਕਤੀਗਤ ਰੂਪ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਵਿਸਥਾਰ ਨਾਲ ਸੁਣਿਆ। ਲੋਕਾਂ ਦੀਆਂ ਸਮੱਸਿਆਵਾਂ ਵਿਚ ਬੁਨਿਆਦੀ ਸੁਵਿਧਾਵਾਂ, ਸਰਕਾਰੀ ਯੋਜਨਾਵਾਂ ਅਤੇ ਵੱਖ-ਵੱਖ ਸਥਾਨਕ ਮੁੱਦਿਆਂ ਦੇ ਬਾਰੇ ਵਿਚ ਸ਼ਿਕਾਇਤਾਂ ਸ਼ਾਮਲ ਸਨ।ਕੈਬਨਿਟ ਮੰਤਰੀ ਜਿੰਪਾ ਨੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਿਆ ਅਤੇ ਕਈ ਮੁੱਦਿਆਂ ਦੇ ਹੱਲ ਲਈ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਦਰਬਾਰ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦਾ ਇਕ ਮੰਚ ਹੈ। ਅਸੀਂ ਚਾਹੁੰਦੇ ਹਾਂ ਕਿ ਨਾਗਰਿਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ ਅਤੇ ਉਨ੍ਹਾਂ ਦਾ ਹੱਲ ਕੀਤਾ ਜਾਵੇ। ਸਾਡੀ ਸਰਕਾਰ ਦਾ ਉਦੇਸ਼ ਹੈ ਕਿ ਹਰ ਨਾਗਰਿਕ ਨੂੰ ਸੁਵਿਧਾਵਾਂ ਅਤੇ ਨਿਆਂ ਮਿਲੇ ਅਤੇ ਇਸ ਲਈ ਅਸੀਂ ਲਗਾਤਾਰ ਯਤਨ ਕਰ ਰਹੇ ਹਾਂ।ਇਸ ਮੌਕੇ ਸਥਾਨਕ ਮੁੱਦਿਆਂ 'ਤੇ ਧਿਆਨ ਦਿੱਤਾ ਗਿਆ, ਜਿਸ ਵਿਚ ਪੁਲਸ, ਸੜਕ ਦਾ ਨਿਰਮਾਣ, ਪਾਣੀ ਦੀ ਸਪਲਾਈ, ਸਿੱਖਿਆ ਸੁਵਿਧਾਵਾਂ, ਨਗਰ ਨਿਗਮ, ਮਾਲੀਆ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਬਿਜਲੀ ਅਤੇ ਸਿਹਤ ਸੇਵਾਵਾਂ ਆਦਿ ਸ਼ਾਮਲ ਸਨ। ਬ੍ਰਮ ਸ਼ੰਕਰ ਜਿੰਪਾ ਨੇ ਭਰੋਸਾ ਦਿੱਤਾ ਕਿ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਯੋਗ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਾਗਰਿਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਜਲਦ ਹੀ ਹੱਲ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੇ ਬਾਰੇ ਵਿਚ ਜਾਣਕਾਰੀ ਪ੍ਰਾਪਤ ਕਰਨ ਅਤੇ ਉਨ੍ਹਾਂ ਦਾ ਲਾਭ ਲੈਣ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਵਰਿੰਦਰ ਸ਼ਰਮਾ ਬਿੰਦੂ ਵੀ ਮੌਜੂਦ ਸਨ।



# ਮੈਂ ਆਪਣੇ ਡ੍ਰੀਮ ਪ੍ਰੋਜੈਕਟ ਦੇ ਮੁਕੰਮਲ ਹੋਣ 'ਤੇ ਬੇਹੱਦ ਖੁਸ਼ ਹਾਂ: ਅਰੁਣਾ ਚੌਧਰੀ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਤੋਂ ਬਹਿਰਾਮਪੁਰ ਰੋਡ ਵਾਲੇ ਇਸ ਰੇਲਵੇ ਫਾਟਕ 'ਤੇ ਪੁਲ ਦਾ ਨਿਰਮਾਣ ਕਰਵਾਉਣਾ ਅਤੇ ਅੱਤ ਦੀ ਗਰਮੀ ਤੇ ਬਰਸਾਤ ਦੇ ਦਿਨਾਂ ਵਿੱਚ ਲੰਮਾ ਸਮਾਂ ਫਾਟਕ 'ਤੇ ਖੜ੍ਹੇ ਰਹਿ ਕੇ ਪਰੇਸ਼ਾਨ ਹੁੰਦੇ ਸਕੂਲੀ ਬੱਚਿਆਂ, ਬਜ਼ੁਰਗਾਂ ਅਤੇ ਕਿਸਾਨਾਂ ਨੂੰ ਰਾਹਤ ਪਹੁੰਚਾਉਣਾ ਮੇਰਾ ਵੱਡਾ ਸੁਪਨਾ ਸੀ, ਜੋ ਅੱਜ ਪੂਰਾ ਹੋ ਰਿਹਾ ਹੈ।ਇਹ ਗੱਲ ਵੀ ਮਾਣ ਵਾਲੀ ਹੈ ਕਿ ਪੁਲ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਅਤੇ ਦੀਨਾਨਗਰ ਹਲਕਾ ਵਿਧਾਇਕਾ ਅਰੁਣਾ ਚੌਧਰੀ ਨੇ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਪੁਲ ਬਣਾਉਣ ਦੀ ਮਨਜ਼ੂਰੀ ਤੋਂ ਲੈ ਕੇ ਪੈਸੇ ਜਾਰੀ ਕਰਵਾਉਣ ਤੱਕ ਸਾਰੇ ਕੰਮ ਪੂਰੀ ਰੀਝ ਤੇ ਮਿਹਨਤ ਨਾਲ ਕਰਵਾਏ ਗਏ। ਲਿੰਕ ਰੋਡ 'ਤੇ ਪੁਲ ਦੀ ਮਨਜ਼ੂਰੀ ਲੈਣਾ ਵੱਡਾ ਚੈਲੇਂਜ ਸੀ, ਜਿਸ ਨੂੰ ਬਾਖੂਬੀ ਸਿਰੇ ਲਗਾਇਆ ਅਤੇ ਇਹ ਪੰਜਾਬ ਦਾ ਪਹਿਲਾ ਐਸਾ ਪੁਲ ਹੈ ਜੋ ਲਿੰਕ ਰੋਡ 'ਤੇ ਬਣਾਇਆ ਗਿਆ ਹੈ।ਇਸ 'ਤੇ ਕੁੱਲ 51.74 ਕਰੋੜ ਰੁਪਏ ਦੀ ਲਾਗਤ ਆਈ ਹੈ।ਸ਼੍ਰੀਮਤੀ ਚੌਧਰੀ ਨੇ ਕਿਹਾ ਕਿ ਸਾਡੀ ਸਰਕਾਰ ਵੇਲੇ ਦੋ ਸਾਲ ਤੋਂ ਵੱਧ ਸਮਾਂ ਕਰੋਨਾ ਕਾਲ 'ਚ ਬੀਤਣ ਦੇ ਬਾਵਜੂਦ ਅਸੀਂ ਇਹ ਪੁਲ 80 ਫ਼ੀਸਦੀ ਦੇ ਆਸਪਾਸ ਕੰਪਲੀਟ ਕਰਵਾ ਦਿੱਤਾ ਸੀ ਜਦਕਿ ਬਾਕੀ ਦਾ ਕੰਮ ਕਰਵਾਉਣ ਲਈ ਮੌਜੂਦਾ ਸਰਕਾਰ ਨੂੰ ਢਾਈ ਸਾਲਾਂ ਦਾ ਸਮਾਂ ਲੱਗ ਗਿਆ ਹੈ।ਇਹ ਪੁਲ ਬਾਰਡਰ ਏਰੀਏ ਦੇ ਲਗਭਗ 150 ਪਿੰਡਾਂ ਨੂੰ ਸ਼ਹਿਰ ਨਾਲ ਜੋੜੇਗਾ ਅਤੇ ਪਿਛਲੇ ਕਈ ਸਾਲਾਂ ਤੋਂ ਰੇਲਵੇ ਫਾਟਕ ਕਾਰਨ ਪਰੇਸ਼ਾਨੀਆਂ ਝੱਲਦੇ ਆ ਰਹੇ ਹਜ਼ਾਰਾਂ ਰਾਹਗੀਰਾਂ ਨੂੰ ਵੱਡੀ ਰਾਹਤ ਪਹੁੰਚਾਏਗਾ।ਉਨ੍ਹਾਂ ਕਿਹਾ ਕਿ ਮੇਰਾ ਉਦੇਸ਼ ਲੋਕਾਂ ਦੀ ਨਿਰਸਵਾਰਥ ਸੇਵਾ ਕਰਨਾ ਅਤੇ ਦੀਨਾਨਗਰ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣਾ ਹੈ, ਨਾ ਕਿ ਦੂਜਿਆਂ ਦੇ ਕੰਮਾਂ ਜਾਂ ਪ੍ਰੋਜੈਕਟਾਂ ਦਾ ਫਰਜ਼ੀ ਕ੍ਰੈਡਿਟ ਲੈਣਾ।

# ਜੀ ਟੀ ਬੀ ਆਈ ਸਕੂਲ ਕਲਿਆਣਪੁਰ ਵਿਖੇ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ. ਟੀ. ਬੀ. ਆਈ.) ਸਕੂਲ ਕਲਿਆਣਪੁਰ ਵਿਖੇ ਕਾਰਗਿਲ ਵਿਜੇ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਾਟਕ ਖੇਡਿਆ ਅਤੇ ਅਲੱਗ-ਅਲੱਗ ਪੇਸ਼ਕਾਰੀ ਦੁਆਰਾ ਸ਼ਰਧਾਂਜਲੀਆਂ ਭੇਟ ਕਰਕੇ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਤਰਸੇਮ ਸਿੰਘ ਅਤੇ ਪ੍ਰਿੰ. ਬਰਿੰਦਰ ਜੋਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਦੇਸ਼ ਦੇ ਸ਼ਹੀਦਾਂ ਨੂੰ ਯਾਦ ਰੱਖਣਾ ਚਾਹੀਦਾ ਤਾਂ ਜੋ ਬੱਚਿਆਂ ਨੂੰ ਵੀ ਸ਼ਹੀਦਾਂ ਬਾਰੇ ਜਾਣਕਾਰੀ ਮਿਲ ਸਕੇ ਅਤੇ ਉਨ੍ਹਾਂ ਵਿੱਚ ਆਪਣੇ ਦੇਸ਼ ਪ੍ਰਤੀ ਪਿਆਰ, ਸਤਿਕਾਰ ਅਤੇ ਜਜ਼ਬਾ ਪੈਦਾ ਹੋ ਸਕੇ। ਇਸ ਮੌਕੇ ਅਧਿਆਪਕ ਦਵਿੰਦਰ ਕੌਰ ਅਤੇ ਰੁਪਿੰਦਰ ਕੌਰ ਨੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ ਅਤੇ ਹੋਰ ਅਧਿਆਪਕਾਂ ਨੇ ਵੀ ਸਾਥ ਦਿੱਤਾ। ਪ੍ਰਿੰ. ਬਰਿੰਦਰ ਜੋਤ ਕੌਰ ਨੇ ਬੱਚਿਆਂ ਨੂੰ ਵਧੀਆ ਪ੍ਰਦਰਸ਼ਨ ਲਈ ਹੌਸਲਾ ਅਫ਼ਜ਼ਾਈ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਦੇਸ਼ ਪ੍ਰਤੀ ਫ਼ਰਜ਼ਾਂ ਬਾਰੇ ਜਾਗਰੂਕ ਹੋਣ ਲਈ ਪ੍ਰੇਰਿਤ ਕੀਤਾ।

# ਪੱਡਾ ਦੀ ਨਹਿਰ 'ਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੁਲਸ ਥਾਣਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਪੱਡਾ ਦੀ ਨਹਿਰ ਵਿੱਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਦਹਿਸ਼ਤ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਪੱਡਾ ਦੇ ਸਾਬਕਾ ਸਰਪੰਚ ਅਜੀਤ ਸਿੰਘ ਢਿੱਲੋਂ ਅਤੇ ਹੋਰਨਾਂ ਵਿਅਕਤੀਆਂ ਨੇ ਦੱਸਿਆ ਕਿ ਸਵੇਰੇ ਕਰੀਬ 6 ਵਜੇ ਉਹ ਆਪਣੇ ਖੇਤਾਂ ਨੂੰ ਖਾਦ ਪਾਉਣ ਨੂੰ ਨਿਕਲੇ ਤਾਂ ਨਹਿਰ ਵਿੱਚ ਬਣੀ ਠੋਕਰ ਵਿੱਚ ਇੱਕ ਅਣਪਛਾਤੀ ਲਾਸ਼ ਘੁੰਮਣ-ਘੇਰੀ ਵਿੱਚ ਫਸੀ ਹੋਈ ਸੀ। ਇਸ ਸਬੰਧੀ ਪੁਲਸ ਥਾਣਾ ਡੇਰਾ ਬਾਬਾ ਨਾਨਕ ਅਤੇ ਐੱਸਐੱਸਪੀ ਬਟਾਲਾ ਨੂੰ ਫੋਨ 'ਤੇ ਸੂਚਨਾ ਦਿੱਤੀ ਗਈ ਪਰ ਸੂਚਨਾ ਦੇਣ ਦੇ ਬਾਵਜੂਦ ਪੁਲਸ ਦਾ ਸਿਰਫ ਇੱਕ ਅਧਿਕਾਰੀ ਛੇ ਘੰਟੇ ਬਾਅਦ ਮੌਕੇ ਤੇ ਪਹੁੰਚਿਆ ਜਿਸ ਵੱਲੋਂ ਪਿੰਡ ਵਾਸੀਆਂ ਦੀ ਮਦਦ ਨਾਲ ਅੱਧ ਗਲੀ ਸੜੀ ਲਾਸ਼ ਨੂੰ ਬਾਹਰ ਕੱਢਿਆ ਗਿਆ।ਇਸ ਮੌਕੇ ਗੱਲਬਾਤ ਦੌਰਾਨ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਜਾਂਚ ਅਧਿਕਾਰੀ ਏਐੱਸਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਫਿਲਹਾਲ 174 ਦੀ ਕਾਰਵਾਈ ਕਰਕੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਤੇ 72 ਘੰਟੇ ਲਈ ਡੈੱਥ ਹਾਊਸ ਬਟਾਲਾ ਵਿੱਚ ਰੱਖਿਆ ਹੈ।ਉਨ੍ਹਾਂ ਦੱਸਿਆ ਕਿ ਲਾਸ਼ ਦੇ ਹੁਲੀਏ ਤੋਂ ਲੱਗ ਰਿਹਾ ਕਿ ਇਹ ਕਿਸੇ ਪ੍ਰਵਾਸੀ ਭਾਰਤੀ ਦੀ ਮ੍ਰਿਤਕ ਦੇਹ ਹੈ। ਜਾਂਚ ਉਪਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



# ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਵਾਤਾਵਰਣ ਦਿਵਸ ਮੌਕੇ ਪੌਦੇ ਲਗਾਏ



**ਗੁਰਦਾਸਪੁਰ, (ਜਨਕ ਮਹਾਜਨ)**-ਪਠਾਨਕੋਟ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਰੈੱਡ ਰੀਬਨ ਕਲੱਬ ਦੁਆਰਾ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਪੌਦੇ ਲਗਾਏ ਗਏ। ਇਸ ਮੌਕੇ ਬੀ. ਐੱਡ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਰੈੱਡ ਰੀਬਨ ਕਲੱਬ ਦੇ ਇੰਚਾਰਜ ਅਤੁਲ ਅਗਰਵਾਲ ਨੇ ਇਸ ਪ੍ਰੋਗਰਾਮ ਦਾ ਆਰੰਭ ਕੀਤਾ ਅਤੇ ਮੁੱਖ ਮਹਿਮਾਨ ਵਜੋਂ ਡਾ. ਵਿਨੋਦ ਮਹਾਜਨ ਅਤੇ ਪ੍ਰੋਫੈਸਰ ਰਵਿ ਸ਼ੰਕਰ ਦਾ ਪਹੁੰਚਣ 'ਤੇ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਦੀ ਜਿੱਥੇ ਸਫਾਈ ਕੀਤੀ ਉਥੇ ਹੀ 25 ਫਲਦਾਰ ਅਤੇ ਦੂਸਰੇ ਪੌਦੇ ਲਗਾਏ। ਪ੍ਰਿੰ. ਡਾ. ਰੁਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਦੇ ਹੋਏ ਇਸ ਨੂੰ ਸਾਫ਼-ਸੁਥਰਾ ਰੱਖਣ ਲਈ ਸੁਝਾਅ ਦਿੱਤੇ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਧਿਆਨ ਦੇਣ ਲਈ ਜ਼ੋਰ ਦਿੱਤਾ। ਇਸ ਮੌਕੇ ਡਾ. ਵਿਨੋਦ ਮਹਾਜਨ ਨੇ ਵਿਦਿਆਰਥਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੇ ਆਲੇ-ਦੁਆਲੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਜਿਸ ਨਾਲ ਵਾਤਾਵਰਣ ਸ਼ੁੱਧ ਹੋ ਸਕੇ ਅਤੇ ਸਾਨੂੰ ਸਾਫ਼ ਸੁਥਰੀ ਹਵਾ ਮਿਲ ਸਕੇ। ਇਸ ਮੌਕੇ ਪ੍ਰੋ. ਉਮਾ ਸ਼ਰਮਾ, ਰਜਨੀਸ਼ ਬਾਲਾ, ਅਨੂ ਸੈਣੀ, ਪੂਜਾ, ਨਿਧੀ ਮਹਾਜਨ ਅਤੇ ਜੋਤੀ ਆਦਿ ਹਾਜ਼ਰ ਸਨ।

# 'ਆਪ' ਦੀ ਹਲਕਾ ਕੋਆਰਡੀਨੇਟਰ ਹਰਿੰਦਰਪਾਲ ਕੌਰ ਨੇ ਬੂਟੇ ਲਗਾਏ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪਿੰਡ ਮੱਤੇਨੰਗਲ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਮੁਹਿੰਮ 'ਪੰਜਾਬ ਨੂੰ ਹਰਿਆ ਭਰਿਆ ਦੇਖਣਾ' ਤਹਿਤ ਅਜਨਾਲਾ ਹਲਕੇ ਦੀ ਕੋਆਰਡੀਨੇਟਰ ਹਰਿੰਦਰ ਪਾਲ ਕੌਰ ਵੱਲੋਂ ਪਿੰਡ ਮੱਤੇਨੰਗਲ ਵਿੱਚ 500 ਦੇ ਕਰੀਬ ਬੂਟੇ ਲਗਾ ਕੇ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਗਰਮੀ ਤੋਂ ਬਚਣ ਲਈ ਦਰੱਖਤਾਂ ਨੂੰ ਨਾ ਕੱਟਣ ਅਤੇ ਵੱਧ ਤੋਂ ਵੱਧ ਬੂਟੇ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਅਮਿਤ ਔਲ, ਹਰਪਾਲ ਸਿੰਘ ਮੱਤੇਨੰਗਲ, ਅੰਮ੍ਰਿਤਪਾਲ ਸਿੰਘ, ਗੁਰਦਿਆਲ ਸਿੰਘ, ਵੱਸਣ ਸਿੰਘ, ਹਰਜੀਤ ਸਿੰਘ, ਜਸਬੀਰ ਸਿੰਘ, ਕੁਲਬੀਰ ਕੌਰ, ਕਸ਼ਮੀਰ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਜੈ ਮਾਂ ਵੈਸ਼ਨੋ ਦੇਵੀ ਕਲੱਬ ਗੁਰਦਾਸਪੁਰ ਨੇ ਮਹਾਂਮਾਈ ਦਾ ਜਾਗਰਣ ਕਰਵਾਇਆ



**ਗੁਰਦਾਸਪੁਰ, (ਜਨਕ ਮਹਾਜਨ)**- ਜੈ ਮਾਂ ਵੈਸ਼ਨੋ ਦੇਵੀ ਕਲੱਬ ਗੁਰਦਾਸਪੁਰ ਵੱਲੋਂ ਮਹਾਮਾਈ ਦਾ ਜਾਗਰਣ ਪਿੰਡ ਹਰਦੋਛੰਨੀਆਂ ਵਿਖੇ ਕਰਵਾਇਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਸਿੰਘ ਪਾਹੜਾ ਨੇ ਵਿਸ਼ੇਸ਼ ਤੌਰ 'ਤੇ ਮੱਥਾ ਟੇਕਿਆ, ਜਿਨ੍ਹਾਂ ਨੇ ਮਹਾਂਮਾਈ ਦਾ ਆਸ਼ੀਰਵਾਦ ਲਿਆ। ਇਸ ਤੋਂ ਪਹਿਲਾਂ ਪ੍ਰਬੰਧਕਾਂ ਨੇ ਜਾਗਰਣ ਪਹੁੰਚੇ ਐਡਵੋਕੇਟ ਪਾਹੜਾ ਦਾ ਸਵਾਗਤ ਕੀਤਾ। ਜਾਗਰਣ ਐਂਡ ਪਾਰਟੀ ਨੇ ਮਹਾਂਮਾਈ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਕਿਹਾ ਕਿ ਜਦੋਂ ਵੀ ਉਨ੍ਹਾਂ ਨੂੰ ਕਿਸੇ ਵੀ ਅਜਿਹੇ ਧਾਰਮਿਕ ਪ੍ਰੋਗਰਾਮ ਲਈ ਬੁਲਾਇਆ ਜਾਂਦਾ ਹੈ ਤਾਂ ਉਹ ਜ਼ਰੂਰ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਪ੍ਰੋਗਰਾਮ ਕਰਵਾਉਣ ਨਾਲ ਨਕਾਰਾਤਮਕ ਸ਼ਕਤੀਆਂ ਦੂਰ ਹੁੰਦੀਆਂ ਹਨ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਕਿਹਾ ਕਿ ਉਹ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਅਜਿਹੇ ਧਾਰਮਿਕ ਪ੍ਰੋਗਰਾਮਾਂ ਦਾ ਹਿੱਸਾ ਬਣਨ। ਇਸ ਉਪਰੰਤ ਪ੍ਰਬੰਧਕਾਂ ਨੇ ਐਡਵੋਕੇਟ ਪਾਹੜਾ ਨੂੰ ਸਨਮਾਨਿਤ ਵੀ ਕੀਤਾ।

# ਪੰਜ ਪੀਰਾਂ ਦੇ ਦਰਬਾਰ 'ਤੇ ਸਾਲਾਨਾ ਮੇਲਾ ਸ਼ੇਰਾ ਬੋਹੜਵਾਲੀਆ ਤੇ ਨੂਰਦੀਪ ਨੂਰ ਨੇ ਲੁੱਟਿਆ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪਿੰਡ ਗੁੱਝਾਪੀਰ ਵਿਖੇ ਪੰਜ ਪੀਰਾਂ ਦੇ ਦਰਬਾਰ 'ਤੇ ਸਾਲਾਨਾ ਮੇਲਾ ਨਗਰ ਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਦਰਬਾਰ 'ਤੇ ਝੰਡਾ ਚਾਦਰ ਚੜ੍ਹਾਉਣ ਦੀ ਰਸਮ ਮੁੱਖ ਸੇਵਾਦਾਰ ਬਾਬਾ ਗੁਰਨਾਮ ਸਿੰਘ ਅਤੇ ਪਿੰਡ ਵਾਸੀਆਂ ਦੀ ਅਗਵਾਈ ਵਿੱਚ ਨਿਭਾਈ ਗਈ।ਲੰਗਰ ਭੰਡਾਰਾ ਵੀ ਅਤੁੱਟ ਵਰਤਾਇਆ ਗਿਆ।ਇਸ ਪਿਛੋਂ ਪੰਜਾਬ ਦੀ ਪ੍ਰਸਿੱਧ ਦੁਗਾਣਾ ਜੋੜੀ ਸ਼ੇਰਾ ਬੋਹੜਵਾਲੀਆ ਅਤੇ ਮੈਡਮ ਨੂਰਦੀਪ ਨੂਰ ਆਪਣੇ ਨਵੇਂ ਪੁਰਾਣੇ ਗੀਤਾਂ ਰਾਹੀਂ ਐਸਾ ਰੰਗ ਬੰਨ੍ਹਿਆ ਕਿ ਮੰਤਰਮੁਗਧ ਸਰੋਤਿਆਂ ਨੂੰ ਗਰਮੀ ਦਾ ਅਹਿਸਾਸ ਵੀ ਨਹੀਂ ਰਿਹਾ।

ਦੋਗਾਣਾ ਜੋੜੀ ਨੇ ਚਰਚਿਤ ਗੀਤ ਗਾ ਕੇ ਤਕਰੀਬਨ ਤਿੰਨ ਘੰਟੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਚੰਗਾ ਰੰਗ ਬੰਨ੍ਹਿਆ।ਇਸ ਮੌਕੇ ਕਮੇਟੀ ਮੈਂਬਰ ਸਰਪੰਚ ਹਰਪ੍ਰੀਤ ਸਿੰਘ ਗੁੱਝਾਪੀਰ, ਸਾਬਕਾ ਚੈਅਰਮੈਨ ਰੁਪਿੰਦਰ ਸਿੰਘ ਰੂਬੀ ਗੁੱਝਾਪੀਰ, ਸੁੱਖ ਪਵਾਰ ਗੁੱਝਾਪੀਰ, ਲੋਕ ਗਾਇਕ ਜਸਵੰਤ ਜੋਸ਼ੀਲਾ, ਕੁਲਦੀਪ ਸਿੰਘ ਲਾਹੌਰੀਆ, ਗੁਰਵੇਲ ਸਿੰਘ ਥਾਣੇਦਾਰ, ਗਿਆਨ ਚੰਦ ਹਲਵਾਈ, ਅਮਰਪ੍ਰੀਤ ਸਿੰਘ ਗੁੱਝਾਪੀਰ, ਸਵਰਨ ਸਿੰਘ ਲਾਹੌਰੀਆ, ਮਿਸਤਰੀ ਸਤਨਾਮ ਸਿੰਘ ਸੱਤਾ ਵੈਲਡਿੰਗ ਵਾਲੇ, ਪਲਵਿੰਦਰ ਸਿੰਘ ਮਿਸਤਰੀ, ਸੁਖਦੇਵ ਰਾਜ, ਸੁਖਜੀਤ ਸਿੰਘ, ਜੋਬਨਪ੍ਰੀਤ ਸਿੰਘ, ਮੇਜਰ ਸਿੰਘ ਰੰਧਾਵਾ, ਮੰਗਾ ਦੁਬਈ ਵਾਲੇ, ਗੁਰਸੇਵਕ ਸਿੰਘ ਔਲਖ, ਸਮਾਜ ਸੇਵੀ ਦਵਿੰਦਰ ਸਿੰਘ ਔਲਖ, ਦਿਲਾਵਰ ਸਿੰਘ ਔਲਖ, ਸ਼ਮਸ਼ੇਰ ਸਿੰਘ ਸ਼ੇਰਾ ਅਜਨਾਲਾ, ਬਲਵਿੰਦਰ ਸਿੰਘ ਬਿੰਦਾ, ਬਬਲੂ ਸ਼ਾਹ ਅਜਨਾਲਾ, ਲਵਪ੍ਰੀਤ ਸਿੰਘ, ਸੋਨੂੰ ਗੁੱਝਾਪੀਰ ਆਦਿ ਹਾਜ਼ਰ ਸਨ।

# ਡਾ. ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ 18 ਨੂੰ




**ਗੁਰਦਾਸਪੁਰ/ਧਾਰੀਵਾਲ, (ਜਨਕ ਮਹਾਜਨ, ਮਨਦੀਪ ਵਿੱਕੀ)**-ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਵਿਸ਼ੇਸ਼ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਸਾਹਿਤ ਕੇਂਦਰ ਦੇ ਪ੍ਰਧਾਨ ਡਾ. ਲੇਖਰਾਜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਜ਼ਿਲ੍ਹਾ ਸਾਹਿਤ ਕੇਂਦਰ ਵਲੋਂ ਸਾਹਿਤਕ ਸਰਗਰਮੀਆਂ ਪ੍ਰਤੀ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸਰਬਸੰਮਤੀ ਨਾਲ ਇਸ ਵਾਰ ਦਾ ਸਾਲਾਨਾ ਕਵੀ ਦਰਬਾਰ ਡਾ. ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਕਰਨ ਅਤੇ ਇਸ ਦੇ ਨਾਲ ਹੀ ਜ਼ਿਲ੍ਹਾ ਸਾਹਿਤ ਕੇਂਦਰ ਦੇ ਸਾਬਕਾ ਪ੍ਰਧਾਨ ਮਰਹੂਮ ਪ੍ਰੋ. ਕਿਰਪਾਲ ਸਿੰਘ ਯੋਗੀ ਦੀ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਨੂੰ ਦੇਣ ਨੂੰ ਵੀ ਯਾਦ ਕਰਨ ਦਾ ਫੈਸਲਾ ਲਿਆ ਗਿਆ। ਇਸ ਮੌਕੇ ਸਾਹਿਤਕ ਪ੍ਰੋਗਰਾਮ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ 18 ਅਗਸਤ ਦਿਨ ਐਤਵਾਰ ਨੂੰ ਕਰਨ ਦਾ ਫ਼ੈਸਲਾ ਹੋਇਆ। ਇਸ ਮੌਕੇ ਮੱਖਣ ਕੁਹਾੜ, ਡਾ. ਲੇਖ ਰਾਜ, ਸੀਤਲ ਸਿੰਘ ਗੁੰਨੋਪੁਰੀ, ਡਾ. ਰਜਵਿੰਦਰ ਕੌਰ ਨਾਗਰਾ, ਮੰਗਤ ਚੰਚਲ, ਗੁਰਮੀਤ ਬਾਜਵਾ, ਗੁਰਪ੍ਰੀਤ ਰੰਗੀਲਪੁਰ, ਬੂਟਾ ਰਾਮ ਆਜਾਦ, ਸੁੱਚਾ ਸਿੰਘ ਪਸਨਾਵਾਲਾ, ਨਿਸ਼ਾਨ ਸਿੰਘ, ਸੋਹਣ ਸਿੰਘ ਅਤੇ ਕਪੂਰ ਸਿੰਘ ਘੁੰਮਣ ਨੇ ਭਾਗ ਲਿਆ। ਅਖੀਰ ਵਿੱਚ ਪ੍ਰਧਾਨ ਡਾ. ਲੇਖ ਰਾਜ ਵੱਲੋਂ ਜ਼ਿਲ੍ਹਾ ਸਾਹਿਤ ਕੇਂਦਰ ਦੇ ਮੈਂਬਰਾਂ ਨੂੰ ਸਾਹਿਤ ਦੀ ਸੇਵਾ ਤਨਦੇਹੀ ਨਾਲ ਕਰਨ ਅਤੇ ਮਿਆਰੀ ਸਾਹਿਤ ਲਿਖਣ ਹਿੱਤ ਪ੍ਰੇਰਿਤ ਕੀਤਾ।

# ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਨੇ ਕਾਰਜਭਾਰ ਸੰਭਾਲਿਆ



**ਵੇਰਕਾ (ਰਾਣਾ)**-ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਵਧੀਕ ਮੁੱਖ ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਸਰਕਾਰ ਐੱਸ. ਏ. ਐੱਸ. ਨਗਰ ਦੇ ਹੁਕਮਾਂ ਮੁਤਾਬਕ ਸੁਪਰਡੈਂਟ ਗ੍ਰੇਡ-2 ਪਲਵਿੰਦਰ ਸਿੰਘ ਲੁੱਧੜ ਦੀ ਬਦਲੀ ਲੋਕ ਹਿੱਤ ਵਿੱਚ ਬੀ. ਡੀ. ਪੀ. ਓ. ਦਫ਼ਤਰ ਤਰਸਿੱਕਾ ਅੰਮ੍ਰਿਤਸਰ ਤੋਂ ਬੀ. ਡੀ. ਪੀ. ਓ. ਦਫ਼ਤਰ ਮਜੀਠਾ ਵਿਖੇ ਕੀਤੀ ਗਈ ਹੈ।ਬਦਲੀ ਹੋਣ ਉਪਰੰਤ ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਨੇ ਬਲਾਕ ਮਜੀਠਾ ਵਿਖੇ ਆਪਣੀ ਸੀਟ ਦਾ ਕਾਰਜਭਾਰ ਸੰਭਾਲ ਲਿਆ ਹੈ।ਇਸ ਮੌਕੇ ਬਲਾਕ ਦੇ ਸਮੂਹ ਸਟਾਫ ਮੈਂਬਰਾਂ ਨੇ ਉਨ੍ਹਾਂ ਨੂੰ ਜੀ ਆਇਆਂ ਕਹਿੰਦੇ ਹੋਏ ਭਰਪੂਰ ਸਵਾਗਤ ਕੀਤਾ।

# ਨੌਜਵਾਨ ਵੱਲੋਂ ਨਸ਼ੇ ਦਾ ਟੀਕਾ ਲਗਾਉਂਦੇ ਦੀ ਵੀਡੀਓ ਵਾਇਰਲ

## * ਪੱਟੀ ਹਲਕੇ 'ਚ ਕਾਨੂੰਨ ਵਿਵਸਥਾ ਦਾ ਰੱਬ ਰਾਖਾ !



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸੇਰ ਸਿੰਘ ਯੋਧਾ)**-ਸਥਾਨਕ ਸ਼ਹਿਰ ਦੇ ਬੱਸ ਸਟੈਂਡ ਅੰਦਰ ਕਾਊਂਟਰ 'ਤੇ ਬੈਠ ਨੌਜਵਾਨ ਵੱਲੋਂ ਨਸ਼ੇ ਦਾ ਟੀਕਾ ਲਗਾਉਣ ਦੀ ਵੀਡੀਓ ਵਾਇਰਲ ਹੋਣ ਨਾਲ ਨਸ਼ੇ ਦੇ ਖਾਤਮੇ ਲਈ ਸੂਬਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੇ ਦਾਅਵਿਆਂ ਦੀ ਪੋਲ ਖੋਲ੍ਹ ਗਈ ਹੈ।ਬੱਸ ਸਟੈਂਡ ਅੰਦਰ ਸਵਾਰੀਆਂ, ਡਰਾਈਵਰਾਂ, ਕੰਡਕਟਰਾਂ ਦੀ ਭੀੜ ਦੀ ਪ੍ਰਵਾਹ ਨਾ ਕਰਦੇ ਹੋਏ ਨੌਜਵਾਨ ਨੇ ਸ਼ਰੇਆਮ ਇਹ ਕਾਰਾ ਕੀਤਾ। ਪਿੰਡਾਂ ਤੇ ਸ਼ਹਿਰਾਂ 'ਚ ਨਸ਼ੇ ਨੂੰ ਖਤਮ ਕਰਨ ਲਈ ਲਗਾਏ ਜਾ ਰਹੇ ਸੈਮੀਨਾਰ ਮਹਿਜ਼ ਖਾਨਾਪੂਰਤੀ ਹੈ ।ਜੇਕਰ ਭੀੜਭਾੜ ਵਾਲੀ ਜਗ੍ਹਾ 'ਤੇ ਨੌਜਵਾਨ ਵੱਲੋਂ ਬੇਖੌਫ ਹੋ ਕੇ ਨਸ਼ੇ ਦਾ ਟੀਕਾ ਲਗਾਇਆ ਜਾ ਰਿਹਾ ਤਾਂ ਪਿੰਡਾਂ/ਕਸਬਿਆਂ ਦਾ ਤਾਂ ਰੱਬ ਹੀ ਰਾਖਾ।ਅਨੇਕਾਂ ਥਾਣਾ ਮੁਖੀਆਂ ਦੇ ਤਬਾਦਲੇ ਕੀਤੇ ਗਏ ਪਰ ਰਿਜ਼ਲਟ ਜ਼ੀਰੋ ਰਿਹਾ।ਆਮ ਆਦਮੀ ਪਾਰਟੀ ਵੱਲੋਂ ਚੋਣਾਂ ਮੌਕੇ ਸੂਬੇ ਅੰਦਰੋਂ ਚੰਦ ਮਹੀਨਿਆਂ ਅੰਦਰ ਨਸ਼ੇ ਨੂੰ ਖਤਮ ਕਰਨ ਲਈ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ ਪਰ ਅੱਜ ਸੂਬੇ ਅੰਦਰ ਨਸ਼ਾ ਖਤਮ ਹੋਣ ਦੀ ਬਜਾਏ ਤੇਜ਼ੀ ਨਾਲ ਵਧਿਆ ਹੈ। ਨਸ਼ੇ ਦੀ ਦਲਦਲ ਵਿਚ ਫਸੇ ਲੋਕਾਂ ਵੱਲੋਂ ਨਸ਼ੇ ਦੀ ਪੂਰਤੀ ਲਈ ਚੋਰੀਆਂ, ਲੁੱਟਾਂ-ਖੋਹਾਂ ਤੇ ਡਕੈਤੀਆਂ ਵਰਗੀਆਂ ਘਟਨਾਵਾਂ ਨੂੰ ਚਿੱਟੇ ਦਿਨ ਅੰਜਾਮ ਦਿੱਤਾ ਜਾ ਰਿਹਾ।ਸੂਬਾ ਸਰਕਾਰ ਤੇ ਪੁਲਸ ਪ੍ਰਸ਼ਾਸਨ ਘੂਕ ਨੀਂਦ 'ਚ ਸੁੱਤਾ ਪਿਆ ਹੈ।ਕਾਨੂੰਨ ਵਿਵਸਥਾ ਜਿਵੇਂ ਖੰਭ ਲਾ ਕੇ ਉਡ ਗਈ ਹੋਵੇ।ਪੱਟੀ ਹਲਕੇ ਦਾ ਤਾਂ ਆਲਮ ਇਹ ਹੈ ਕਿ ਚਿੱਟੇ ਦਿਨ ਲੋਕਾਂ ਨੂੰ ਸੜਕਾਂ ਤੇ ਲੁਟੇਰਿਆਂ ਵੱਲੋਂ ਆਪਣਾ ਨਿਸ਼ਾਨਾ ਬਣਾਇਆ ਜਾ ਰਿਹਾ। ਰਾਤ ਨੂੰ ਨਸ਼ੇੜੀਆਂ ਵੱਲੋਂ ਕਿਸਾਨਾਂ ਦੀਆਂ ਮੋਟਰਾਂ ਤੋਂ ਤਾਰਾਂ ਤੇ ਖੇਤੀਬਾੜੀ ਨਾਲ ਸਬੰਧਤ ਸੰਦ ਚੋਰੀ ਕੀਤੇ ਜਾ ਰਹੇ ਹਨ।ਪੁਲਸ ਚੋਰਾਂ ਨੂੰ ਫੜਨ 'ਚ ਪੂਰੀ ਤਰ੍ਹਾਂ ਨਾਕਾਮ ਸਾਬਿਤ ਹੋ ਰਹੀ।ਆਖਿਰ ਕਦੋਂ ਤੱਕ ਸਿਆਸੀ ਪਾਰਟੀਆਂ ਵੱਲੋਂ ਨੌਜਵਾਨਾਂ ਦੀਆਂ ਲਾਸ਼ਾਂ 'ਤੇ ਨਸ਼ੇ ਦੇ ਖਾਤਮੇ ਨੂੰ ਲੈ ਕੇ ਸਿਆਸਤ ਚਲਦੀ ਰਹੇਗੀ? ਬੁਢੇਪੇ 'ਚ ਮਾਂ-ਬਾਪ ਨੂੰ ਸਹਾਰਾ ਦੇਣ ਵਾਲੇ ਨੌਜਵਾਨਾਂ ਦੀਆਂ ਲਾਸ਼ਾਂ ਮਾਪੇ ਚੁੱਕਦੇ ਰਹਿਣਗੇ।ਇਸ ਮਾਮਲੇ ਸਬੰਧੀ ਥਾਣਾ ਸਿਟੀ ਮੁਖੀ ਜਸਪਾਲ ਸਿੰਘ ਨਾਲ ਫੋਨ 'ਤੇ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸੰਪਰਕ ਨਹੀਂ ਹੋ ਸਕਿਆ।

# ਅਭੁੱਲ ਯਾਦਾਂ ਛੱਡਦਾ 'ਤੀਸਰਾ ਸੁਰ ਉਤਸਵ-2024' ਸਮਾਪਤ

## * ਦਰਸ਼ਕਾਂ ਤੇ ਸੰਗੀਤ ਪ੍ਰੇਮੀਆਂ ਵੱਲੋਂ ਮਿਲਿਆ ਭਰਵਾਂ ਹੁੰਗਾਰਾ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਯੂ. ਐੱਨ. ਐਂਟਰਟੇਨਮੈਂਟ ਸੁਸਾਇਟੀ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਵਿਸ਼ੇਸ਼ ਸਹਿਯੋਗ ਨਾਲ ਅਦਾਕਾਰਾਂ, ਸੰਗੀਤਕਾਰਾਂ ਅਤੇ ਗਾਇਕਾਵਾਂ ਨੂੰ ਸਮਰਪਿਤ 8 ਰੋਜ਼ਾ ਤੀਸਰਾ 'ਸੁਰ ਉਤਸਵ 2024' ਦੇ ਅਠਵੇਂ ਅਤੇ ਆਖਰੀ ਦਿਨ ਮੁੱਖ ਮਹਿਮਾਨ ਪੀ. ਸੀ. ਐਸ. ਅਫਸਰ ਖਹਿਰਾ ਅਤੇ ਰਮਨ ਬਖ਼ਸ਼ੀ (ਸਾਬਕਾ ਡਿਪਟੀ ਮੇਅਰ) ਨੇ ਸ਼ਿਰਕਤ ਕੀਤੀ। ਸੁਰ ਉਤਸਵ ਦਾ ਅੱਠਵਾਂ ਦਿਨ ਭਾਰਤ ਦੇ ਮਹਾਨ ਅਤੇ ਪ੍ਰਸਿੱਧ ਗਾਇਕ ਸਵ: ਜਨਾਬ ਮੁਹੰਮਦ ਰਫ਼ੀ ਸਾਹਿਬ ਨੂੰ ਸਮਰਪਿਤ ਕੀਤਾ। ਪ੍ਰੋਗਰਾਮ ਦੇ ਸੰਚਾਲਕ ਗਾਇਕ ਹਰਿੰਦਰ ਸੋਹਲ ਨੇ ਰਫ਼ੀ ਸਾਹਿਬ ਦੀ ਸੰਘਰਸ਼ ਭਰੀ ਜ਼ਿੰਦਗੀ ਨੂੰ ਦਰਸ਼ਕਾਂ ਨਾਲ ਸਾਂਝਾ ਕੀਤਾ। ਉਨ੍ਹਾਂ ਨੇ ਕਿਹਾ ਕਿ ਰਫ਼ੀ ਸਾਹਿਬ ਦਾ ਨਾਂਅ ਰਹਿੰਦੀ ਦੁਨੀਆ ਤੱਕ ਯਾਦ ਰਹੇਗਾ। ਰਫ਼ੀ ਸਾਹਿਬ ਬਾਲੀਵੁੱਡ ਹੀ ਨਹੀਂ, ਪੂਰੀ ਦੁਨੀਆ ਦੇ ਬਹੁਤ ਹੀ ਮਸ਼ਹੂਰ ਗਾਇਕ ਸਨ। ਉਨ੍ਹਾਂ ਵੱਲੋਂ ਗਾਏ ਗੀਤ ਅੱਜ ਵੀ ਬਹੁਤ ਖੂਬ ਪਸੰਦ ਕੀਤੇ ਜਾਂਦੇ ਹਨ। ਇਸ ਸੰਗੀਤਮਈ ਸ਼ਾਮ ਦੇ ਆਖ਼ਰੀ ਦਿਨ ਮੁਹੰਮਦ ਰਫ਼ੀ ਸਾਹਿਬ ਦੇ ਗੀਤ ਗਾਇਕ ਹਰਿੰਦਰ ਸੋਹਲ ਨੇ ਪੇਸ਼ ਕੀਤੇ। ਪੰਜਾਬ ਦੇ ਪ੍ਰਸਿੱਧ ਸੰਗੀਤਕਾਰ ਦੇਵੀ ਸ਼ਰਮਾ ਨੂੰ ਇਸ ਸਾਲ ਦਾ ਰਫ਼ੀ ਰਤਨ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸੁਰ ਉਤਸਵ ਦੇ ਮੁੱਖ ਮਹਿਮਾਨ ਰਮਨ ਬਖ਼ਸ਼ੀ ਅਤੇ ਖ਼ਹਿਰਾ ਸਾਹਿਬ ਨੇ ਯੂ. ਐੱਨ. ਐਂਟਰਟੇਨਮੈਂਟ ਵੱਲੋਂ ਪ੍ਰੋਗਰਾਮ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਰਾਣਾ ਪ੍ਰਤਾਪ ਸ਼ਰਮਾ, ਗੁਰਪ੍ਰੀਤ ਸਿੰਘ, ਜਗਦੀਪ ਹੀਰ, ਮਨਪ੍ਰੀਤ ਸੋਹਲ, ਸਾਵਨ ਵੇਰਕਾ, ਗੋਬਿੰਦ ਕੁਮਾਰ, ਉਪਾਸਨਾ ਭਾਰਦਵਾਜ, ਬਿਕਰਮ ਸਿੰਘ, ਸਾਊਂਡ ਆਪਰੇਟਰ ਰਘੂ ਕੁਮਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਉਪਾਸਨਾ ਭਾਰਦਵਾਜ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਵਿਰਸਾ ਵਿਹਾਰ ਦੇ ਸਕੱਤਰ ਰਮੇਸ਼ ਯਾਦਵ, ਗੁਰਦੇਵ ਸਿੰਘ ਮਹਿਲਾਂਵਾਲਾ, ਟੀ. ਐੱਸ. ਰਾਜਾ, ਅਦਾਕਾਰ ਗੁਰਤੇਜ ਮਾਨ, ਪੂਜਾ ਸ਼ਰਮਾ, ਗੁਰਦੇਵ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗੀਤ ਪ੍ਰੇਮੀ ਹਾਜ਼ਰ ਸਨ।

# ਵਾਲਮੀਕਿ ਟਾਈਗਰ ਫੋਰਸ ਧਾਰੀਵਾਲ ਨੇ ਵੱਖ-ਵੱਖ ਥਾਵਾਂ 'ਤੇ ਲਗਾਏ ਬੂਟੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਸੂਬੇ ਨੂੰ ਹਰਿਆ ਭਰਿਆ ਰੱਖਣ ਲਈ ਬੂਟੇ ਲਗਾਓ ਮੁਹਿੰਮ (ਮਿਸ਼ਨ ਹਰਿਆਲੀ 2024) ਦੀ ਸ਼ੁਰੂਆਤ ਵੱਖ-ਵੱਖ ਜਥੇਬੰਦੀਆਂ ਦੇ ਅਹੁਦੇਦਾਰਾਂ ਵਲੋਂ ਇੱਕਜੁੱਟ ਹੋ ਕੇ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਵਾਲਮੀਕ ਟਾਈਗਰ ਫੋਰਸ ਆਲ ਇੰਡੀਆ ਦੇ ਪ੍ਰਧਾਨ ਅਜੈ ਖੋਸਲਾ ਅਤੇ ਵਾਇਸ ਪ੍ਰਧਾਨ ਵਿੱਕੀ ਚੀਦਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਧਾਰੀਵਾਲ ਵਿੱਚ ਵਾਲਮੀਕ ਟਾਈਗਰ ਫੋਰਸ ਧਾਰੀਵਾਲ ਦੇ ਪ੍ਰਧਾਨ ਪਵਨ ਵੱਡਾ, ਕ੍ਰਿਸ਼ਚੀਅਨ ਨੈਸ਼ਨਲ ਫਰੰਟ ਪੰਜਾਬ ਪ੍ਰਧਾਨ ਬਾਬਾ ਗਿੱਲ ਪ੍ਰਧਾਨ, ਪੰਜਾਬ ਕ੍ਰਿਸਚੀਅਨ ਫੈਡਰੇਸ਼ਨ ਧਾਰੀਵਾਲ ਦੇ ਪ੍ਰਧਾਨ ਮੋਨੂ ਚੀਦਾ ਪ੍ਰੈਜ਼ੀਡੈਂਟ, ਲਾਈਨ ਆਫ ਯਹੂਦਾ ਸਪੋਰਟਸ ਕਲੱਬ ਧਾਰੀਵਾਲ ਦੇ ਪ੍ਰਧਾਨ ਆਸੂ, ਸਮਾਜ ਸੇਵੀ ਹੈਰੀ, ਰਿਟਾਇਰ ਡੀਐਫਓ ਸੀਮ ਭੱਟੀ, ਸਫਾਈ ਸੇਵਕ ਯੂਨੀਅਨ ਧਾਰੀਵਾਲ ਦੇ ਸਿਕੰਦਰ ਨਾਹਰ ਵਲੋਂ ਆਪਸੀ ਸਹਿਯੋਗ ਨਾਲ ਪਿਛਲੇ ਕੁੱਝ ਦਿਨਾਂ ਤੋਂ ਸ਼ਹਿਰ ਵਿੱਚ ਚਰਚਾਂ (ਗਿਰਜਾ ਘਰਾਂ), ਗਰਾਊਂਡਾਂ, ਸੜਕਾਂ ਦੇ ਕਿਨਾਰੇ, ਸਕੂਲਾਂ ਅਤੇ ਕਲੋਨੀਆਂ ਵਿੱਚ ਵੱਖ-ਵੱਖ ਕਿਸਮਾਂ ਦੇ ਫਲਦਾਰ ਅਤੇ ਫੁੱਲਦਾਰ ਬੂਟੇ ਲਾਏ ਜਾ ਰਹੇ ਹਨ ਅਤੇ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਇਨ੍ਹਾਂ ਬੂਟਿਆਂ ਵੱਲ ਵਿਸ਼ੇਸ਼ ਧਿਆਨ ਦੇ ਕੇ ਇਨ੍ਹਾਂ ਦੀ ਸੰਭਾਲ ਕੀਤੀ ਜਾਵੇ ਅਤੇ ਸਮੇਂ ਸਮੇਂ ਤੇ ਪਾਣੀ ਦਿੱਤਾ ਜਾਵੇ।

# ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਭਗਤਪੁਰਾ ਵਿਖੇ ਡੇਂਗੂ ਤੇ ਚਿਕਨਗੁਨੀਆ ਬਾਰੇ ਕੀਤਾ ਜਾਗਰੂਕ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਭਗਤਪੁਰਾ ਸਟੇਸ਼ਨ ਵਾਲਾ ਬਲਾਕ ਕਾਦੀਆਂ -1 ਵਿਖੇ ਡੇਂਗੂ ਅਤੇ ਚਿਕਨਗੁਨੀਆ ਦੀਆਂ ਬਿਮਾਰੀਆਂ ਦੇ ਸਬੰਧੀ ਹੈਲਥ ਸੈਂਟਰ ਕਾਹਲਵਾਂ ਦੇ ਹੈਲਥ ਵਰਕਰ ਕੁਲਦੀਪ ਸਿੰਘ ਵੱਲੋਂ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਜਾਗਰੂਕ ਕੀਤਾ ਗਿਆ ।ਇਸ ਮੌਕੇ ਜਾਣਕਾਰੀ ਦਿੰਦਿਆਂ ਹੈਲਥ ਵਰਕਰ ਨੇ ਇਨ੍ਹਾਂ ਬਿਮਾਰੀਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਕਿ ਇਹ ਮੱਛਰ ਸਾਫ ਅਤੇ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਸਿਰਫ ਦਿਨ ਵੇਲੇ ਕੱਟਦਾ ਹੈ। ਡੇਂਗੂ ਦੇ ਲੱਛਣ ਵਿਅਕਤੀ ਨੂੰ ਤੇਜ ਬੁਖ਼ਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਦੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਤੇ ਨੱਕ ਵਿੱਚੋਂ ਖੂਨ ਦਾ ਵਗਣਾ ਆਦਿ ਹਨ। ਇਸੇ ਤਰ੍ਹਾਂ ਚਿਕਨਗੁਨੀਆ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਵਿੱਚ ਵੀ ਵਿਅਕਤੀ ਨੂੰ ਤੇਜ਼ ਬੁਖ਼ਾਰ, ਸਿਰ ਦਰਦ, ਜੋੜਾਂ ਵਿੱਚ ਦਰਦ, ਸੋਜ, ਚਮੜੀ ਤੇ ਦਾਣੇ ਅਤੇ ਖਾਰਸ਼ ਆਦਿ ਮਰੀਜ਼ ਨੂੰ ਹੁੰਦੀ ਹੈ। ਇਸ ਦੇ ਬਚਾਓ ਦੇ ਤਰੀਕੇ ਹਨ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰੋ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟ ਸਕੇ। ਸੌਣ ਵੇਲੇ ਮੱਛਰਦਾਨੀ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦਾ ਇਸਤੇਮਾਲ ਕਰੋ, ਬੁਖਾਰ ਹੋਣ ਤੇ ਐਸਪਰੀਨ ਅਤੇ ਬਰੂਫਿਨ ਨਾ ਲਵੋ। ਬੁਖਾਰ ਹੋਣ ਤੇ ਸਿਰਫ ਪੈਰਾਸਿਟਾਮੋਲ ਹੀ ਲਵੋ। ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰੋ, ਟੁੱਟੇ ਬਰਤਨਾਂ ਤੇ ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ। ਪਾਣੀ ਜਾਂ ਤਰਲ ਚੀਜ਼ਾਂ ਜ਼ਿਆਦਾ ਪੀਓ ਅਤੇ ਆਰਾਮ ਕਰੋ ਅਤੇ ਹਰ ਸ਼ੁੱਕਰਵਾਰ ਡਰਾਈ ਡੇ ਵਜੋਂ ਮਨਾਓ ਕਿਉਂਕਿ ਡੇਂਗੂ ਦਾ ਮੱਛਰ ਇੱਕ ਹਫਤੇ ਵਿੱਚ ਆਂਡੇ ਤੋਂ ਪੂਰਾ ਮੱਛਰ ਬਣਦਾ ਹੈ। ਇਸ ਲਈ ਕੂਲਰਾਂ, ਗਮਲਿਆਂ, ਫਰਿਜਾਂ ਟਰੇਆਂ ਅਤੇ ਹੋਰ ਪਾਣੀ ਦੇ ਭਾਂਡਿਆ ਨੂੰ ਹਫਤੇ ਦੇ ਹਰੇਕ ਸ਼ੁੱਕਰਵਾਰ ਨੂੰ ਸਾਫ ਕਰਕੇ ਸੁੱਕਾ ਰੱਖਿਆ ਜਾਵੇ। ਇਸ ਮੌਕੇ ਸਕੂਲ ਦੇ ਹੈਡਮਾਸਟਰ ਨੰਦ ਲਾਲ ਤੋਂ ਇਲਾਵਾ ਗੁਰਪ੍ਰੀਤ ਸਿੰਘ, ਵਿਜੇ ਕੁਮਾਰ, ਅੰਜਲੀ, ਮਾਲਾ ਰਾਣੀ ਅਤੇ ਮੈਡਮ ਸੋਨੀਆ ਆਦਿ ਤੋਂ ਇਲਾਵਾ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਨਵਾਂ ਵਿੱਦਿਅਕ ਸੈਸ਼ਨ ਆਰੰਭ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਪ੍ਰਿੰ. ਡਾ. ਗੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਆਰੰਭਤਾ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਵਿਖੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕਾਲਜ ਵਿਦਿਆਰਥੀਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਕਾਲਜ ਦੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਕਾਲਜ ਪ੍ਰੋਫ਼ੈਸਰ ਡਾ. ਆਤਮਾ ਸਿੰਘ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਹੋਏ ਕਾਲਜ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਨੂੰ ਕਾਲਜ ਦੇ ਸੰਖੇਪ ਇਤਿਹਾਸ ਤੋਂ ਜਾਣੂ ਕਰਵਾਇਆ। ਕਾਲਜ ਵਿਦਿਆਰਥਣ ਜੈਸਮੀਨ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਆਪਣੇ ਸਾਥੀ ਵਿਦਿਆਰਥੀਆਂ ਨੂੰ ਕਾਲਜ ਵਿੱਚ ਪੜ੍ਹਦਿਆਂ ਪੜ੍ਹਾਈ ਦੇ ਨਾਲ-ਨਾਲ ਚੰਗੇ ਵਿਚਾਰਾਂ ਦੇ ਧਾਰਨੀ ਬਣਨ, ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਦੀ ਗੱਲ ਆਖੀ। ਕਾਲਜ ਵਿਦਿਆਰਥੀ ਸਤਨਾਮ ਸਿੰਘ ਨੇ ਆਪਣੀ ਕਵਿਤਾ ਰਾਹੀਂ ਵਿਦਿਆਰਥੀ ਵਰਗ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਕਾਲਜ ਪ੍ਰਿੰ. ਡਾ.ਗੁਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਵਿਦਿਆਰਥੀਆਂ ਨੂੰ ਕਾਲਜ ਦੇ ਇਤਿਹਾਸ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਨੂੰ ਵਿਦਿਅਕ, ਧਾਰਮਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚ ਪ੍ਰਪੱਕਤਾ ਹਾਸਲ ਕਰਨ ਦੀ ਤਾਕੀਦ ਕੀਤੀ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

31-JULY-PAGE-1.qxd 7/30/2024 10:55 PM Page 1


ਬੁੱਧਵਾਰ, 31 ਜੁਲਾਈ, 2024

16 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 60

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 31 JULY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 16


# ਪੈਰਿਸ ਤੋਂ ਆਈਆਂ ਮਹਿਕਾਂ

## ਮਨੂੰ ਤੇ ਸਰਬਜੋਤ ਦੀ ਜੋੜੀ ਨੇ ਕਾਂਸੀ ਤਮਗਾ ਜਿੱਤਿਆ, ਤੀਰਅੰਦਾਜ਼ ਭਜਨ ਕੌਰ ਪ੍ਰੀ-ਕੁਆਰਟਰ ਫਾਈਨਲ 'ਚ, ਹਾਕੀ 'ਚ ਤੀਜੀ ਜਿੱਤ, ਬੈਡਮਿੰਟਨ ਡਬਲਜ਼ ਮੁਕਾਬਲਾ ਵੀ ਜਿੱਤਿਆ




**ਚੈਟੇਰੌਕਸ** : ਭਾਰਤੀ ਨਿਸ਼ਾਨੇਬਾਜ਼ਾਂ ਮਨੂੰ ਭਾਕਰ ਅਤੇ ਸਰਬਜੋਤ ਸਿੰਘ ਨੇ ਉਲੰਪਿਕ ਖੇਡਾਂ ਦੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਮੁਕਾਬਲੇ 'ਚ ਮੰਗਲਵਾਰ ਕਾਂਸੀ ਦਾ ਤਮਗਾ ਜਿੱਤਿਆ। ਮਨੂੰ ਤੇ ਸਰਬਜੋਤ ਦੀ ਜੋੜੀ ਨੇ ਦੱਖਣੀ ਕੋਰੀਆ ਦੀ ਲੀ ਵੋਨੋਹੋ ਤੇ ਓਹ ਯੇਹ ਜਿਨ ਦੀ ਜੋੜੀ ਨੂੰ 16-10 ਨਾਲ ਹਰਾਇਆ।

ਹਰਿਆਣਾ ਦੇ ਝੱਜਰ ਦੀ 22 ਸਾਲਾ ਮਨੂੰ ਭਾਕਰ ਨੇ ਇਸ ਤੋਂ ਪਹਿਲਾਂ 10 ਮੀਟਰ ਏਅਰ ਪਿਸਟਲ ਦੇ ਵਿਅਕਤੀਗਤ ਮੁਕਾਬਲੇ 'ਚ ਕਾਂਸੀ ਦਾ ਤਮਗਾ ਫੁੰਡਿਆ ਸੀ। ਆਜ਼ਾਦ ਭਾਰਤ ਵਿਚ ਇਕ ਉਲੰਪਿਕ ਵਿਚ ਦੋ ਤਮਗੇ ਜਿੱਤਣ ਵਾਲੀ ਮਨੂੰ ਭਾਕਰ ਪਹਿਲੀ ਭਾਰਤੀ ਬਣ ਗਈ ਹੈ। ਮਨੂੰ ਤੋਂ ਪਹਿਲਾਂ ਅੰਗਰੇਜ਼ਾਂ ਦੇ ਰਾਜ ਵੇਲੇ ਬ੍ਰਿਟਿਸ਼-ਇੰਡੀਅਨ ਨੌਰਮੈਨ ਪ੍ਰਿਟਚਾਰਡ ਨੇ 1900 ਦੀ ਉਲੰਪਿਕ ਵਿਚ 200 ਮੀਟਰ ਸਪ੍ਰਿੰਟ ਤੇ 200 ਮੀਟਰ ਹਰਡਲਜ਼ ਵਿਚ ਚਾਂਦੀ ਦੇ ਤਮਗੇ ਜਿੱਤੇ ਸਨ। ਮਨੂੰ ਨੇ 2 ਅਗਸਤ ਨੂੰ 25 ਮੀਟਰ ਏਅਰ ਪਿਸਟਲ ਕੁਆਲੀਫਿਕੇਸ਼ਨ ਮੁਕਾਬਲੇ ਵਿਚ ਵੀ ਹਿੱਸਾ ਲੈਣਾ ਹੈ।

ਅੰਬਾਲੇ ਧੀਣ ਪਿੰਡ ਦੇ ਕਿਸਾਨ ਜਤਿੰਦਰ ਸਿੰਘ ਦੇ ਬੇਟੇ ਸਰਬਜੋਤ ਦੀ ਪ੍ਰਾਪਤੀ ਵੀ ਅਹਿਮ ਹੈ। ਉਹ ਸ਼ਨੀਵਾਰ ਵਿਅਕਤੀਗਤ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿਚ 577 ਸਕੋਰ ਬਣਾ ਕੇ ਨੌਵੇਂ ਨੰਬਰ 'ਤੇ ਰਿਹਾ ਸੀ ਤੇ ਤਮਗੇ ਤੋਂ ਖੁੰਝ ਗਿਆ ਸੀ।

ਹਾਕੀ ਵਿਚ ਭਾਰਤ ਨੇ ਆਇਰਲੈਂਡ ਨੂੰ 2-0 ਨਾਲ ਹਰਾ ਕੇ ਲਗਾਤਾਰ ਤੀਜਾ ਮੈਚ ਜਿੱਤਿਆ। ਦੋਨੋਂ ਗੋਲ ਕਪਤਾਨ ਹਰਮਨਪ੍ਰੀਤ ਸਿੰਘ ਨੇ ਕੀਤੇ।

ਤੀਰਅੰਦਾਜ਼ੀ ਵਿਚ ਭਜਨ ਕੌਰ ਰਾਊਂਡ ਆਫ 64 ਵਿਚ ਇੰਡੋਨੇਸ਼ੀਆ ਦੀ ਸਾਈਫਾ ਨੂਰਾ ਫੀਫਾ ਕਮਲ ਨੂੰ 7-3 ਨਾਲ ਹਰਾ ਕੇ ਰਾਊਂਡ ਆਫ 32 'ਚ ਪੁੱਜ ਗਈ। ਅੰਕਿਤਾ ਭਕਤ ਪੋਲੈਂਡ ਦੀ ਵਾਯੋਲੇਟਾ ਮਿਸ਼ੋਰ ਹੱਥੋਂ 4-6 ਨਾਲ ਹਾਰ ਗਈ।

ਬੈਡਮਿੰਟਨ ਵਿਚ ਮਰਦਾਂ ਦੇ ਡਬਲਜ਼ ਮੁਕਾਬਲੇ ਵਿਚ ਸਾਤਵਿਕ ਸਾਈਰਾਜ ਰੰਕੀਰੈੱਡੀ ਤੇ ਚਿਰਾਗ ਸ਼ੈੱਟੀ ਦੀ ਜੋੜੀ ਨੇ ਇੰਡੋਨੇਸ਼ੀਆ ਦੇ ਮੁਹੰਮਦ ਰਿਆਨ ਤੇ ਫਜਰ ਅਲਫਿਆਨ ਦੀ ਜੋੜੀ ਨੂੰ 21-13 ਤੇ 21-13 ਨਾਲ ਹਰਾਇਆ।

## ਵਕੀਲਾਂ ਦੀ ਰਜਿਸਟ੍ਰੇਸ਼ਨ ਲਈ ਵੱਧ ਫੀਸ ਨਹੀਂ ਲਈ ਜਾ ਸਕਦੀ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਨੇ ਮੰਗਲਵਾਰ ਫੈਸਲਾ ਸੁਣਾਇਆ ਕਿ ਸੂਬੇ ਦੀ 'ਬਾਰ ਕੌਂਸਲ' ਜਨਰਲ ਅਤੇ ਐੱਸ ਸੀ-ਐੱਸ ਟੀ ਸ਼੍ਰੇਣੀ ਦੇ ਕਾਨੂੰਨੀ ਗ੍ਰੈਜੂਏਟਾਂ ਤੋਂ ਵਕੀਲਾਂ ਵਜੋਂ ਰਜਿਸਟ੍ਰੇਸ਼ਨ ਲਈ ਕ੍ਰਮਵਾਰ 650 ਰੁਪਏ ਅਤੇ 125 ਰੁਪਏ ਤੋਂ ਵੱਧ ਫੀਸ ਨਹੀਂ ਵਸੂਲ ਸਕਦੀ। ਅਦਾਲਤ ਨੇ ਕਿਹਾ ਕਿ ਐਡਵੋਕੇਟ ਕਾਨੂੰਨ, 1961 ਤਹਿਤ ਕਾਨੂੰਨੀ ਗ੍ਰੈਜੂਏਟਾਂ ਨੂੰ ਵਕੀਲ ਵਜੋਂ ਰਜਿਸਟ੍ਰੇਸ਼ਨ ਕਰਨ ਲਈ ਅਧਿਕਾਰਤ 'ਬਾਰ ਕੌਂਸਲ ਆਫ ਇੰਡੀਆ' ਅਤੇ 'ਸੂਬਾ ਬਾਰ ਕੌਂਸਲ' ਸੰਸਦ ਵੱਲੋਂ ਬਣਾਈਆਂ ਗਈਆਂ ਕਾਨੂੰਨੀ ਤਜਵੀਜ਼ਾਂ ਦੀ ਉਲੰਘਣਾ ਨਹੀਂ ਕਰ ਸਕਦੀਆਂ।

## ਕੇਰਲਾ 'ਚ ਭਾਰੀ ਜਾਨੀ ਤਬਾਹੀ



**ਨਵੀਂ ਦਿੱਲੀ** : ਕੇਰਲਾ ਦੇ ਪਹਾੜੀ ਖੇਤਰ ਵਾਇਨਾਡ 'ਚ ਭਾਰੀ ਮੀਂਹ ਕਾਰਨ ਸੋਮਵਾਰ ਦੇਰ ਰਾਤ ਜ਼ਮੀਨ ਖਿਸਕਣ ਨਾਲ 119 ਲੋਕਾਂ ਦੀ ਮੌਤ ਹੋ ਗਈ ਤੇ 400 ਤੋਂ ਵੱਧ ਲਾਪਤਾ ਹੋ ਗਏ। ਬਚਾਅ ਕਾਰਜਾਂ ਵਿਚ ਥਲ ਤੇ ਹਵਾਈ ਸੈਨਾ ਵੀ ਲਾਈ ਗਈ ਹੈ। ਇਸੇ ਦੌਰਾਨ ਹਿਮਾਚਲ ਦੇ ਕੁੱਲੂ ਜ਼ਿਲ੍ਹੇ 'ਚ ਬੱਦਲ ਫਟਣ ਕਾਰਨ ਮਨੀਕਰਨ ਘਾਟੀ ਦੇ ਤੋਸ਼ ਨਾਲੇ 'ਚ ਅਚਾਨਕ ਹੜ੍ਹ ਆ ਗਿਆ, ਜਿਸ ਕਾਰਨ ਇੱਕ ਪੁਲ ਤੇ ਸ਼ਰਾਬ ਦੇ ਠੇਕੇ ਸਮੇਤ ਤਿੰਨ ਦੁਕਾਨਾਂ ਰੁੜ੍ਹ ਗਈਆਂ।

## ਕੇਜਰੀਵਾਲ ਦੇ ਹੱਕ 'ਚ ਡਟਿਆ 'ਇੰਡੀਆ'



**ਨਵੀਂ ਦਿੱਲੀ** : ਤਿਹਾੜ ਜੇਲ੍ਹ ਵਿਚ ਬੰਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਘਰਦੀ ਸਿਹਤ ਦਾ ਮੁੱਦਾ ਉਠਾਉਣ ਲਈ ਮੰਗਲਵਾਰ ਇੱਥੇ ਜੰਤਰ ਮੰਤਰ ਵਿਚ ਰੈਲੀ ਕੀਤੀ ਗਈ। ਰੈਲੀ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਪ ਆਗੂ ਗੋਪਾਲ ਰਾਏ, ਰਾਘਵ ਚੱਢਾ, ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸ ਸੀ ਪੀ) ਸ਼ਰਦ ਪਵਾਰ, ਸੀ ਪੀ ਆਈ ਦੇ ਜਨਰਲ ਸਕੱਤਰ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ, ਲੋਕ ਸਭਾ ਵਿਚ ਕਾਂਗਰਸ ਦੇ ਡਿਪਟੀ ਲੀਡਰ ਗੌਰਵ ਗੋਗੋਈ ਤੇ ਰਾਜ ਸਭਾ ਵਿਚ ਕਾਂਗਰਸ ਸਾਂਸਦ ਪ੍ਰਮੋਦ ਤਿਵਾੜੀ ਵੀ ਮੌਜੂਦ ਸਨ। ਆਗੂਆਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਕੇਜਰੀਵਾਲ ਦੀ ਜਾਨ ਨਾਲ ਖੇਡ ਰਹੇ ਹਨ। ਤਿਵਾੜੀ ਨੇ ਕਿਹਾ ਕਿ ਉਹ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਤਰਫੋਂ ਕੇਜਰੀਵਾਲ ਦੀ ਗੈਰਕਾਨੂੰਨੀ ਗ੍ਰਿਫਤਾਰੀ ਵਿਰੁੱਧ ਸੰਘਰਸ਼ ਵਿਚ ਸਾਥ ਦੇਣ ਆਏ ਹਨ। ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਆਪ ਦੇ ਤਿੰਨ ਸੀਨੀਅਰ ਆਗੂਆਂ ਕੇਜਰੀਵਾਲ, ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਨੂੰ ਸਾਜ਼ਿਸ਼ ਤਹਿਤ ਜੇਲ੍ਹ ਵਿਚ ਡੱਕਿਆ ਹੋਇਆ ਹੈ। ਰਾਘਵ ਚੱਢਾ ਨੇ ਕਿਹਾ ਕਿ ਕੇਜਰੀਵਾਲ ਦੀ ਡਿਗਦੀ ਸਿਹਤ ਬਾਰੇ ਚਿੰਤਤ ਲੋਕ ਇੱਥੇ ਇਕੱਠੇ ਹੋਏ ਹਨ।

## ਬੀਬੀ ਜਗੀਰ ਕੌਰ ਸਣੇ 8 ਆਗੂ ਅਕਾਲੀ ਦਲ 'ਚੋਂ ਕੱਢੇ



**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਨੇ ਮੰਗਲਵਾਰ ਬੀਬੀ ਜਗੀਰ ਕੌਰ ਸਣੇ 8 ਆਗੂਆਂ ਦੀ ਪਾਰਟੀ-ਵਿਰੋਧੀ ਸਰਗਰਮੀਆਂ ਦੇ ਦੋਸ਼ ਵਿਚ ਮੈਂਬਰਸ਼ਿਪ ਖਤਮ ਕਰ ਦਿੱਤੀ। ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿਚ ਹੋਈ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਨੇ ਬੀਬੀ ਤੋਂ ਇਲਾਵਾ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਤੇ ਚਰਨਜੀਤ ਸਿੰਘ ਬਰਾੜ ਨੂੰ ਪਾਰਟੀ ਵਿੱਚੋਂ ਕੱਢਣ ਦਾ ਫੈਸਲਾ ਕੀਤਾ। ਇਨ੍ਹਾਂ ਤੋਂ ਇਲਾਵਾ ਨਕੋਦਰ, ਭੁਲੱਥ, ਘਨੌਰ, ਸਨੌਰ, ਸਮਾਣਾ, ਗੜ੍ਹਸ਼ੰਕਰ ਤੇ ਰਾਜਪੁਰਾ ਦੇ ਹਲਕਾ ਇੰਚਾਰਜ ਵੀ ਕੱਢ ਦਿੱਤੇ ਗਏ ਹਨ।

## ਇੱਕ ਮਹੀਨਾ ਪਿੰਡਾਂ 'ਚ ਲੋਕਾਂ ਨੂੰ ਕੇਂਦਰੀ ਹਕੂਮਤ ਵਿਰੁੱਧ ਜਾਗਰੂਕ ਕਰਾਂਗੇ : ਬੰਤ ਬਰਾੜ

### ਨਰੇਗਾ ਕੰਮ ਸਾਲ 'ਚ 200 ਦਿਨ ਤੇ ਦਿਹਾੜੀ 1000 ਰੁਪਏ ਕੀਤੀ ਜਾਵੇ : ਮਾੜੀਮੇਘਾ, ਦੇਵੀ ਕੁਮਾਰੀ, ਸੋਹਲ





**ਤਰਨ ਤਾਰਨ** : ਸੀ ਪੀ ਆਈ ਨੇ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿਖੇ ਜ਼ਿਲ੍ਹਾ ਪੱਧਰ ਦਾ ਸਮਾਗਮ ਕਰਕੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ। ਇਸ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਦਦੇਹਰ ਸਾਹਿਬ, ਪਰਮਜੀਤ ਕੌਰ ਮਾੜੀਮੇਘਾ ਤੇ ਨਰਿੰਦਰ ਸਿੰਘ ਅਲਗੋਂ ਨੇ ਕੀਤੀ।ਇਸ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਊਧਮ ਸਿੰਘ ਗਰੀਬ ਘਰ ਦਾ ਨੌਜਵਾਨ ਸੀ।ਉਨ੍ਹਾ ਦੇ ਬਾਪ ਰੇਲਵੇ ਫਾਟਕ ਦੇ ਗੇਟਮੈਨ ਸਨ।ਉਨ੍ਹਾ ਘਰ ਬੱਕਰੀਆਂ ਰੱਖੀਆਂ ਹੋਈਆਂ ਸਨ ਅਤੇ ਊਧਮ ਸਿੰਘ ਤੇ ਉਨ੍ਹਾ ਦਾ ਭਰਾ ਸਾਧੂ ਸਿੰਘ ਬੱਕਰੀਆਂ ਚਾਰਦੇ ਸਨ।ਊਧਮ ਤੇ ਸਾਧੂ ਸਿੰਘ ਨੂੰ ਉਨ੍ਹਾਂ ਦਾ ਬਾਪ ਦੀਵਾਲੀ ਵਿਖਾਉਣ ਲਈ ਅੰਮ੍ਰਿਤਸਰ ਨੂੰ ਤੁਰ ਪਿਆ।ਸ਼ਹਿਰ ਦੇ ਲਾਗੇ ਉਸ ਨੂੰ ਬਹੁਤ ਤੇਜ਼ ਬੁਖਾਰ ਹੋ ਗਿਆ ਤੇ ਵਾਕਫਕਾਰ ਨੇ ਉਨ੍ਹਾ ਨੂੰ ਸਰਕਾਰੀ ਹਸਪਤਾਲ ਦਾਖਲ ਕਰਵਾ ਦਿੱਤਾ, ਜਿਥੇ ਉਨ੍ਹਾ ਦੀ ਮੌਤ ਹੋ ਗਈ।ਉਹ ਵਾਕਫਕਾਰ ਦੋਵੇਂ ਬੱਚਿਆਂ ਊਧਮ ਸਿੰਘ ਤੇ ਸਾਧੂ ਸਿੰਘ ਨੂੰ ਪੁਤਲੀਘਰ ਅੰਮ੍ਰਿਤਸਰ ਦੇ ਯਤੀਮਖਾਨੇ ਛੱਡ ਆਇਆ, ਜਿਥੇ ਉਹ ਜਵਾਨ ਹੋਏ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੌਰਾਨ ਜਲ੍ਹਿਆਂ ਵਾਲੇ ਬਾਗ ਵਿੱਚ ਜਲਸਾ ਹੋ ਰਿਹਾ ਸੀ ਤਾਂ ਊਧਮ ਸਿੰਘ ਉਥੇ ਪਾਣੀ ਪਿਆਉਣ ਦੀ ਸੇਵਾ ਨਿਭਾ ਰਿਹਾ ਸੀ। ਅੰਗਰੇਜ਼ ਹਾਕਮ ਜਨਰਲ ਡਾਇਰ ਫੌਜ ਸਮੇਤ ਆਇਆ ਤੇ ਉਸ ਨੇ ਬਿਨਾਂ ਵਾਰਨਿੰਗ ਜਲਸੇ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਤੇ 2000 ਤੋਂ ਉੱਪਰ ਅੰਦੋਲਨਕਾਰੀ ਮਾਰੇ ਗਏ। ਊਧਮ ਸਿੰਘ ਨੇ ਸ਼ਹੀਦਾਂ ਦੀ ਕਸਮ ਖਾ ਲਈ ਕਿ ਅੰਗਰੇਜ਼ਾਂ ਤੋਂ ਇਸ ਦਾ ਬਦਲਾ

● ਬਾਕੀ ਸਫ਼ਾ 13 'ਤੇ

## ਜ਼ਿਲ੍ਹਾ ਸੰਗਰੂਰ 'ਚ ਅੱਜ ਛੁੱਟੀ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਸੁਨਾਮ/ਊਧਮ ਸਿੰਘ ਵਾਲਾ ਵਿਖੇ ਰਾਜ ਪੱਧਰੀ ਸਮਾਗਮ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ 1881 ਦੀ ਧਾਰਾ 25 ਅਧੀਨ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਸਰਕਾਰੀ ਤੇ ਪ੍ਰਾਈਵੇਟ ਸਕੂਲਾਂ, ਕਾਲਜਾਂ, ਯੂਨੀਵਰਸਿਟੀ, ਵਿਦਿਅਕ ਅਦਾਰਿਆਂ, ਸਰਕਾਰੀ ਤੇ ਪ੍ਰਾਈਵੇਟ ਦਫ਼ਤਰਾਂ, ਬੈਂਕਾਂ ਆਦਿ ਵਿੱਚ 31 ਜੁਲਾਈ ਦੀ ਛੁੱਟੀ ਘੋਸ਼ਿਤ ਕੀਤੀ ਹੈ, ਤਾਂ ਜੋ ਲੋਕ ਇਸ ਸਮਾਰੋਹ ਵਿੱਚ ਭਾਗ ਲੈ ਸਕਣ। ਇਹ ਹੁਕਮ ਵਿਦਿਅਕ ਅਦਾਰਿਆਂ, ਯੂਨੀਵਰਸਿਟੀ, ਬੋਰਡਾਂ, ਸਕੂਲਾਂ, ਕਾਲਜਾਂ ਆਦਿ, ਜਿਨ੍ਹਾਂ ਵਿੱਚ ਪ੍ਰੀਖਿਆ ਚੱਲ ਰਹੀ ਹੈ, ਉਤੇ ਲਾਗੂ ਨਹੀਂ ਹੋਣਗੇ।

## ਝਾਰਖੰਡ 'ਚ ਰੇਲ ਹਾਦਸਾ, ਦੋ ਮੌਤਾਂ, 20 ਜ਼ਖ਼ਮੀ

**ਜਮਸ਼ੇਦਪੁਰ** : ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ 'ਚ ਮੰਗਲਵਾਰ ਹਾਵੜਾ-ਮੁੰਬਈ ਮੇਲ ਦੇ 18 ਡੱਬੇ ਪਟੜੀ ਤੋਂ ਉਤਰਨ ਕਾਰਨ 2 ਵਿਅਕਤੀਆਂ ਦੀ ਮੌਤ ਹੋ ਗਈ ਤੇ 20 ਜ਼ਖਮੀ ਹੋ ਗਏ। ਹਾਦਸਾ ਤੜਕੇ ਪੌਣੇ ਚਾਰ ਵਜੇ ਜਮਸ਼ੇਦਪੁਰ ਤੋਂ ਲੱਗਭੱਗ 80 ਕਿਲੋਮੀਟਰ ਦੂਰ ਬੜਾਬੰਬੂ ਨੇੜੇ ਵਾਪਰਿਆ, ਜਦੋਂ ਐਕਸਪ੍ਰੈੱਸ ਪਹਿਲਾਂ ਹੀ ਪਟੜੀਓਂ ਲੱਥੀ ਪਈ ਮਾਲ ਗੱਡੀ 'ਚ ਵੱਜੀ।

ਉਧਰ, ਕਾਂਗਰਸ ਨੇ ਇਸ ਘਟਨਾ ਨੂੰ ਲੈ ਕੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਵੇਂ ਭਾਰਤ 'ਚ ਕੋਈ ਜਵਾਬਦੇਹੀ ਤੈਅ ਨਹੀਂ ਹੁੰਦੀ, ਕਿਸੇ ਦਾ ਅਸਤੀਫਾ ਨਹੀਂ ਲਿਆ ਜਾਂਦਾ ਅਤੇ ਸਿਰਫ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਕੋਈ ਮਤਲਬ ਨਹੀਂ ਹੁੰਦਾ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵਿਅੰਗ ਕਰਦਿਆਂ ਕਿਹਾ ਕਿ ਇੱਕ ਤੋਂ ਬਾਅਦ ਇੱਕ ਰੇਲ ਹਾਦਸਿਆਂ ਦੇ ਬਾਵਜੂਦ ਰੇਲ ਮੰਤਰੀ ਅਸ਼ਵਿਨੀ ਵੈਸ਼ਣਵ ਦੀ 'ਪੀ ਆਰ ਮਸ਼ੀਨ' ਜਾਰੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਕੀ ਕੇਂਦਰ ਦੀ ਸੰਵੇਦਨਹੀਣਤਾ ਦਾ ਕੋਈ ਅੰਤ ਨਹੀਂ ਹੋਵੇਗਾ।

## ਹੁੰਮਸ 'ਚ ਆਸਣ ਕਰਾਉਣ 'ਤੇ 12 ਬੱਚੇ ਬੇਹੋਸ਼

**ਏਟਾ** : ਯੂ ਪੀ ਦੇ ਏਟਾ ਜ਼ਿਲ੍ਹੇ ਦੇ ਮਲਾਵਨ ਥਾਣਾ ਖੇਤਰ ਦੇ ਹਰਚੰਦਪੁਰ ਦੇ ਪੀਐੱਮ ਸ੍ਰੀ ਕੇਂਦਰੀ ਵਿਦਿਆਲਿਆ 'ਚ ਮੰਗਲਵਾਰ ਸਵੇਰੇ ਪ੍ਰਾਰਥਨਾ ਮਗਰੋਂ ਹੁੰਮਸ 'ਚ ਦੋ ਵਾਰ ਕਸਰਤ ਅਤੇ ਯੋਗ ਆਸਣ ਕਰਨ ਲਈ ਮਜਬੂਰ ਕੀਤੇ ਜਾਣ ਕਾਰਨ 12 ਬੱਚੇ ਬੇਹੋਸ਼ ਹੋ ਗਏ। ਡੀ ਸੀ ਪ੍ਰੇਮ ਰੰਜਨ ਸਿੰਘ ਮੁਤਾਬਕ ਪ੍ਰਾਰਥਨਾ ਮਗਰੋਂ ਕਸਰਤ ਦੌਰਾਨ ਬੇਹੋਸ਼ ਬੱਚਿਆਂ ਨੂੰ ਪ੍ਰਿੰਸੀਪਲ ਸੰਧਿਆ ਸ਼ਰਨ ਮੈਡੀਕਲ ਕਾਲਜ ਲੈ ਗਈ। ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਸਾਰੇ ਬੱਚੇ ਛੇਵੀਂ ਤੋਂ ਨੌਵੀਂ ਜਮਾਤ ਦੇ ਵਿਦਿਆਰਥੀ ਹਨ।

## ਅੱਜ-ਨਾਮਾ

ਦਿਨ ਬਰਸਾਤ ਦੇ, ਚਿੰਤਾ ਦੀ ਘੜੀ ਆਈ,
ਰਾਤ-ਦਿਨ ਪਊਗਾ ਰਹਿਣਾ ਸੁਚੇਤ ਭਾਈ।
ਭੁੱਲੀ ਮਾਰ ਨਹੀਂ ਪਿਛਲਿਆਂ ਹੜ੍ਹਾਂ ਵਾਲੀ,
ਐਤਕੀਂ ਕਰਨੀ ਨਹੀਂ ਭੁੱਲ ਪਛੇਤ ਭਾਈ।
ਰੁੜ੍ਹ ਗਏ ਕਈਆਂ ਦੇ ਓਦੋਂ ਜੇ ਘਰ ਕੁੱਲੇ,
ਰਹਿ ਗਏ ਨਹੀਂ ਸੀ ਹਰੇ-ਭਰੇ ਖੇਤ ਭਾਈ।
ਝੂਮਦੀ ਫਸਲ ਨਾ ਰਹੀ ਫਿਰ ਕਿਸੇ ਪਾਸੇ,
ਭਰੀ ਪਈ ਖੇਤਾਂ ਦੇ ਵਿੱਚ ਸੀ ਰੇਤ ਭਾਈ।
ਬੱਦਲ ਕੁੱਲੂ ਦੇ ਵੱਲ ਪਏ ਫਟਣ ਜਿਹੜੇ,
ਪਾਣੀ ਉਹ ਆਊ ਪੰਜਾਬ ਦੇ ਵੱਲ ਭਾਈ।
ਜਿੰਨਾ ਵੀ ਹੁੰਦਾ ਜੁਗਾੜ ਕੁਝ ਕਰੋ ਛੇਤੀ,
ਅੱਜ ਦਾ ਵਕਤ ਨਾ ਆਵਣਾ ਕੱਲ੍ਹ ਭਾਈ।

-ਤੀਸ ਮਾਰ ਖਾਂ

## ਜਗਦੀਸ਼ ਭੋਲਾ ਨੂੰ ਇਕ ਹੋਰ ਕੇਸ 'ਚ 10 ਸਾਲ ਕੈਦ

**ਚੰਡੀਗੜ੍ਹ** : ਮੁਹਾਲੀ ਦੀ ਵਿਸ਼ੇਸ਼ ਪੀ ਐੱਮ ਐੱਲ ਏ ਅਦਾਲਤ ਨੇ ਨਸ਼ਾ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਮਾਮਲੇ 'ਚ ਮੰਗਲਵਾਰ 'ਮੁੱਖ ਸਰਗਨਾ' ਜਗਦੀਸ਼ ਸਿੰਘ ਉਰਫ ਭੋਲਾ ਸਮੇਤ 17 ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ। ਪਹਿਲਵਾਨ ਤੋਂ ਪੁਲਸ ਮੁਲਾਜ਼ਮ ਤੇ ਫਿਰ ਨਸ਼ਾ ਤਸਕਰ ਬਣੇ ਭੋਲਾ ਅਤੇ ਅਵਤਾਰ ਸਿੰਘ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਈ ਡੀ ਨੇ 2015 'ਚ 24 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਸੀ। ਇਨ੍ਹਾਂ ਵਿੱਚੋਂ ਸੱਤ ਨੂੰ ਜਾਂ ਤਾਂ ਭਗੌੜਾ ਐਲਾਨਿਆ ਗਿਆ ਸੀ ਜਾਂ ਜਾਂਚ ਤੇ ਮੁਕੱਦਮੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ।

ਭੋਲਾ ਤੇ ਅਵਤਾਰ ਸਿੰਘ ਤੋਂ ਇਲਾਵਾ ਸੰਦੀਪ ਕੌਰ, ਜਗਮਿੰਦਰ ਕੌਰ, ਗੁਰਪ੍ਰੀਤ ਕੌਰ, ਗੁਰਮੀਤ ਕੌਰ, ਸੁਖਜੀਤ ਸਿੰਘ ਸੁੱਖਾ, ਸੁਖਰਾਜ ਸਿੰਘ, ਗੁਰਦੀਪ ਸਿੰਘ ਮਨਚੰਦਾ, ਅਮਰਜੀਤ ਕੌਰ, ਦਵਿੰਦਰ ਸਿੰਘ, ਮਨਿੰਦਰ ਸਿੰਘ, ਸੁਭਾਸ਼ ਬਜਾਜ, ਸੁਨੀਲ ਬਜਾਜ, ਅੰਕੁਰ ਬਜਾਜ, ਦਲੀਪ ਸਿੰਘ ਮਾਨ ਅਤੇ ਮਨਪ੍ਰੀਤ ਸਿੰਘ ਸ਼ਾਮਲ ਦੋਸ਼ੀ ਠਹਿਰਾਏ ਗਏ ਹਨ। ਉਨ੍ਹਾਂ ਨੂੰ ਤਿੰਨ ਤੋਂ 10 ਸਾਲ ਦੀ ਸਜ਼ਾ ਸੁਣਾਈ ਗਈ ਹੈ।

ਉਧਰ, ਭੋਲਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਭੋਲਾ ਨੇ ਅਰਜ਼ੀ ਦਾਇਰ ਕਰਕੇ ਕਿਹਾ ਸੀ ਕਿ ਉਸ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਅਤੇ ਉਸ ਨੂੰ ਰਿਹਾਅ ਕੀਤਾ ਜਾਵੇ।

ਸੀ ਬੀ ਆਈ ਅਦਾਲਤ ਨੇ ਉਸ ਨੂੰ ਦੋ ਮਾਮਲਿਆਂ 'ਚ 12 ਅਤੇ 10 ਸਾਲ ਦੀ ਸਜ਼ਾ ਸੁਣਾਈ ਸੀ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਭੋਲਾ ਦੀ ਸਜ਼ਾ ਅਜੇ ਪੂਰੀ ਨਹੀਂ ਹੋਈ, ਉਸ ਨੇ ਸਾਢੇ ਦਸ ਸਾਲ ਦੀ ਸਜ਼ਾ ਪੂਰੀ ਕੀਤੀ ਹੈ, ਇੱਕ ਸਾਲ ਛੇ ਮਹੀਨੇ ਬਾਕੀ ਹਨ ਅਤੇ ਦੋਵੇਂ ਸਜ਼ਾਵਾਂ ਬਰਾਬਰ ਨਹੀਂ ਚੱਲਣਗੀਆਂ। ਹਾਈ ਕੋਰਟ ਨੇ ਭੋਲਾ ਦੀ ਅਰਜ਼ੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇ ਵੱਖ-ਵੱਖ ਮਾਮਲਿਆਂ 'ਚ ਅਜਿਹੇ ਗੰਭੀਰ ਅਪਰਾਧ ਦੇ ਦੋਸ਼ੀ ਨੂੰ ਦਿੱਤੀ ਗਈ ਸਜ਼ਾ ਇਕੋ ਜਿਹੀ ਰਹੀ ਤਾਂ ਇਹ ਘਾਤਕ ਹੋਵੇਗਾ। ਅਗਲੀ ਸੁਣਵਾਈ 12 ਅਗਸਤ ਨੂੰ ਹੋਵੇਗੀ।





**STATEMENT OF UNAUDITED FINANCIAL RESULTS FOR THE QUARTER ENDED JUNE 30, 2024**

(₹ in Lacs)

| Sl. No. | Particulars | Quarter ended June 30, 2024 (Unaudited) | Quarter ended March 31, 2024 (Audited) | Quarter ended June 30, 2023 (Unaudited) | Year ended March 31, 2024 (Audited) |
|---|---|---|---|---|---|
| 1 | Total Income from Operations | 23,507 | 22,474 | 20,229 | 86,241 |
| 2 | Net Profit/(Loss) for the period (before Tax, Exceptional and/or Extraordinary items) | 4,017 | 3,763 | 3,989 | 14,821 |
| 3 | Net Profit/(Loss) for the period before tax (after Exceptional and/or Extraordinary items) | 4,017 | 3,763 | 3,989 | 14,821 |
| 4 | Net Profit/(Loss) for the period after tax (after Exceptional and/or Extraordinary items) | 3,002 | 2,821 | 3,010 | 11,153 |
| 5 | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - |
| 6 | Paid-up Equity Share Capital (Face Value ₹10 per share) | 4,504 | 4,504 | 3,535 | 4,504 |
| 7 | Reserves (excluding Revaluation Reserve) as shown in the Audited Balance sheet of the previous Year | | | | 1,15,238 |
| 8 | Securities Premium Account | 69,487 | 69,487 | 27,700 | 69,487 |
| 9 | Net worth[1] | 1,23,107 | 1,19,742 | 69,072 | 1,19,742 |
| 10 | Paid-Up Debt capital/Outstanding Debt | 46,639 | 47,225 | 69,601 | 47,225 |
| 11 | Outstanding Redeemable Preference Shares[2] | - | - | - | - |
| 12 | Debt Equity Ratio[3] | 0.38 | 0.39 | 1.01 | 0.39 |
| 13 | Earnings per share (Face Value of ₹10/- each) (for continuing and discontinued operations) | | | | |
| | 13.1 Basic ₹ (non-annualised) | 6.66 | 6.88 | 8.74 | 30.65 |
| | 13.2 Diluted ₹ (non-annualised) | 6.62 | 6.87 | 8.69 | 30.45 |
| 14 | Capital Redemption Reserve[4] | - | - | - | - |
| 15 | Debenture Redemption Reserve[4] | - | - | - | - |
| 16 | Debt Service Coverage Ratio[5] | - | - | - | - |
| 17 | Interest Service Coverage Ratio[5] | - | - | - | - |

*[1] Net worth means the aggregate value of the paid-up share capital and all reserves created out of the profits and securities premium account and debit or credit balance of profit and loss account, after deducting the aggregate value of the accumulated losses, deferred expenditure and miscellaneous expenditure not written off, as per the balance sheet, but does not include reserves created out of revaluation of assets, write-back of depreciation and amalgamation.*
*[2] The Bank has not issued any redeemable preference shares.*
*[3] Debt-equity ratio means the ratio of total borrowings to share capital plus reserves.*
*[4] As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.*
*[5] Being a Banking Company, disclosure is not applicable as per SEBI (Listing Obligations and Disclosure requirements) Regulations, 2015.*

**Notes:**

(i) The above is an extract of the detailed format of quarter and year ended Financial Results filed with the Stock Exchanges under Regulation 33 & 52 of the SEBI (Listing Obligations and Disclosure Requirements) Regulations, 2015. The full format of the quarter and year ended Financial Results are available on the websites of the Stock Exchanges, www.nseindia.com and www.bseindia.com and of the bank www.capitalbank.co.in.

(ii) Information related to the total comprehensive income and other comprehensive income are not furnished as Ind AS Is not yet made applicable to Bank.

(iii) The figure of the last quarter in each of the year are balancing figure between audited figures in respect of full financial year and the unaudited published year to date figures up to the third quarter of the respective financial year.

(iv) The other line items referred in Regulation 52(4) of the SEBI (Listing Obligations and Disclosure Requirements) Regulations, 2015, has been given hereunder:

| Sl. No. | Particulars | Quarter ended June 30, 2024 (Unaudited) | Quarter ended March 31, 2024 (Audited) | Quarter ended June 30, 2023 (Unaudited) | Year ended March 31, 2024 (Audited) |
|---|---|---|---|---|---|
| 1 | Percentage of shares held by Government of India | - | - | - | - |
| 2 | Return on Assets (non-annualised)[1] | 0.32% | 0.31% | 0.36% | 1.27% |
| 3 | Operating Margin[2] | 18.10% | 17.55% | 20.46% | 17.96% |
| 4 | Net Profit Margin[3] | 12.77% | 12.55% | 14.88% | 12.93% |
| 5 | Total Debt to Total Assets[4] | 4.85% | 5.08% | 8.16% | 5.08% |
| 6 | Gross NPA (₹ in lacs) | 17,186 | 17,018 | 15,488 | 17,018 |
| 7 | Net NPA (₹ in lacs) | 8,495 | 8,508 | 7,450 | 8,508 |
| 8 | % of Gross NPA | 2.69% | 2.76% | 2.81% | 2.76% |
| 9 | % of Net NPA | 1.35% | 1.40% | 1.37% | 1.40% |
| 10 | Capital Adequacy Ratio (%) | 26.25% | 27.39% | 20.81% | 27.39% |
| 11 | Tier-I Ratio (%) | 22.03% | 22.80% | 15.20% | 22.80% |

*[1] Return on Assets means the ratio of profit after tax to average monthly total assets*
*[2] Operating Margin means operating profit before provisions and contingencies to the total income*
*[3] Net Profit Margin means net profit to total income*
*[4] Total Debt to Total assets means the ratio of total borrowings to total assets*

(v) The other line items referred in Regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the BSE Limited and National Stock Exchange of India Limited and can be accessed on the website of the Stock Exchange on www.bseindia.com, www.nseindia.com and the Bank on URL www.capitalbank.co.in.

(vi) The above result has been approved by the Board of Directors in its meeting held on July 30, 2024.

For and on Behalf of the Board of Directors of
**Capital Small Finance Bank Limited**
Sd/-
**Sarvjit Singh Samra**
Managing Director
(DIN: 00477444)

**Date:** July 30, 2024
**Place:** Jalandhar

**Capital Small Finance Bank**

Great Place To Work. Certified AUG 2023-AUG 2024 INDIA

Scan for detailed financials

**Capital Small Finance Bank Limited** (**CIN:** L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 | **Fax: 0181-505 3333** | www.capitalbank.co.in | investorrelations@capitalbank.co.in

ਨਵਾਂ ਜ਼ਮਾਨਾ

ਬੁੱਧਵਾਰ, 31 ਜੁਲਾਈ 2024

# ਭਾਰਤ ਦੀ ਕੁਪੋਸ਼ਣ 'ਚ ਵੀ ਝੰਡੀ

*ਭਾਰਤੀ ਹੁਕਮਰਾਨ ਦੇਸ਼ ਦੀ ਆਰਥਿਕਤਾ ਦੇ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣ ਜਾਣ ਦੇ ਸੁਫ਼ਨੇ ਦੇਖ ਰਹੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਸ ਵੱਡੀ ਆਰਥਿਕਤਾ ਵਿੱਚ ਆਮ ਲੋਕਾਂ ਦੀ ਕੀ ਥਾਂ ਹੋਵੇਗੀ।*

*ਬੀਤੀ 24 ਜੁਲਾਈ ਨੂੰ ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀ ਸੰਗਠਨ ਨੇ ਦੁਨੀਆ ਵਿੱਚ ਖੁਰਾਕ ਸੁਰੱਖਿਆ ਤੇ ਪੋਸ਼ਣ ਦੀ ਹਾਲਤ ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 19.5 ਕਰੋੜ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਇਸ ਸੰਗਠਨ ਅਨੁਸਾਰ ਜਦੋਂ ਕੋਈ ਵਿਅਕਤੀ ਆਪਣੀ ਰੋਜ਼ ਦੀ ਖੁਰਾਕ ਵਿੱਚ ਓਨੀ ਊਰਜਾ ਪ੍ਰਾਪਤ ਨਹੀਂ ਕਰਦਾ, ਜਿੰਨੀ ਉਸ ਦੇ ਸਰੀਰ ਨੂੰ ਲੋੜ ਹੋਵੇ ਤਾਂ ਇਸ ਨੂੰ ਕੁਪੋਸ਼ਣ ਦੀ ਹਾਲਤ ਕਿਹਾ ਜਾਂਦਾ ਹੈ। 'ਵਿਸ਼ਵ ਵਿੱਚ ਖੁਰਾਕ ਸੁਰੱਖਿਆ ਤੇ ਪੋਸ਼ਣ ਦੀ ਹਾਲਤ' ਬਾਰੇ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 55.6 ਫ਼ੀਸਦੀ ਲੋਕ ਅੱਜ ਸਿਹਤਮੰਦ ਖੁਰਾਕ ਦਾ ਖਰਚਾ ਉਠਾਉਣ ਦੇ ਸਮਰੱਥ ਨਹੀਂ ਹਨ, ਜਦੋਂ ਕਿ ਦੁਨੀਆ ਪੱਧਰ 'ਤੇ ਇਹ ਫੀਸਦੀ 35.4 ਪ੍ਰਤੀਸ਼ਤ ਹੈ। ਇਸ ਦਾ ਭਾਵ ਹੈ ਕਿ ਭਾਰਤ ਦੇ 80 ਕਰੋੜ ਲੋਕ ਉਹ ਹਨ, ਜਿਹੜੇ ਸਿਹਤਮੰਦ ਭੋਜਨ ਦਾ ਖਰਚਾ ਨਹੀਂ ਚੁੱਕ ਸਕਦੇ। ਇਸ ਰਿਪੋਰਟ ਮੁਤਾਬਕ ਔਰਤਾਂ ਦੀ ਹਾਲਤ ਹੋਰ ਵੀ ਖਰਾਬ ਹੈ। ਭਾਰਤ ਵਿੱਚ ਸਿਹਤਮੰਦ ਭੋਜਨ ਨਾ ਮਿਲਣ ਕਾਰਨ 53 ਫ਼ੀਸਦੀ ਔਰਤਾਂ ਅਨੀਮੀਆ ਦੀਆਂ ਸ਼ਿਕਾਰ ਹਨ, ਇਹ ਪੂਰੇ ਸੰਸਾਰ ਵਿੱਚ ਸਭ ਤੋਂ ਵੱਧ ਹੈ।*

*ਭਾਰਤ ਵਿੱਚ ਲੋੜੀਂਦਾ ਭੋਜਨ ਹੋਣ ਦੇ ਬਾਵਜੂਦ 19 ਕਰੋੜ ਲੋਕ ਉਹ ਹਨ, ਜਿਹੜੇ ਰਾਤ ਨੂੰ ਭੁੱਖੇ ਸੌਂਦੇ ਹਨ। ਇਹੋ ਨਹੀਂ ਪ੍ਰਾਪਤ ਅੰਕੜਿਆਂ ਅਨੁਸਾਰ 2019-20 ਵਿੱਚ ਭਾਰਤ ਵਿੱਚ ਕੁਪੋਸ਼ਣ ਕਾਰਨ 69 ਫ਼ੀਸਦੀ ਬੱਚਿਆਂ ਦੀ ਮੌਤ ਹੋਈ ਸੀ। ਭਾਰਤ ਦੀ 13 ਫ਼ੀਸਦੀ ਅਬਾਦੀ ਤਾਂ ਉਹ ਹੈ, ਜੋ ਲੰਮੇ ਸਮੇਂ ਤੋਂ ਕੁਪੋਸ਼ਣ ਦੀ ਸ਼ਿਕਾਰ ਹੈ। ਮਤਲਬ ਪੀੜ੍ਹੀ ਦਰ ਪੀੜ੍ਹੀ ਕੁਪੋਸ਼ਣ ਦੀ ਮਾਰ ਝਲਦੀ ਆ ਰਹੀ ਹੈ। ਇਸ ਸੰਬੰਧੀ ਪਿੱਛੇ ਜਿਹੇ ਭੁੱਖਮਰੀ ਬਾਰੇ ਰਿਪੋਰਟ ਆਈ ਸੀ। ਉਸ ਵਿੱਚ 125 ਦੇਸਾਂ ਵਿੱਚੋਂ ਭਾਰਤ ਦਾ ਭੁੱਖਮਰੀ ਦੀ ਸਥਿਤੀ 'ਚ 111ਵਾਂ ਨੰਬਰ ਸੀ, ਯਾਨੀ ਸਿਰਫ਼ 14 ਦੇਸ਼ ਹੀ ਸਾਥੋਂ ਬੁਰੀ ਹਾਲਤ ਵਾਲੇ ਸਨ। ਉਸ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਸਾਡੇ ਗੁਆਂਢੀ ਦੇਸ਼ ਪਾਕਿਸਤਾਨ, ਨੇਪਾਲ, ਬੰਗਲਾਦੇਸ਼ ਤੇ ਸ੍ਰੀਲੰਕਾ ਦੀ ਹਾਲਤ ਸਾਥੋਂ ਬੇਹਤਰ ਹੈ। ਇਸ ਰਿਪੋਰਟ ਨੂੰ ਸੰਯੁਕਤ ਰਾਸ਼ਟਰ ਵੱਲੋਂ ਮਾਨਤਾ ਮਿਲ ਜਾਣ ਦੇ ਬਾਵਜੂਦ ਸਾਡੀ ਸਰਕਾਰ ਨੇ ਰੱਦ ਕਰ ਦਿੱਤਾ ਸੀ। ਅਸਲ ਵਿੱਚ ਹਕੀਕਤ ਵੱਲੋਂ ਮੂੰਹ ਛੁਪਾ ਲੈਣਾ ਸਾਡੀ ਹਕੂਮਤ ਦੀ ਸਭ ਤੋਂ ਵੱਡੀ ਉਪਲਬਧੀ ਹੈ।*

*ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤ ਵਿੱਚ ਭੋਜਨ ਦੀ ਭਰਪੂਰ ਹੋਂਦ ਹੋਣ ਦੇ ਬਾਵਜੂਦ ਕੁਪੋਸ਼ਣ ਦੀ ਇਹ ਸਥਿਤੀ ਕਿਉਂ ਹੈ। ਇਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਤੇ ਮਹਿੰਗਾਈ ਹੈ। ਪਿਛਲੇ ਲਗਾਤਾਰ 4 ਮਹੀਨਿਆਂ ਤੋਂ ਖਾਧ ਵਸਤੂਆਂ ਦੀ ਮਹਿੰਗਾਈ ਦਰ 8.5 ਫੀਸਦੀ ਤੋਂ ਵੱਧ ਉਤੇ ਟਿਕੀ ਹੋਈ ਹੈ। ਸਬਜ਼ੀਆਂ ਦੇ ਭਾਅ ਤਾਂ 32.49 ਫ਼ੀਸਦੀ ਤੱਕ ਵਧ ਚੁੱਕੇ ਹਨ। ਅਜਿਹੇ ਵਿੱਚ ਬੇਰੁਜ਼ਗਾਰੀ ਕਾਰਨ ਜਦੋਂ ਆਦਮੀ ਦੀ ਜੇਬ ਖਾਲੀ ਹੋਵੇ ਤਾਂ ਉਹ ਸਿਹਤਮੰਦ ਭੋਜਨ ਕਿਵੇਂ ਖਰੀਦ ਸਕਦਾ ਹੈ। ਖੁਰਾਕੀ ਵਸਤਾਂ ਦੀ ਮਹਿੰਗਾਈ ਦੂਜੀਆਂ ਵਸਤਾਂ ਦੇ ਉਤਪਾਦਨ ਉੱਤੇ ਵੀ ਅਸਰ ਪਾਉਂਦੀ ਹੈ। ਖੁਰਾਕੀ ਵਸਤਾਂ ਖਰੀਦਣੀਆਂ ਤਾਂ ਹਰ ਇੱਕ ਦੀ ਮਜਬੂਰੀ ਹੈ, ਇਸ ਲਈ ਉਹ ਹੋਰਨਾਂ ਪਾਸਿਓਂ ਤੋਂ ਹੱਥ ਘੁੱਟ ਲੈਂਦਾ ਹੈ। ਸਿੱਟੇ ਵਜੋਂ ਮੰਗ ਘਟਣ ਕਾਰਨ ਉਤਪਾਦਨ 'ਚ ਖੜੋਤ ਆ ਜਾਂਦੀ ਹੈ। ਸਨਅਤਕਾਰ ਕਰਮਚਾਰੀਆਂ ਦੀ ਛਾਂਟੀ ਕਰ ਦਿੰਦਾ ਹੈ। ਗਰੀਬੀ, ਬੇਰੁਜ਼ਗਾਰੀ ਤੇ ਭੁੱਖਮਰੀ ਦਾ ਇਹ ਚੱਕਰ ਭਿਆਨਕ ਰੂਪ ਧਾਰਨ ਕਰਕੇ ਸਮਾਜ ਦਾ ਸੰਤੁਲਨ ਵਿਗਾੜ ਦਿੰਦਾ ਹੈ। ਸਮਾਜ ਵਿੱਚ ਆਏ ਵਿਗਾੜਾਂ ਲਈ ਇਹੋ ਮੁੱਖ ਕਾਰਨ ਹੈ।*

# ਫਾਸ਼ੀਵਾਦ ਦਾ ਖਤਰਾ ਬਰਕਰਾਰ ਅਵੇਸਲੇ ਹੋਣ ਦਾ ਸਮਾਂ ਨਹੀਂ



ਡਾ. ਅਰੁਣ ਮਿੱਤਰਾ

ਡੇਢ ਮਹੀਨੇ ਤੋਂ ਉਪਰ ਹੋ ਗਿਆ ਚੋਣ ਨਤੀਜੇ ਆਏ ਨੂੰ। ਇਹਨਾਂ ਨਤੀਜਿਆਂ ਤੋਂ ਪਹਿਲਾਂ ਦੇਸ਼ ਦੇ ਸਮੁੱਚੇ ਚਿੰਤਕ ਲੋਕਾਂ ਦੇ ਵਿੱਚ ਇਹ ਡੂੰਘੀ ਚਿੰਤਾ ਸੀ ਕਿ ਜੇਕਰ ਮੋਦੀ ਸਰਕਾਰ ਬਹੁਮਤ ਹਾਸਲ ਕਰਕੇ ਫਿਰ ਸੱਤਾ ਵਿੱਚ ਆ ਗਈ ਜਾਂ 400 ਪਾਰ ਦੀਆਂ ਗੱਲਾਂ ਸੱਚੀਆਂ ਹੋਈਆਂ ਤਾਂ ਦੇਸ਼ ਦਾ ਆਉਣ ਵਾਲਾ ਭਵਿੱਖ ਬਹੁਤ ਹੀ ਖਤਰਨਾਕ ਦੌਰ ਵਿੱਚ ਚਲਾ ਜਾਏਗਾ। ਦੇਸ਼ ਵਿੱਚ ਫਿਰਕੂ ਹਾਲਾਤ ਹੋਰ ਵਿਗੜ ਜਾਣਗੇ, ਘੱਟ-ਗਿਣਤੀਆਂ, ਪ੍ਰਸ਼ਨ ਕਰਨ ਵਾਲਿਆਂ ਅਤੇ ਦਲਿਤਾਂ 'ਤੇ ਅੱਤਿਆਚਾਰ ਕਈ ਗੁਣਾ ਵਧ ਜਾਣਗੇ। ਧਰਮ ਨਿਰਪੱਖਤਾ, ਲੋਕਤੰਤਰ ਅਤੇ ਸਮਾਜਵਾਦ ਵਾਲੇ ਸੰਵਿਧਾਨ ਨੂੰ ਬਦਲਣ ਦੀ ਜੋ ਰੂਪ-ਰੇਖਾ ਉਹਨਾਂ ਨੇ ਤਿਆਰ ਕਰਕੇ ਹਿੰਦੂ ਰਾਸ਼ਟਰ ਦਾ ਸੰਵਿਧਾਨ ਬਣਾਉਣ ਦੀ ਵਿਉਂਤ ਬਣਾਈ ਹੋਈ ਹੈ, ਉਹ ਤੇਜ਼ੀ ਨਾਲ ਅੱਗੇ ਵਧੇਗੀ ਤੇ ਇਹ ਵੀ ਹੋ ਸਕਦਾ ਹੈ ਕਿ ਚੋਣਾਂ ਕਰਵਾਈਆਂ ਹੀ ਨਾ ਜਾਣ, ਕਿਉਂਕਿ ਮੋਦੀ ਹੈ ਤੋ ਮੁਮਕਿਨ ਹੈ, ਦੇ ਨਾਅਰੇ ਹੇਠ ਦੇਸ਼ ਨੂੰ ਫਾਲਤੂ ਦੇ ਖਰਚਿਆਂ ਤੋਂ ਬਚਾਉਣ ਦੀ ਗੱਲ ਕਰਕੇ ਤਾਨਾਸ਼ਾਹੀ ਦੇ ਦੌਰ ਨੂੰ ਹੋਰ ਮਜ਼ਬੂਤ ਕੀਤਾ ਜਾਏ, ਪਰ ਭਾਰਤ ਦੇ ਲੋਕਾਂ ਨੇ ਸਮਝਦਾਰੀ ਦਿਖਾਈ ਤੇ ਮੋਦੀ 272 ਦੇ ਅੰਕੜੇ ਤੋਂ 32 ਸੀਟਾਂ ਪਿੱਛੇ ਰਹਿ ਗਿਆ। ਇਸ ਲਈ ਉਸ ਨੂੰ ਸਰਕਾਰ ਬਣਾਉਣ ਲਈ ਦੂਜਿਆਂ ਦਾ ਸਹਾਰਾ ਲੈਣਾ ਪਿਆ। ਇਹ ਤਾਂ ਯਾਨੀ ਮੰਨੀ ਗੱਲ ਹੈ ਕਿ ਦੂਜਿਆਂ ਦੇ ਸਹਾਰਿਆਂ ਨਾਲ ਚੱਲਣ ਵਾਲੀ ਸਰਕਾਰ ਦੇ ਸਾਹਮਣੇ ਕਈ ਮੁਸ਼ਕਲਾਂ ਦਰਪੇਸ਼ ਆਉਂਦੀਆਂ ਹਨ, ਖਾਸ ਤੌਰ 'ਤੇ ਉਦੋਂ ਜਦੋਂ ਵਿਚਾਰਾਂ ਦੇ ਵਿੱਚ ਬੜੀ ਵਿਭਿੰਨਤਾ ਹੋਵੇ। ਤੇਲਗੂ ਦੇਸਮ ਜਾਂ ਨਿਤੀਸ਼ ਦੀ ਪਾਰਟੀ ਜੈਸੇ ਵੀ ਹੋਣ, ਪਰ ਉਹ ਫਿਰਕੂ ਜ਼ਹਿਰ ਨੂੰ ਨਹੀਂ ਪ੍ਰਚਾਰਦੇ, ਕਿਉਂਕਿ ਉਹਨਾਂ ਦੇ ਆਧਾਰ ਵਿੱਚ ਮੁਸਲਮਾਨ ਵੀ ਹਨ ਤੇ ਦਲਿਤ ਵੀ। ਇਸ ਲਈ ਇਹ ਤਾਂ ਸਾਫ ਹੋ ਗਿਆ ਕਿ ਇਹਨਾਂ ਚੋਣ ਨਤੀਜਿਆਂ ਦੇ ਨਾਲ ਹਿੰਦੂ ਰਾਸ਼ਟਰ ਦਾ ਸੰਵਿਧਾਨ ਤਾਂ ਨਹੀਂ ਲਿਆਇਆ ਜਾ ਸਕਦਾ, ਐੱਨ ਆਰ ਸੀ ਤਾਂ ਲਾਗੂ ਨਹੀਂ ਕੀਤਾ ਜਾ ਸਕਦਾ।

ਇੱਕ ਗੱਲ ਜਿਹੜੀ ਸਾਹਮਣੇ ਉੱਭਰ ਕੇ ਆਈ ਕਿ ਸਾਰਿਆਂ ਨੇ ਕੁਝ ਹੱਦ ਤੱਕ ਸੁੱਖ ਦਾ ਸਾਹ ਲਿਆ ਕਿ ਮੋਦੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ। ਇਹ ਸੁੱਖ ਦਾ ਸਾਹ ਉਹਨਾਂ ਕੱਟੜਪੰਥੀ ਖੱਬੀਆਂ ਧਿਰਾਂ ਦੇ ਆਗੂਆਂ ਤੇ ਕਾਰਕੁਨਾਂ ਸਮੇਤ ਸਭ ਨੇ ਲਿਆ, ਜੋ ਕਿ ਬੀ ਜੇ ਪੀ ਤੇ ਦੂਜੀਆਂ ਬੁਰਜੂਆ ਪਾਰਟੀਆਂ ਵਿੱਚ ਕੋਈ ਵਖਰੇਵਾਂ ਨਹੀਂ ਸਨ ਕਰਦੇ ਤੇ ਉਹਨਾਂ ਨੂੰ ਬਰਾਬਰ ਤੋਲਦੇ ਸਨ। ਨਤੀਜਿਆਂ ਵਾਲੇ ਦਿਨ ਟੈਲੀਫੋਨ ਕਰਕੇ ਉਹਨਾਂ ਨੇ ਕਿਹਾ ਕਿ ਬਹੁਤ ਵਧੀਆ ਹੋਇਆ ਕਿ ਇਹਨਾਂ ਦੀਆਂ 272 ਸੀਟਾਂ ਨਹੀਂ ਆਈਆਂ। ਇਹ ਗੱਲ ਤੇ ਸਾਫ ਹੈ ਕਿ ਖੱਬੀ ਧਿਰ ਤਾਂ ਸੱਤਾ ਵਿੱਚ ਆਈ ਨਹੀਂ, ਨਾ ਹੀ ਆਉਣ ਦੀ ਕੋਈ ਸੰਭਾਵਨਾ ਸੀ। ਦੂਜੇ ਪਾਸੇ ਇੰਡੀਆ ਬਲਾਕ ਜਿਸ ਵਿੱਚ ਮੋਟੇ ਤੌਰ 'ਤੇ ਬੁਰਜੂਆ ਪਾਰਟੀਆਂ ਹੀ ਹਨ, ਉਹਨਾਂ ਦੀ ਸ਼ਕਤੀ ਅੱਗੇ ਵਧੀ। ਇਸ ਇੰਡੀਆ ਬਲਾਕ ਵਿੱਚ ਕੇਵਲ 9 ਪਾਰਲੀਮੈਂਟ ਮੈਂਬਰ ਖੱਬੀ ਧਿਰ ਦੇ ਜਿੱਤ ਕੇ ਆਏ, ਪਰ ਫਿਰ ਵੀ ਸੁੱਖ ਦਾ ਸਾਹ ਸਾਰੀਆਂ ਖੱਬੀਆਂ ਧਿਰਾਂ ਨੇ ਲਿਆ।

ਕੁਝ ਕੁ ਲੋਕਾਂ ਨੂੰ ਇੰਜ ਜਾਪਣ ਲੱਗਾ ਕਿ ਹੁਣ ਮੋਦੀ ਕੁਝ ਸਬਕ ਲਏਗਾ, ਭਾਜਪਾ ਕੁਝ ਸਿੱਖੇਗੀ, ਆਰ ਐੱਸ ਐੱਸ ਇਸ ਤੋਂ ਸੀਖ ਲੈ ਕੇ ਕੁਝ ਹਾਂ-ਪੱਖੀ ਵਤੀਰਾ ਅਪਣਾਏਗੀ, ਆਰਥਿਕ ਨੀਤੀਆਂ ਵਿੱਚ ਪਰਿਵਰਤਨ ਹੋਏਗਾ, ਗਰੀਬ ਤੇ ਮੱਧਮ ਵਰਗ ਲਈ ਕੁਝ ਆਰਥਿਕ ਨੀਤੀਆਂ ਬਣਾਈਆਂ ਜਾਣਗੀਆਂ, ਵਿਦੇਸ਼ ਨੀਤੀ ਵਿੱਚ ਪਰਿਵਰਤਨ ਹੋਣਗੇ, ਪਰ ਇਹ ਇੱਕ ਗੈਰ ਜਮਾਤੀ ਸੋਚ ਦਾ ਪ੍ਰਗਟਾਵਾ ਹੈ। ਇੱਕ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ ਕਿ ਭਾਰਤੀ ਜਨਤਾ ਪਾਰਟੀ ਨਿਰੀਪੁਰੀ ਕਾਰਪੋਰੇਟ ਪੱਖੀ ਰਾਜਨੀਤਕ ਪਾਰਟੀ ਹੈ, ਜਿਸ ਨੂੰ ਕਿ ਆਰ ਐੱਸ ਐੱਸ ਦੀ ਪੂਰੀ ਥਾਪੜੀ ਹੈ। ਜੇ ਇਤਿਹਾਸ ਵਿੱਚ ਜਾਓ ਤਾਂ ਆਰ ਐੱਸ ਐੱਸ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਬਰਤਾਨਵੀ ਸਾਮਰਾਜਵਾਦ ਦਾ ਸਾਥ ਦਿੱਤਾ। ਨਮਕ ਸੱਤਿਆਗ੍ਰਹਿ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ। ਸੁਭਾਸ਼ ਚੰਦਰ ਬੋਸ, ਜਿਸ ਦੀਆਂ ਅੱਜ ਉਹ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ, ਦੀ ਆਜ਼ਾਦ ਹਿੰਦ ਫੌਜ ਵਿੱਚ ਨੌਜਵਾਨਾਂ ਨੂੰ ਜਾਣ ਤੋਂ ਰੋਕਿਆ। ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਕੁਰਾਹੇ ਪਏ ਆਖਿਆ। ਇਨਕਲਾਬੀਆਂ ਨੂੰ ਫੜਵਾਇਆ। ਆਪ ਉਹਨਾਂ ਨੇ ਮੁਸਲਿਮ ਲੀਗ ਦੇ ਨਾਲ ਮਿਲ ਕੇ ਬੰਗਾਲ 'ਚ ਸਰਕਾਰ ਵੀ ਬਣਾਈ। ਆਰ ਐੱਸ ਐੱਸ ਦੇ ਰੋਲ ਸਦਕਾ ਆਜ਼ਾਦੀ ਪਿੱਛੇ ਪਈ। ਆਜ਼ਾਦੀ ਉਪਰੰਤ ਤਿਰੰਗੇ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਤੇ 1950 ਤੋਂ ਬਾਅਦ 52 ਸਾਲ 2002 ਤੱਕ ਆਰ ਐੱਸ ਐੱਸ ਦੇ ਹੈਡਕੁਆਰਟਰ ਵਿੱਚ ਕਦੇ ਵੀ ਤਿਰੰਗਾ ਨਹੀਂ ਲਹਿਰਾਇਆ। ਆਪਣੇ ਪ੍ਰਚਾਰ ਵਿੱਚ ਲਗਾਤਾਰ ਹਿੰਦੂ ਰਾਸ਼ਟਰ ਦੀ ਗੱਲ ਕੀਤੀ ਤੇ ਘੱਟ ਗਿਣਤੀਆਂ ਨੂੰ ਦੁਰਕਾਰਿਆ। ਆਜ਼ਾਦੀ ਤੋਂ ਉਪਰੰਤ ਜਿੰਨੇ ਵੀ ਪ੍ਰਗਤੀਸ਼ੀਲ ਆਰਥਿਕ ਕਦਮ ਚੁੱਕੇ ਗਏ, ਜਿਵੇਂ ਕਿ ਰਾਜਿਆਂ ਦੇ ਭੱਤੇ ਸਮਾਪਤ ਕਰਨਾ, ਬੈਂਕਾਂ ਦਾ ਕੌਮੀਕਰਨ, ਕੋਇਲੇ ਤੇ ਲੋਹੇ ਦੀਆਂ ਖਾਨਾਂ ਦਾ ਕੌਮੀਕਰਨ ਆਦਿ ਇਹਨਾਂ ਸਭ ਦਾ ਡਟਵਾਂ ਵਿਰੋਧ ਕੀਤਾ। ਜਦੋਂ ਵੀ ਇਨ੍ਹਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿੱਚ ਇਹਨਾਂ ਦੀ ਭੂਮਿਕਾ ਬਾਰੇ ਪ੍ਰਸ਼ਨ ਕੀਤੇ ਜਾਣ ਲੱਗ ਪਏ ਤਾਂ ਇਹ ਸਾਵਰਕਰ ਨੂੰ ਅੱਗੇ ਲਾ ਕੇ ਆਏ, ਜਿਸ ਦਾ ਕਿ ਇਕਦਮ ਪਰਦਾਫਾਸ਼ ਹੋ ਗਿਆ ਕਿ ਉਹ ਅੰਗਰੇਜੀ ਸ਼ਾਸਨ ਤੋਂ ਛੇ ਵਾਰੀ ਮਾਫੀ ਮੰਗ ਕੇ ਅੰਡੇਮਾਨ ਨਿਕੋਬਾਰ ਜੇਲ੍ਹ ਤੋਂ ਬਾਹਰ ਆਇਆ ਅਤੇ ਬਾਅਦ ਵਿੱਚ ਉਸ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ।

ਖੈਰ ਜੇ ਹੁਣ ਦੀ ਗੱਲ ਕਰੀਏ ਤਾਂ ਇਤਿਹਾਸ ਤੋਂ ਸਿੱਖਣਾ ਜ਼ਰੂਰੀ ਹੈ, ਇਸ ਲਈ ਮੈਂ ਇਤਿਹਾਸ 'ਚੋਂ ਮਸਾਲਾਂ ਦਿੱਤੀਆਂ, ਕਿਉਂਕਿ ਇਹ ਇੱਕ ਵਿਸ਼ੇਸ਼ ਕਿਸਮ ਦੀ ਸੋਚ ਦੇ ਧਾਰਨੀ ਹਨ। ਇਹ ਦੂਸਰੀਆਂ ਬੁਰਜੂਆ ਪਾਰਟੀਆਂ ਵਰਗੇ ਨਹੀਂ ਹਨ। ਇਸ ਲਈ 4 ਜੂਨ ਤੋਂ ਬਾਅਦ ਜਦੋਂ ਇਹਨਾਂ ਨੂੰ ਲੱਗਿਆ ਕਿ ਹੁਣ ਕਮਜ਼ੋਰ ਪੈ ਗਏ ਹਨ, ਇਹਨਾਂ ਨੇ ਆਪਣੀਆਂ ਕਾਰਵਾਈਆਂ ਹੋਰ ਤਿੱਖੀਆਂ ਕਰ ਦਿੱਤੀਆਂ। ਮੋਦੀ ਨੂੰ ਕਾਰਪੋਰੇਟ ਖੇਤਰ ਨੇ ਆਪਣੇ ਘੋੜੇ ਵਾਂਗ ਤੇ ਭਾਜਪਾ ਆਰ ਐੱਸ ਐੱਸ ਨੇ ਇੱਕ ਦੈਤ ਵਾਂਗ ਲੋਕਾਂ ਵਿੱਚ ਲਿਆ ਕੇ ਖੜਾ ਕੀਤਾ ਤੇ ਸਭ ਕੁਝ ਇੱਕ ਵਿਅਕਤੀ ਦੇ ਆਲੇ-ਦੁਆਲੇ ਕੇਂਦਰਤ ਕਰ ਦਿੱਤਾ। ਇਸ ਸਾਰੀ ਗੱਲ ਨੇ ਉਸ ਦਾ ਦਿਮਾਗੀ ਸੰਤੁਲਨ ਵਿਗਾੜ ਕੇ ਰੱਖ ਦਿੱਤਾ ਤੇ ਆਪਣੇ-ਆਪ ਨੂੰ ਏਨਾ ਉੱਚਾ ਸਮਝਣ ਲੱਗ ਪਿਆ ਕਿ ਉਸਨੇ ਇਸ ਗੱਲ ਤੋਂ ਵੀ ਇਨਕਾਰ ਕਰ ਦਿੱਤਾ ਕਿ ਉਹ ਮਾਂ ਦੀ ਕੁੱਖ ਤੋਂ ਜੰਮਿਆ ਹੈ। ਉਸ ਨੇ ਕਿਹਾ ਕਿ ਮੈਂ ਹੁਣ ਪੂਰੀ ਤਰ੍ਹਾਂ ਅਸਵਸਤ ਹਾਂ ਕਿ ਮੈਂ ਜੈਵਿਕ ਨਹੀਂ, ਭਾਵ ਇਹ ਕਿ ਮਾਂ ਦੀ ਕੁੱਖ ਤੋਂ ਨਹੀਂ ਜੰਮਿਆ ਬਲਕਿ ਰੱਬ ਵੱਲੋਂ ਸਿੱਧਾ ਭੇਜਿਆ ਗਿਆ ਹਾਂ। ਐਸੇ ਵਿਅਕਤੀ ਤੋਂ ਆਸ ਕਰਨਾ ਕਿ ਉਹ ਬਦਲ ਜਾਏਗਾ, ਕਤਈ ਬੇਇਨਸਾਫੀ ਹੋਏਗੀ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਰਗਿਲ ਵਿੱਚ ਕਾਰਗਿਲ ਯੁੱਧ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਆਯੋਜਿਤ ਫੌਜੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਪਣੇ 105 ਸਾਲ ਤੱਕ ਜਿਉਣ ਦੀ ਟੇਢੇ ਢੰਗ ਨਾਲ ਗੱਲ ਕਰ ਦਿੱਤੀ।

ਚੋਣ ਨਤੀਜਿਆਂ ਤੋਂ ਬਾਅਦ ਇਸ ਨੇ ਆਪਣੀ ਤਾਕਤ ਦਾ ਦਿਖਾਵਾ ਕਰਨ ਲਈ ਦਿੱਲੀ ਆਪਣੇ ਦਫਤਰ ਵਿੱਚ ਮੀਟਿੰਗ ਦੇ ਵੇਲੇ ਬੜਾ ਵੱਡਾ ਜਲੂਸ ਕੱਢਿਆ। ਇਹ ਉਸ ਨੇ ਇਸ ਲਈ ਕੀਤਾ ਕਿ ਉਹਨਾਂ ਦੇ ਕੈਡਰ ਵਿੱਚ ਮਾਯੂਸੀ ਨਾ ਆਏ ਤੇ ਉਹ ਮੋਦੀ ਨੂੰ ਉਸੇ ਤਰੀਕੇ ਨਾਲ ਹੀ ਰੱਬ ਦਾ ਅਵਤਾਰ ਸਮਝ ਕੇ ਪੂਜਦੇ ਰਹਿਣ। ਉਸ ਤੋਂ ਬਾਅਦ ਕਿਸੇ ਵੀ ਮੌਕੇ 'ਤੇ ਫਿਰਕੂ ਸਦਭਾਵਨਾ ਦੀ ਕੋਈ ਗੱਲ ਨਹੀਂ ਕਹੀ। ਸੰਸਦ ਵਿੱਚ ਲਗਾਤਾਰ ਪਿਛਲੇ ਸੱਤਰ ਦੇ ਦੌਰਾਨ ਇਹਨਾਂ ਨੇ ਵਿਰੋਧੀ ਦਲਾਂ ਨੂੰ ਦਬਾ ਕੇ ਰੱਖਿਆ, ਪਰ ਹੁਣ ਬਦਲਵੀਂ ਸਥਿਤੀ ਦੇ ਵਿੱਚ ਉਹ ਆਖਦੇ ਫਿਰਦੇ ਹਨ ਕਿ ਵਿਰੋਧੀ ਧਿਰ ਮੈਨੂੰ ਬੋਲਣ ਨਹੀਂ ਦਿੰਦੀ। ਯੂ ਪੀ ਵਿੱਚ ਜਿਵੇਂ ਕਾਂਵੜੀਆਂ ਦੀ ਯਾਤਰਾ ਦੌਰਾਨ ਦੁਕਾਨਾਂ ਦੇ ਬਾਹਰ ਨਾਂਅ ਲਿਖਣ ਦੇ ਫਰਮਾਨ ਦਿੱਤੇ ਗਏ, ਉਹ ਇਸ ਲਈ ਸਨ ਕਿ ਫਿਰਕੂ ਤਣਾਓ ਫੈਲੇ ਤੇ ਕੋਸ਼ਿਸ਼ ਕੀਤੀ ਜਾਏ ਕਿ ਦੰਗੇ ਵੀ ਹੋਣ। ਉਸ ਦੀ ਜਿੰਨੀ ਵੀ ਵਾਟ ਲੱਗਦੀ ਹੈ, ਉਹ ਨਾਂਅ ਨਕਾਰਾਤਮਕ ਕਦਮ ਚੁੱਕਦਾ ਰਹੇਗਾ। ਇਹ ਸਾਰਾ ਕੁਝ ਆਪ ਨਹੀਂ ਬੋਲਦਾ, ਦੂਜਿਆਂ ਤੋਂ ਬੁਲਵੌਂਦਾ ਹੈ। ਜਿਵੇਂ ਕਿ ਹਿਮੰਤ ਬਿਸਵਾਸ ਸ਼ਰਮਾ ਨੇ ਕਿਹਾ ਕਿ ਅਸਾਮ ਛੇਤੀ ਹੀ ਮੁਸਲਮਾਨ ਬਹੁ ਆਬਾਦੀ ਹੋ ਜਾਏਗਾ; ਬੰਗਾਲ ਦੇ ਭਾਜਪਾ ਮੁਖੀ ਨੇ ਕਿਹਾ-ਸਭ ਕਾ ਸਾਥ ਸਭ ਕਾ ਵਿਕਾਸ ਦਾ ਕੋਈ ਮਤਲਬ ਨਹੀਂ, ਜੋ ਹਮਾਰੇ ਸਾਥ, ਹਮ ਉਸ ਕੇ ਸਾਥ ਦੀ ਗੱਲ ਕੀਤੀ। ਆਰਥਿਕ ਪਿੜ ਵਿੱਚ 70 ਘੰਟੇ ਕੰਮ ਦੇ ਹਫਤੇ ਦੀ ਗੱਲ ਫੇਰ ਦੁਹਰਾਈ। ਇਸ ਸਾਰੀ ਗੱਲ ਦਾ ਪ੍ਰਤੀਬਿੰਬ ਬਜਟ ਵਿੱਚ ਦਿਖਦਾ ਹੈ, ਜਿਸ ਵਿੱਚ ਮਿਹਨਤਕਸ਼ ਜਨਤਾ ਲਈ ਕੋਈ ਗੱਲ ਨਹੀਂ ਕੀਤੀ ਗਈ, ਬਲਕਿ ਵਿਦੇਸ਼ੀ ਇਨਵੈਸਟਰ ਦੀਆਂ ਟੈਕਸ ਦੀਆਂ ਦਰਾਂ ਨੂੰ ਘਟਾ ਦਿੱਤਾ ਗਿਆ। ਕਾਰਪੋਰੇਟਾਂ ਨੂੰ ਛੂਟ ਦਿੱਤੀ ਗਈ ਤੇ ਮੱਧਮ ਵਰਗ 'ਤੇ ਟੈਕਸ ਦਾ ਬੋਝ ਪਾਇਆ ਗਿਆ।

ਇਸ ਲਈ ਸੰਘਰਸ਼ ਤੇ ਜਾਰੀ ਰੱਖਣਾ ਹੀ ਪਏਗਾ। ਸੰਘਰਸ਼ ਜਾਰੀ ਰੱਖੇ ਬਿਨਾਂ ਫਾਸ਼ੀਵਾਦੀਆਂ ਤੋਂ ਨਿਜਾਤ ਨਹੀਂ ਪਾਈ ਜਾ ਸਕਦੀ। ਜੋ ਇਸ ਦੇ ਨਾਲ ਜੁੜੇ ਹਨ, ਉਹਨਾਂ ਨੂੰ ਸਮਝਾਉਣਾ ਪਏਗਾ ਕਿ ਤੁਹਾਡੀ ਦੁਰਦਸ਼ਾ ਨਵੀਨ ਪਟਨਾਇਕ ਵਾਲੀ ਹੋਣ ਵਾਲੀ ਹੈ। ਕਾਮਿਆਂ ਦੇ ਲਈ ਸੰਘਰਸ਼ ਬੜੇ ਵੱਡੇ ਪੱਧਰ 'ਤੇ ਕਰਨੇ ਪੈਣਗੇ, ਕਿਉਂਕਿ ਕਿਸੇ ਵੀ ਬੁਰਜੂਆ ਪਾਰਟੀ ਨੇ ਕਾਮਿਆਂ ਦੀ ਸਾਰ ਨਹੀਂ ਲੈਣੀ।

**# ਸੰਪਰਕ : 94170-00360**

# ਫਰਜ਼ੀ ਮੈਡੀਕਲ ਕੈਂਪਾਂ 'ਤੇ ਸ਼ਿਕੰਜਾ ਕੱਸਣ ਦੀ ਲੋੜ



ਡਾ. ਪ੍ਰਭਦੀਪ ਸਿੰਘ ਚਾਵਲਾ

ਅੱਜ-ਕੱਲ੍ਹ ਹਰ ਪਾਸੇ ਬਿਮਾਰੀਆਂ ਕਾਰਨ ਹਾਹਾਕਾਰ ਮਚੀ ਹੋਈ ਹੈ, ਹਰ ਉਮਰ ਦੇ ਲੋਕ ਕਿਸੇ ਨਾ ਕਿਸੇ ਬਿਮਾਰੀ ਨਾਲ ਜੂਝ ਰਹੇ ਹਨ, ਇਨ੍ਹਾਂ ਬਿਮਾਰੀਆਂ ਅਤੇ ਭਿਆਨਕ ਰੋਗਾਂ ਕਾਰਨ ਰੋਜ਼ਾਨਾ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਰਹੇ ਹਨ। ਸਾਡੇ ਦੇਸ 'ਚ ਬੇਹਤਰੀਨ ਡਾਕਟਰੀ ਸੇਵਾਵਾਂ ਉਪਲੱਬਧ ਹਨ, ਹਰ ਸੂਬੇ ਵਿੱਚ ਉੱਚ ਕੋਟੀ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਿਹਤ ਸੰਸਥਾਵਾਂ ਵਿੱਚ ਨਾਮਵਰ ਡਾਕਟਰ, ਮੈਡੀਕਲ ਰੋਗ ਮਾਹਿਰ ਅਤੇ ਖੋਜੀ ਆਪਣੀਆਂ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸੂਬੇ ਭਰ 'ਚ ਵੱਖ-ਵੱਖ ਇਲਾਜ ਪ੍ਰਣਾਲੀਆਂ ਪ੍ਰਚਲਿਤ ਹਨ, ਜਿਨ੍ਹਾਂ ਦਾ ਕਈ ਸ਼ਰਾਰਤੀ ਲੋਕ ਨਜਾਇਜ਼ ਫਾਇਦਾ ਉਠਾ ਰਹੇ ਹਨ ਅਤੇ ਆਮ ਜਨਤਾ ਨੂੰ ਫਰਜ਼ੀ ਮੈਡੀਕਲ ਕੈਂਪਾਂ ਜ਼ਰੀਏ ਗੁੰਮਰਾਹ ਕਰ ਮੋਟੀਆਂ ਰਕਮਾਂ ਲੁੱਟ ਰਹੇ ਹਨ, ਅਨੇਕਾਂ ਹੀ ਪ੍ਰੋਡਕਟਸ, ਦਵਾਈਆਂ, ਮੈਡੀਕਲ ਉਪਕਰਨ ਅਤੇ ਟੈਸਟ ਕਿੱਟਾਂ ਬਣਾਉਣ ਵਾਲੀਆਂ ਕੰਪਨੀਆਂ, ਨੈੱਟਵਰਕ ਕੰਪਨੀਆਂ ਨਾਲ ਜੁੜੇ ਲੋਕ ਅਤੇ ਅਣ-ਰਜਿਸਟਰਡ, ਗੈਰ-ਯੋਗਤਾ ਪ੍ਰਾਪਤ ਵਿਅਕਤੀ ਬਿਨਾਂ ਕਿਸੇ ਮਾਪਦੰਡ ਨੀਤੀ ਦੇ ਧੜੱਲੇ ਨਾਲ ਲੋਕਾਂ ਨਾਲ ਮੈਡੀਕਲ ਕੈਂਪ 'ਚ ਇਲਾਜ ਕਰਨ, ਤੰਦਰੁਸਤੀ ਅਤੇ ਸਿਹਤਮੰਦ ਕਰਨ ਦੇ ਨਾਂਅ 'ਤੇ ਖਿਲਵਾੜ ਕਰ ਰਹੇ ਹਨ ਅਤੇ ਹੱਥਾਂ 'ਤੇ ਹੱਥ ਮਾਰ ਰਹੇ ਹਨ। ਚਾਰ-ਚੁਫੇਰੇ ਮੈਡੀਕਲ ਕੈਂਪਾਂ ਦੀ ਭਰਮਾਰ ਨਜ਼ਰ ਆ ਰਹੀ ਹੈ, ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ, ਟਰੱਸਟ, ਫਾਊਂਡੇਸ਼ਨਜ਼ ਅਤੇ ਨਿੱਜੀ ਹਸਪਤਾਲ ਹਨ, ਜੋ ਮਨੁੱਖਤਾ ਦੀ ਸੇਵਾ ਲਈ ਮੁਫਤ ਮੈਡੀਕਲ ਕੈਂਪ ਲਗਾਉਂਦੇ ਹਨ ਅਤੇ ਗਰੀਬ ਤੇ ਲੋੜਵੰਦ ਲੋਕਾਂ ਨੂੰ ਮੁਫਤ ਜਾਂਚ, ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਪ੍ਰਦਾਨ ਕਰਦੇ ਹਨ, ਪਰ ਅੱਜ-ਕੱਲ੍ਹ ਮੈਡੀਕਲ ਕੈਂਪ ਲਗਾਉਣਾ ਵੀ ਇੱਕ ਕਿਸਮ ਦਾ ਸਕੈਂਡਲ ਜਿਹਾ ਹੀ ਜਾਪਦਾ ਹੈ। ਪਹਿਲਾਂ ਕੋਈ ਵੀ ਕੈਂਪ ਸਰਕਾਰ ਜਾਂ ਸਿਹਤ ਅਧਿਕਾਰੀਆਂ ਦੀ ਮਨਜ਼ੂਰੀ ਨਾਲ ਲੱਗਦਾ ਹੁੰਦਾ ਸੀ ਅਤੇ ਕੈਂਪ ਵਿੱਚ ਸਿਹਤ ਸਟਾਫ ਖੁਦ ਵੀ ਸ਼ਾਮਲ ਹੁੰਦਾ ਸੀ, ਕਈ ਆਯੁਰਵੈਦਿਕ, ਨਰਸਿੰਗ, ਫਿਜ਼ਿਓਥਰੈਪੀ ਅਤੇ ਡੈਂਟਲ ਸਿੱਖਿਆ ਨਾਲ ਸੰਬੰਧਤ ਅਦਾਰੇ ਆਪਣੇ ਵਿਦਿਆਰਥੀਆਂ ਨੂੰ ਫੀਲ੍ਡ ਪ੍ਰੈਕਟਿਸ ਕਰਵਾਉਣ ਲਈ ਆਪ ਹੀ ਨਿੱਤ-ਦਿਹਾੜੀ ਮੈਡੀਕਲ ਕੈਂਪ ਆਯੋਜਿਤ ਕਰੀ ਰੱਖਦੇ ਹਨ। ਕਈ ਦਵਾਖਾਨੇ ਅਤੇ ਛੋਟੇ-ਮੋਟੇ ਨਰਸਿੰਗ ਹੋਮ, ਕੇਅਰ ਸੈਂਟਰ, ਹਸਪਤਾਲਾਂ ਦਾ ਤਾਂ ਪੂਰੇ ਦਾ ਪੂਰਾ ਦਾਰੋਮਦਾਰ ਹੀ ਮੈਡੀਕਲ ਕੈਂਪਾਂ 'ਤੇ ਟਿਕਿਆ ਹੋਇਆ ਹੈ। ਇਨ੍ਹਾਂ ਦਵਾ ਕੇਂਦਰਾਂ ਨੇ ਆਪਣੀ ਵਿਸ਼ੇਸ਼ ਲੋਕ ਸੰਪਰਕ ਟੀਮ ਗਠਿਤ ਕੀਤੀ ਹੁੰਦੀ ਹੈ, ਜੋ ਪਿੰਡ-ਕਸਬੇ ਵਿੱਚ ਜਾ ਕੇ ਮੁਫਤ ਮੈਡੀਕਲ ਕੈਂਪ ਦਾ ਹੋਕਾ ਦੇ ਕੇ ਲੋਕਾਂ ਨੂੰ ਝੱਟ ਇਕੱਤਰ ਕਰ ਲੈਂਦੀ ਹੈ, ਫੇਰ ਕੀ ਹੈ ਵਿਚਾਰੇ ਲੋਕ ਵੀ ਇਹਨਾਂ ਦੇ ਮਗਰ ਲੱਗ ਜਾਂਦੇ ਹਨ ਅਤੇ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਜਾਂਚ ਕਰਵਾਉਂਦੇ ਹਨ, ਪਰ ਇਹ ਕੋਈ ਨਹੀਂ ਪੁੱਛਦਾ ਕਿ ਕਿਹੜੇ ਹਸਪਤਾਲ ਦਾ ਕਿਹੜਾ ਵੱਡਾ ਡਾਕਟਰ ਆਇਆ ਹੈ, ਕੈਂਪ ਦੀ ਮਨਜ਼ੂਰੀ ਵੀ ਲਈ ਹੈ ਕਿ ਨਹੀਂ। ਕੈਂਪ ਲਾਉਣ ਵਾਲੇ ਵੀ ਐੱਮ.ਆਰ.ਆਈ, ਐਕਸ-ਰੇ ਜਾਂ ਮਹਿੰਗੇ ਟੈਸਟ ਕਰਨ ਦੀ ਬਜਾਏ ਬੜੀ ਚਲਾਕੀ ਨਾਲ ਛੋਟੇ-ਮੋਟੇ ਬਲੱਡ ਨਮੂਨੇ ਇਕੱਤਰ ਕਰਕੇ ਸਸਤੀਆਂ ਦਵਾਈਆਂ ਜਾਂ ਦਵਾਈਆਂ ਦੇ ਕੁੱਝ ਨਮੂਨੇ ਮਰੀਜ਼ਾਂ ਨੂੰ ਦੇ ਕੇ ਹਸਪਤਾਲ ਜਾਂਚ ਲਈ ਆਉਣ ਅਤੇ ਇਲਾਜ 'ਚ ਭਾਰੀ ਛੋਟ ਦੇਣ ਦੀ ਫੂਕ ਮਾਰ ਛੱਡਦੇ ਹਨ। ਕਈਆਂ ਨੇ ਤਾਂ ਟੈਸਟਾਂ ਅਤੇ ਦਵਾਈਆਂ ਵੀ ਲੋਕਾਂ ਨੂੰ ਨਾ ਦੇਣ ਦੀ ਖੋਜ ਕਰਦਿਆਂ ਨਵੀਂ ਠੱਗੀ ਲੱਭ ਲਈ ਹੈ। ਉਹ ਭੋਲੇ-ਭਾਲੇ ਲੋਕਾਂ ਨਾਲ ਖਿਲਵਾੜ ਕਰਦੇ ਹਨ, ਲੈਪਟਾਪ 'ਤੇ ਹੱਥ ਰਖਾ ਕੇ ਬਿਮਾਰੀ ਲੱਭਣ ਦੀ ਗੱਲ ਕਰਕੇ ਅਤੇ 1-2 ਵੀਡੀਓ ਦਿਖਾ ਕਿ ਆਪਣੀ ਨੈੱਟਵਰਕ ਕੰਪਨੀ ਦੇ ਪ੍ਰੋਡਕਟਸ ਵਰਤਣ ਦੇ ਮੱਕੜ ਜਾਲ ਵਿੱਚ ਫਸਾ ਲੈਂਦੇ ਹਨ। ਕਈ ਤਾਂ ਏਨੇ ਢੌਂਗੀ ਹੁੰਦੇ ਹਨ ਕਿ ਮੈਡੀਕਲ ਕੈਂਪਾਂ ਵਿੱਚ 1-2 ਬਿਮਾਰੀ ਤੋਂ ਤੰਦਰੁਸਤ ਹੋਏ ਮਰੀਜ਼ ਆਮ ਜਨਤਾ ਵਿੱਚ ਬਿਠਾ ਦਿੰਦੇ ਨੇ ਤੇ ਉਹ ਆਮ ਜਨਤਾ 'ਚ ਸ਼ਾਮਲ ਹੋ ਕੇ ਸਫਲਤਾ ਦੀ ਕਹਾਣੀ ਬਿਮਾਰੀ ਤੋਂ ਤੰਦਰੁਸਤ ਹੋਣ ਦੀ ਗਾਥਾ ਇਸ ਤਰ੍ਹਾਂ ਨਾਟਕੀ ਢੰਗ ਨਾਲ ਪੇਸ਼ ਕਰਦੇ ਹਨ ਕਿ ਕਈ ਮਰੀਜ਼ਾਂ ਨੂੰ ਕੀਲ ਕੇ ਰੱਖ ਦਿੰਦੇ ਹਨ ਤੇ ਇਲਾਜ ਕਰਵਾਉਣ ਲਈ ਤਿਆਰ ਕਰ ਦਿੰਦੇ ਹਨ।

ਲੋੜ ਹੈ ਇਹ ਸਭ 'ਤੇ ਸ਼ਿਕੰਜਾ ਕੱਸਣ ਦੀ ਤੇ ਪੀੜਤ ਲੋਕਾਂ ਦੀ ਲੁੱਟ-ਖਸੁੱਟ ਰੋਕਣ ਦੀ, ਸਰਕਾਰ ਅਤੇ ਸੰਬੰਧਤ ਵਿਭਾਗ ਨੂੰ ਇਸ ਵਿਸ਼ੇ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਸਖਤੀ ਕਰਨੀ ਚਾਹੀਦੀ ਹੈ ਕਿ ਬਿਨਾਂ ਕਿਸੇ ਮਨਜ਼ੂਰੀ ਦੇ ਕੋਈ ਵੀ ਮੈਡੀਕਲ ਕੈਂਪ ਨਾ ਲੱਗੇ ਅਤੇ ਜਿਹੜੇ ਕੈਂਪ ਮਨਜ਼ੂਰੀ ਨਾਲ ਲੱਗਦੇ ਹਨ, ਉਨ੍ਹਾਂ ਕੈਂਪਾਂ ਵਿੱਚ ਵੀ ਵਿਭਾਗ ਦੇ ਅਧਿਕਾਰੀ ਜਰੂਰ ਸ਼ਮੂਲੀਅਤ ਕਰਨ ਤਾਂ ਜੋ ਕੈਂਪ ਪ੍ਰਬੰਧਕ ਉਚੇਚੇ ਅਤੇ ਯੋਗ ਪ੍ਰਬੰਧ ਕਰਨ, ਲੋਕਾਂ ਨੂੰ ਵੀ ਜਾਗਰੂਕ ਹੋ ਕੇ ਆਯੋਜਿਤ ਹੋ ਰਹੇ ਮੈਡੀਕਲ ਕੈਂਪਾਂ ਦੀ ਪੂਰੀ ਵਿਸਥਾਰ ਨਾਲ ਜਾਣਕਾਰੀ ਲੈਣੀ ਚਾਹੀਦੀ ਹੈ।

*# ਸੰਪਰਕ : 98146-56257*

# ਬਦਲਾ ਨਹੀਂ, ਸਮਾਜ ਬਦਲਣ ਦਾ ਪ੍ਰਤੀਕ ਹੈ ਸ਼ਹੀਦ ਊਧਮ ਸਿੰਘ

ਅਮੋਲਕ ਸਿੰਘ

ਫਿਰਕੂ ਦਹਿਸ਼ਤਗਰਦੀ ਅਤੇ ਭਰਾ ਮਾਰ ਹਨੇਰੀਆਂ ਦੀ ਗਰਦਿਸ਼ ਦੇ ਇਸ ਦੌਰ ਅੰਦਰ ਸ਼ਹੀਦ ਊਧਮ ਸਿੰਘ ਨੂੰ ਉਸ ਦੇ ਮਨਪਸੰਦ ਆਪੇ ਚੁਣੇ ਨਾਂਅ 'ਮੁਹੰਮਦ ਸਿੰਘ ਆਜ਼ਾਦ' ਵਜੋਂ ਮਿਲਣ ਅਤੇ ਸਜਦਾ ਕਰਨ ਦਾ ਇਤਿਹਾਸਕ ਮਹੱਤਵ ਹੈ।

ਊਧਮ ਸਿੰਘ ਦੀ ਲਾਸਾਨੀ ਭੂਮਿਕਾ ਨੂੰ ਜਲ੍ਹਿਆਂਵਾਲਾ ਬਾਗ਼ ਦੀ ਖ਼ੂਨੀ ਵਿਸਾਖੀ 13 ਅਪ੍ਰੈਲ 1919 ਤੋਂ ਸ਼ੁਰੂ ਕਰਕੇ ਮਾਈਕਲ ਉਡਵਾਇਰ ਨੂੰ ਗੋਲੀ ਮਾਰ ਕੇ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਅਤੇ 31 ਜੁਲਾਈ 1940 ਨੂੰ ਲੰਡਨ 'ਚ ਫਾਂਸੀ ਚੜ੍ਹਨ ਤੱਕ ਦੇ ਦਾਇਰੇ ਵਿਚ ਹੀ ਸਮੇਟ ਕੇ ਦੇਖਣਾ ਉਸ ਦੇ ਮਨ ਮਸਤਕ ਅੰਦਰ ਬਦਲੇ ਤੋਂ ਕਿਤੇ ਵਡੇਰੇ ਆਜ਼ਾਦੀ ਅਤੇ ਸਮਾਜਿਕ ਬਦਲਾਅ ਦੇ ਉਦੇਸ਼ ਨਾਲ ਨਾ ਇਨਸਾਫ਼ ਹੈ ਅਤੇ ਨਾ ਹੀ ਵਿਗਿਆਨਕ, ਤੱਥ ਭਰਪੂਰ ਇਤਿਹਾਸਕਾਰੀ ਹੈ।

ਉਹ ਗ਼ਦਰ ਲਹਿਰ ਦੀ ਸੋਚ ਅਤੇ ਸੁਪਨਿਆਂ ਨੂੰ ਪ੍ਰਣਾਇਆ ਸੂਝਵਾਨ ਇਨਕਲਾਬੀ ਸੀ, ਜਿਸ ਨੂੰ ਇਹ ਬੋਧ ਸੀ ਕਿ ਸਾਮਰਾਜਵਾਦ ਦਾ ਕਿਸੇ ਵੀ ਰੂਪ ਵਿੱਚ ਜਦ ਤੱਕ ਸਾਡੇ ਮੁਲਕ ਉਪਰ ਦਾਬਾ ਰਹੇਗਾ ਤਾਂ ਆਮ ਲੋਕਾਂ ਲਈ ਆਜ਼ਾਦੀ, ਖੁਸ਼ਹਾਲੀ, ਬਰਾਬਰੀ, ਇਨਸਾਫ਼ ਅਤੇ ਸਵੈਮਾਣ ਭਰੀ ਜ਼ਿੰਦਗੀ ਦੀ ਜ਼ਾਮਨੀ ਨਹੀਂ ਬਣ ਸਕੇਗੀ।

ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਇਤਿਹਾਸਕ ਪ੍ਰਮਾਣਿਕ ਤੱਥਾਂ, ਹਕੀਕਤਾਂ ਦੀ ਰੌਸ਼ਨੀ ਵਿਚ ਉਹਨਾ ਦੀ ਮਹਾਨ ਵਿਰਾਸਤ ਅਤੇ ਭੂਮਿਕਾ ਨੂੰ ਸਮਝਣ ਦੀ ਲੋੜ ਹੈ।

ਡਾਇਰੈਕਟਰ ਇੰਟੈਲੀਜੈਂਸ ਬਿਊਰੋ (ਹੋਮ ਵਿਭਾਗ, ਭਾਰਤ ਸਰਕਾਰ) ਵੱਲੋਂ 1934 ਵਿੱਚ ਜਾਰੀ ਕੀਤੀ ਗ਼ਦਰ ਡਾਇਰੈਕਟਰੀ ਦਰਸਾਉਂਦੀ ਹੈ ਕਿ ਊਧਮ ਸਿੰਘ ਨੇ ਸ਼ੇਰ ਸਿੰਘ, ਉਦੈ ਸਿੰਘ, ਫਰੈਂਕ ਬ੍ਰਾਜ਼ੀਲ, ਬਾਵਾ, ਐੱਮ ਐੱਸ ਆਜ਼ਾਦ ਆਦਿ ਬਦਲਵੇਂ ਨਾਂਅ ਰੱਖ ਕੇ ਆਜ਼ਾਦੀ ਦੀ ਜੱਦੋ-ਜਹਿਦ ਦਾ ਜਾਂਬਾਜ਼ ਵਫ਼ਾਦਾਰ ਸਪੂਤ ਬਣ ਕੇ ਲੋਕਾਂ ਨੂੰ ਖ਼ੂਬਸੂਰਤ ਜ਼ਿੰਦਗੀ ਦੇਣ ਲਈ ਆਪਣਾ ਸਭ ਕੁਝ ਕੁਰਬਾਨ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਦਾਇਕ ਭੂਮਿਕਾ ਅਦਾ ਕੀਤੀ।

ਉਹਦੇ ਚਿੰਤਨ ਅੰਦਰ ਗ਼ਦਰ ਪਾਰਟੀ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਵਰਗਿਆਂ ਦੀ ਨਿਭਾਈ ਭੂਮਿਕਾ ਅਤੇ ਸ਼ਹਾਦਤਾਂ ਦੀ ਲੋਅ ਜਗਦੀ ਸੀ। ਉਸ ਦੇ ਹਲਫ਼ੀਆ ਬਿਆਨ, ਤਕਰੀਰਾਂ ਵਿਸ਼ੇਸ਼ ਕਰਕੇ ਫਾਂਸੀ ਤੋਂ ਪਹਿਲਾਂ ਲੰਡਨ ਦੀ ਅਦਾਲਤ ਵਿੱਚ ਗਰਜਵੇਂ ਬੋਲਾਂ ਸੰਗ ਦਿੱਤੇ ਬਿਆਨ ਗਵਾਹੀ ਭਰਦੇ ਹਨ ਕਿ ਉਸ ਦਾ ਪ੍ਰਮੁੱਖ ਜਾਂ ਅੰਤਮ ਨਿਸ਼ਾਨਾ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਕਾਂਡ ਦਾ ਬਦਲਾ ਲੈਣ ਤੋਂ ਕਿਤੇ ਉਚੇਰਾ ਅਤੇ ਇਤਿਹਾਸਕ ਮਹੱਤਤਾ ਭਰਿਆ ਸੀ। ਉਸ ਦੇ ਸਾਹਾਂ ਅਤੇ ਰਾਹਾਂ ਵਿੱਚ ਗ਼ਦਰੀ ਸੰਗਰਾਮੀਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਨੌਜਵਾਨ ਭਾਰਤ ਸਭਾ ਅਤੇ ਸ਼ਹੀਦ ਭਗਤ ਸਿੰਘ ਵਰਗੇ ਇਨਕਲਾਬੀਆਂ ਦੇ ਮਹਾਨ ਆਦਰਸ਼ ਧੜਕਦੇ ਸਨ।

ਨੌਜਵਾਨ ਭਾਰਤ ਸਭਾ ਦੀ 1925 ਵਿੱਚ ਹੋਈ ਕਾਨਫਰੰਸ ਵਿੱਚ ਉਸ ਦੀ ਤਕਰੀਰ ਮੂੰਹ ਬੋਲਦਾ ਪ੍ਰਮਾਣ ਹੈ ਕਿ ਊਧਮ ਸਿੰਘ ਦੀ ਸੋਚ ਪਰਵਾਜ਼ ਕਿੰਨੀ ਉਚੇਰੀ ਸੀ :

'ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗ਼ੁਲਾਮੀ ਦੇ ਵਿਰੁੱਧ ਇਨਕਲਾਬ ਮਨੁੱਖੀ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰ ਕੇ ਸਿਰ ਨਿਵਾਂ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ। ਆਜ਼ਾਦੀ, ਜੀਵਨ ਅਤੇ ਗ਼ੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰ ਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ 'ਤੇ ਆਪਣੀਆਂ ਜਵਾਨੀਆਂ ਵਾਰਨ ਲਈ ਤਤਪਰ ਹਾਂ। ਇਸ ਮਹਾਨ ਆਦਰਸ਼ ਦੀ ਭੇਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।'

ਸੁਨਾਮ ਦੇ ਗਰੀਬ ਅਤੇ ਮਿਹਨਤਕਸ਼ ਪਰਵਾਰ ਵਿੱਚ 26 ਦਸੰਬਰ 1899 ਨੂੰ ਜਨਮੇ ਊਧਮ ਸਿੰਘ ਨੂੰ ਤੰਗੀਆਂ-ਤੁਰਸ਼ੀਆਂ ਦੀਆਂ ਲੋਰੀਆਂ ਮਿਲੀਆਂ। ਬਚਪਨ ਵਿਚ ਹੀ ਉਸ ਦੀ ਅੰਮੜੀ ਸਦਾ ਦੀ ਨੀਂਦ ਸੌਂ ਗਈ। ਉੱਪਲੀ (ਸੰਗਰੂਰ) ਦੇ ਰੇਲਵੇ ਫਾਟਕ 'ਤੇ ਨੌਕਰੀ ਕਰਦਾ ਬਾਪ ਅਤੇ ਮਗਰੋਂ ਭਰਾ ਸਭ ਅੱਖਾਂ ਮੀਟ ਗਏ।

ਪਰਵਾਰ ਦੇ ਚਾਵਾਂ, ਲਾਡਾਂ, ਖੁਸ਼ੀਆਂ ਅਤੇ ਰੋਸਿਆਂ ਤੋਂ ਵਿਰਵੇ ਊਧੋ (ਊਧਮ ਸਿੰਘ) ਦੀ ਨਗਰੀ ਯਤੀਮਖਾਨਾ ਅੰਮ੍ਰਿਤਸਰ ਹੋ ਗਈ।

ਸਾਡੇ ਸਮਾਜ ਅੰਦਰ ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਜੇ ਕਿਸੇ ਦੇ ਜੋਬਨ ਰੁੱਤੇ ਮਾਪੇ ਸਦੀਵੀ ਵਿਛੋੜਾ ਦੇ ਜਾਣ ਤਾਂ ਜੁਆਨੀ ਦੀ ਦਹਿਲੀਜ਼ 'ਤੇ ਕਦਮ ਧਰਨ ਵਾਲਿਆਂ ਦੇ 'ਵਿਗੜ ਜਾਣ' ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਊਧਮ ਸਿੰਘ ਨੇ ਸਖ਼ਤ ਘਾਲਣਾ, ਨਿਹਚਾ ਅਤੇ ਆਪਣੀ ਵਿਸ਼ਾਲ ਸੋਚ-ਦ੍ਰਿਸ਼ਟੀ ਦੇ ਜ਼ੋਰ ਇਹ ਧਾਰਨਾ ਰੱਦ ਕਰ ਕੇ ਵਿਖਾ ਦਿੱਤੀ। ਉਸ ਨੇ ਆਪਣੇ ਜੱਦੀ ਘਰ ਨਾਲ਼ੋਂ ਕਿਤੇ ਵਡੇਰੇ ਦੁਨੀਆ ਭਰ ਦੇ ਲੋਕਾਂ ਦੇ ਘਰਾਂ ਨੂੰ ਆਪਣਾ ਘਰ ਬਣਾ ਕੇ ਅਤੇ ਸੂਝ- ਬੂਝ ਨਾਲ ਜ਼ਿੰਦਗੀ ਦੇ ਸਫ਼ਰ ਦਾ ਹਰ ਇਮਤਿਹਾਨ ਪਾਸ ਕਰ ਕੇ ਦਿਖਾ ਦਿੱਤਾ ਕਿ



ਵਾਕਿਆ ਹੀ ਦੁਨੀਆ ਦੇ ਮਹਾਨ ਵਿਦਵਾਨ ਦਾ ਇਹ ਕਥਨ ਸਦੀਵੀ ਸੱਚ ਹੈ:

'ਇਸ ਦੁਨੀਆ 'ਤੇ ਬੰਦੇ ਖ਼ਾਤਰ  
ਕੋਈ ਨਹੀਂ ਕੰਮ ਔਖੇਰਾ  
ਬੱਸ ਚਾਹੀਦੈ ਪਰਬਤ ਉੱਤੇ  
ਪੈੜਾਂ ਕਰਨ ਦਾ ਜੇਰਾ।'

ਬਚਪਨ ਦੀ ਕੱਚੀ ਕਲੀ ਵਰਗੀ ਚੌਰਾਹੇ ਖੜ੍ਹੀ ਜ਼ਿੰਦਗੀ ਨੇ ਉਦਾਸ ਮੌਸਮ ਨੂੰ ਖ਼ੂਬਸੂਰਤ ਮੌਸਮ ਵਿਚ ਬਦਲਣ ਦਾ ਸਹੀ ਮਾਰਗ ਫੜਿਆ ਤਾਂ ਉਹ ਫੁੱਲ ਮੁਰਝਾਉਣਾ ਤਾਂ ਕੀ ਸੀ, ਸਗੋਂ ਉਦਾਸੀ ਦੇ ਆਲਮ ਵਿੱਚ ਘਿਰੇ ਅਨੇਕਾਂ ਲੋਕਾਂ ਨੂੰ ਨਵੀਂ ਜ਼ਿੰਦਗੀ ਦੇ ਮਾਰਗ ਨਾਲ਼ ਮਹਿਕਾ ਗਿਆ।

'ਕੰਬੋਜ ਸੰਦੇਸ਼' ਪੱਤ੍ਰਿਕਾ ਦੇ ਜੂਨ 1955 ਦੇ ਅੰਕ ਵਿੱਚ ਛਪਿਆ ਊਧਮ ਸਿੰਘ ਦਾ ਸੁਨੇਹਾ ਅੱਜ ਵੀ ਪ੍ਰਸੰਗਿਕ ਹੈ। ਉਹ ਸਾਮਰਾਜ ਅਤੇ ਉਸ ਦੇ ਹਿੱਤੂਆਂ ਦੇ ਵਹਿਸ਼ੀਆਨਾ ਕਿਰਦਾਰ ਤੋਂ ਭਲੀ-ਭਾਂਤ ਜਾਣੂੰ ਸੀ। ਉਸ ਦਾ ਸੰਦੇਸ਼ ਸੀ :

'ਭੋਲੇ-ਭਾਲੇ' ਭਾਰਤੀਆਂ ਖ਼ਿਲਾਫ਼ ਬੰਬਾਂ ਅਤੇ ਬੰਦੂਕਾਂ ਦੀ ਵਰਤੋਂ ਕੀਤੀ ਜਾਏਗੀ। ਵਹਿਸ਼ੀ ਸਾਮਰਾਜੀਆਂ ਵੱਲੋਂ ਭਾਰਤੀ ਲੋਕਾਂ ਦਾ ਵੱਡੀ ਪੱਧਰ 'ਤੇ ਸ਼ਿਕਾਰ ਖੇਡਿਆ ਜਾਏਗਾ। ਭਾਰਤ ਇੱਕ ਬੁੱਚੜਖਾਨਾ ਬਣ ਜਾਏਗਾ।'

ਇਹ ਭਵਿੱਖਬਾਣੀ ਸੱਚ ਸਾਬਤ ਹੋ ਰਹੀ ਹੈ। ਅੱਜ ਯੂ ਏ ਪੀ ਏ, ਫ਼ੌਜਦਾਰੀ ਕਾਨੂੰਨਾਂ ਦਾ ਜਕੜ ਪੰਜਾ ਮਜ਼ਬੂਤ ਕਰ ਕੇ, ਲੋਕਾਂ ਦੇ ਜਨਮ ਸਿੱਧ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਇਹ ਸਭ ਕੁਝ ਇਸ ਕਰਕੇ ਹੈ, ਤਾਂ ਜੋ ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੇ ਢਿੱਡ ਭਰਨ ਲਈ ਕੁਦਰਤੀ ਅਨਮੋਲ ਖਜ਼ਾਨਿਆਂ ਅਤੇ ਲੋਕਾਂ ਦੀ ਕਿਰਤ ਕਮਾਈ ਉੱਪਰ ਡਾਕਾ ਮਾਰਨ ਲਈ ਸਾਰੇ ਰਾਹ ਸਪਾਟ ਖੋਲ੍ਹੇ ਜਾ ਸਕਣ। ਹਰ ਵਿਰੋਧੀ ਆਵਾਜ਼ ਦੇ ਗਲ਼ ਅੰਗੂਠਾ ਦਿੱਤਾ ਜਾ ਸਕੇ। ਇਸ ਦੀ ਸਾਫ਼ ਤਸਵੀਰ ਸਾਡੇ ਸਾਹਮਣੇ ਹੈ। ਵਰ੍ਹਿਆਂ ਤੋਂ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਪੱਤਰਕਾਰਾਂ,ਰੰਗਕਰਮੀਆਂ, ਸਮਾਜਿਕ ਅਤੇ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ ਅੰਦਰ ਸੜਨ-ਮਰਨ ਲਈ ਡੱਕ ਰੱਖਿਆ ਹੈ। ਪੂਰੇ ਮੁਲਕ ਅੰਦਰ ਅਣ-ਐਲਾਨੀ ਐਮਰਜੈਂਸੀ ਦਾ ਦਮ ਘੁਟਵਾਂ ਮਾਹੌਲ ਥੋਪਿਆ ਜਾ ਰਿਹਾ ਹੈ। ਅਰੁੰਧਤੀ ਰਾਏ, ਪ੍ਰੋ.ਸ਼ੌਕਤ ਹੁਸੈਨ, ਮੇਧਾ ਪਾਟੇਕਰ ਵਰਗੇ ਲੋਕ ਹਿੱਤਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਸੀਖਾਂ ਪਿੱਛੇ ਡੱਕਣ ਲਈ ਰੱਸੇ-ਪੈੜੇ ਵੱਟੇ ਜਾ ਰਹੇ ਹਨ।

ਊਧਮ ਸਿੰਘ 1925 ਵਿੱਚ ਨੌਜਵਾਨ ਭਾਰਤ ਸਭਾ ਦੀ ਇਕੱਤਰਤਾ ਸੰਦੇਸ਼ ਦਿੰਦਾ ਹੈ :

'ਸਾਮਰਾਜੀ ਦਾਬੇ ਭਰੇ ਨਿਜ਼ਾਮ ਕਾਰਨ ਕਰੋੜਾਂ ਕਿਰਤੀ ਕੁੱਲੀ, ਗੁੱਲੀ, ਜੁੱਲੀ, ਵਿੱਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਸੱਖਣੇ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਜਿਸ ਦਾ ਕਿਰਤੀਆਂ, ਕਿਸਾਨਾਂ ਦੀ ਇਹ ਹਾਲਤ ਵੇਖ ਕੇ ਖ਼ੂਨ ਉਬਾਲੇ ਨਹੀਂ ਖਾਂਦਾ।'

ਊਧਮ ਸਿੰਘ ਜ਼ਿੰਦਗੀ ਦਾ ਸੱਚਾ ਆਸ਼ਿਕ ਸੀ। ਉਹ ਜ਼ਿੰਦਗੀ ਨੂੰ ਰੱਜ ਕੇ ਮੁਹੱਬਤ ਕਰਦਾ ਸੀ। ਉਹ ਜਦੋਂ 5 ਜੂਨ 1940 ਨੂੰ ਆਪਣੀ ਸ਼ਹਾਦਤ ਤੋਂ ਕੋਈ ਦੋ ਮਹੀਨੇ ਪਹਿਲਾਂ ਅਦਾਲਤ ਵਿੱਚ ਬਿਆਨ ਦੇਣ ਲੱਗਾ ਤਾਂ ਉਸ ਦੇ ਬਿਆਨ ਨੂੰ ਭਾਸ਼ਣ ਕਹਿ ਕੇ ਰੋਕਿਆ ਗਿਆ। ਅਖੀਰ ਉਸ ਨੇ ਬਿਆਨ ਦੇ ਟੁਕੜੇ-ਟੁਕੜੇ ਕਰ ਕੇ ਅਦਾਲਤ ਦੀ ਫ਼ਿਜ਼ਾ ਵਿੱਚ ਵਗਾਹ ਮਾਰੇ। ਟੁਕੜੇ-ਟੁਕੜੇ ਹੋਇਆ ਇਹ ਬਿਆਨ ਅਦਾਲਤ ਦੇ ਹੁਕਮਾਂ ਅਤੇ ਨਿਗਰਾਨੀ ਹੇਠ ਇਕੱਠਾ ਕੀਤਾ ਗਿਆ। ਇਸ ਬਿਆਨ ਵਿੱਚ ਕਿਹਾ ਗਿਆ ਹੈ:

'ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਇੱਕ ਜ਼ਮੀਨ ਵਾਹਕ ਦੇ ਤੌਰ ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ, ਜਿਹੜਾ ਜ਼ਾਲਮਾਨਾ ਹੈ। ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜ਼ਿਮੀਂਦਾਰਾਂ ਅਤੇ ਭੂਮੀਪਤੀਆਂ ਦਾ ਮੇਰੇ ਦੇਸ਼ ਦੀ ਜ਼ਮੀਨ ਅਤੇ ਸਨਅਤ ਉੱਪਰ ਕਬਜ਼ਾ ਹੈ। ਉਹ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਿਆਂ ਕਰ ਕੇ ਜ਼ਮੀਨ-ਜਾਇਦਾਦ ਦੇ ਸਿਰ 'ਤੇ ਆਨੰਦ ਮਾਣਦੇ ਹਨ। ਇਹ ਮੇਰੇ ਅਤੇ ਮੇਰੇ ਦੇਸ਼ ਲਈ ਨਫ਼ਰਤ ਯੋਗ ਹੈ। ਠਾਠ ਭਰੀ ਜ਼ਿੰਦਗੀ ਜੀਅ ਰਹੇ ਇਸ ਤਬਕੇ ਨੂੰ ਲੋਕਾਂ ਦੀ ਕੋਈ ਪ੍ਰਵਾਹ ਨਹੀਂ। ਨਾ ਉਹਨਾਂ ਲਈ ਸਿੱਖਿਆ, ਸਿਹਤ ਦਾ ਫ਼ਿਕਰ ਫਾਕਾ ਹੈ।'

ਅੱਜ ਲੋਕਾਈ ਪ੍ਰਵਾਸ, ਨਸ਼ਿਆਂ, ਬੇਰੁਜ਼ਗਾਰੀ, ਦਿਸ਼ਾਹੀਣਤਾ, ਨੈਤਿਕ ਗਿਰਾਵਟ ਵੱਲ ਧੱਕੀ ਜਾ ਰਹੀ ਹੈ। ਜਮਹੂਰੀ ਹੱਕਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਇਹ ਮਹਿਜ਼ ਲਿਖ਼ਣ ਬੋਲਣ ਦੀ ਆਜ਼ਾਦੀ ਉਪਰ ਹੀ ਹਮਲਾ ਨਹੀਂ, ਇਹ ਲੋਕਾਂ ਦੀ ਮੁਕੰਮਲ ਜੀਵਨ- ਸ਼ੈਲੀ ਉਪਰ ਘਿਨੌਣਾ ਹਮਲਾ ਹੈ। ਅਜਿਹੇ ਸਮੇਂ ਅੰਦਰ ਊਧਮ ਸਿੰਘ ਦਾ ਜੀਵਨ ਸੰਗਰਾਮ, ਅਦੁੱਤੀ ਲਾਸਾਨੀ ਕੁਰਬਾਨੀ, ਆਜ਼ਾਦ, ਧਰਮ - ਨਿਰਪੱਖ, ਖ਼ੁਸ਼ਹਾਲ, ਨਿਆਂ ਭਰੇ ਜਾਤ- ਪਾਤ ਦੇ ਕੋਹੜ ਤੋਂ ਮੁਕਤ ਰਾਜ ਅਤੇ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਡੇ ਸਮਿਆਂ ਦੇ ਉਦਾਸ ਮੌਸਮ ਨੂੰ ਬਦਲਣ ਦਾ ਮਾਰਗ-ਦਰਸ਼ਕ ਹੈ। ਉਹ ਜੀਵਿਆ ਲੋਕਾਂ ਲਈ। ਫਾਂਸੀ ਦਾ ਰੱਸਾ ਚੁੰਮਿਆਂ ਲੋਕਾਂ ਲਈ, ਜ਼ਿੰਦਗੀ ਦੇ ਆਖ਼ਰੀ ਪਲ਼ ਉਹ ਇਹ ਬੋਲ ਬੁਲੰਦ ਕਰਦਿਆਂ ਵਿਦਾ ਹੋਇਆ:

'ਕਿਆ ਹੂਆ ਅਗਰ ਮਿਟ ਜਾਏਂ,  
ਆਪਣੇ ਵਤਨ ਕੇ ਵਾਸਤੇ।  
ਬੁਲਬੁਲੇਂ ਕੁਰਬਾਨ ਹੋਤੀ ਹੈਂ,  
ਚਮਨ ਕੇ ਵਾਸਤੇ।'

**ਸੰਪਰਕ: 98778 -68710**

# ਨਰੇਗਾ ਕਾਮਿਆਂ ਤੇ ਮੇਟਾਂ ਨਾਲ ਸਰਕਾਰ ਵੱਲੋਂ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਗਦਾਈਆ

## ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਬੀ ਡੀ ਪੀ ਓ ਦਫਤਰ ਵਿਖੇ ਧਰਨਾ





**ਲੁਧਿਆਣਾ (ਐੱਮ ਐੱਸ ਭਾਟੀਆ)**-'ਨਰੇਗਾ ਕਾਮਿਆਂ ਨਾਲ ਤੇ ਮੇਟਾਂ ਨਾਲ ਸਰਕਾਰ ਦੇ ਇਸ਼ਾਰੇ 'ਤੇ ਕੀਤੀ ਜਾ ਰਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਧੱਕੇਸ਼ਾਹੀ ਦਾ ਜਵਾਬ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਵੱਲੋਂ ਜਥੇਬੰਦਕ ਤਰੀਕੇ ਨਾਲ ਦਿੱਤਾ ਜਾਵੇਗਾ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਏਟਕ ਦੇ ਸੂਬਾਈ ਆਗੂ ਸੀ ਪੀ ਆਈ ਜ਼ਿਲ੍ਹਾ ਲੁਧਿਆਣਾ ਦੇ ਸਕੱਤਰ ਡੀ ਪੀ ਮੌੜ, ਏਟਕ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਿੰਦਰ ਸਿੰਘ ਭਾਟੀਆ ਨੇ ਮਲੌਦ ਵਿਖੇ ਨਰੇਗਾ ਕਾਮਿਆਂ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਨਰੇਗਾ 2005 ਵਿੱਚ ਕਮਿਊਨਿਸਟ ਪਾਰਟੀਆਂ ਦੀ ਮਦਦ ਨਾਲ ਹੋਂਦ ਵਿੱਚ ਆਇਆ ਹੈ। ਇਸ ਐਕਟ ਰਾਹੀਂ ਪਿੰਡ ਵਿੱਚ ਹੱਥੀਂ ਕੰਮ ਕਰਨ ਵਾਲਾ 100 ਦਿਨ ਕੰਮ ਪ੍ਰਾਪਤ ਕਰ ਸਕਦਾ ਹੈ, ਪਰ ਸਾਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਕਿ 100 ਦਿਨ ਕੰਮ ਪ੍ਰਾਪਤ ਕਰਨ ਵਾਲੇ ਬਹੁਤ ਥੋੜ੍ਹੇ ਪਿੰਡ ਹੀ ਹੋਣਗੇ, ਪੰਜਾਬ ਦੇ ਗਿਣਤੀ ਦੇ ਬੀ ਡੀ ਪੀ ਓ ਬਲਾਕ ਹੋਣਗੇ, ਜਿੱਥੇ ਕੰਮ ਪ੍ਰਾਪਤ ਕਰਨ ਵਾਲੇ ਕਾਮਿਆਂ ਦੀ ਅਰਜ਼ੀ ਦਰਜ ਕੀਤੀ ਜਾਂਦੀ ਹੈ, ਬੁਹ- ਗਿਣਤੀ ਬੀ ਡੀ ਪੀ ਓ ਬਲਾਕ ਦਫਤਰਾਂ ਵਿੱਚ ਕਾਮਿਆਂ ਦੀ ਅਰਜ਼ੀ ਦਰਜ ਨਹੀਂ ਕੀਤੀ ਜਾਂਦੀ, ਕਾਮਿਆਂ ਨੇ ਹਾਜ਼ਰੀ ਲਈ ਮੇਟ ਦੀ ਚੋਣ ਆਪਣੇ ਵਿੱਚੋਂ ਹੀ ਕੀਤੀ ਜਾਣੀ ਹੈ, ਪਰ ਅਫਸਰਸ਼ਾਹੀ ਸਰਕਾਰ ਦੇ ਇਸ਼ਾਰਿਆਂ 'ਤੇ ਆਪਣੇ ਚਹੇਤਿਆਂ ਨੂੰ ਮੇਟ ਜ਼ਬਰਦਸਤੀ ਲਗਾ ਰਹੀਂ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਧਰਨੇ ਨੂੰ ਭਗਵਾਨ ਸਿੰਘ, ਜੋਰਾ ਸਿੰਘ, ਗੁਰਮੇਲ ਸਿੰਘ ਮੇਹਲੀ, ਬਲਜੀਤ ਸਿੰਘ ਸੀਹਾਂ ਦੌਦ ਆਦਿ ਨਰੇਗਾ ਆਗੂਆਂ ਨੇ ਕਿਹਾ ਕਿ ਬੀ ਡੀ ਪੀ ਓ ਦਫਤਰ ਮਲੌਦ ਦੇ ਅਧਿਕਾਰੀ ਮਜ਼ਦੂਰਾਂ ਦੀਆਂ ਅਰਜ਼ੀਆਂ ਦਰਜ ਨਹੀਂ ਕਰਦੇ ਤੇ ਨਾ ਹੀ ਨਿਯੁਕਤੀ ਪੱਤਰ ਦਿੰਦੇ ਹਨ, ਜੇਕਰ ਇਨ੍ਹਾਂ ਅਧਿਕਾਰੀਆਂ ਦਾ ਰਵੱਈਆ ਇਹੀ ਰਿਹਾ ਤਾਂ ਬੀ ਡੀ ਪੀ ਓ ਦਫਤਰ ਮਲੌਦ ਦੇ ਬਾਹਰ ਪੱਕਾ ਮੋਰਚਾ ਵੀ ਲਾ ਦਿੱਤਾ ਜਾਵੇਗਾ। ਇਸ ਧਰਨੇ ਨੂੰ ਅਵਤਾਰ ਸਿੰਘ, ਮਲਕੀਤ ਸਿੰਘ ਰਾਮਗੜ੍ਹ, ਲਾਭ ਸਿੰਘ, ਹਰਬੰਸ ਸਿੰਘ ਰੱਬੋ ਤੇ ਹਰਬੰਸ ਸਿੰਘ ਨੇ ਵੀ ਸੰਬੋਧਨ ਕੀਤਾ।

# ਚੱਲਦੀ ਟਰੇਨ 'ਚ ਬੰਬ ਦੀ ਅਫਵਾਹ!



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ 'ਚ ਮੰਗਲਵਾਰ ਸਵੇਰੇ ਬੰਬ ਦੀ ਸੂਚਨਾ ਮਿਲਣ ਤੋਂ ਬਾਅਦ ਜੰਮੂ ਤਵੀ ਤੋਂ ਅਹਿਮਦਾਬਾਦ ਜਾ ਰਹੀ ਐਕਸਪ੍ਰੈੱਸ ਟਰੇਨ ਨੂੰ ਰੋਕ ਦਿੱਤਾ ਗਿਆ।ਕਾਸੂ ਬੇਗੂ ਰੇਲਵੇ ਸਟੇਸ਼ਨ 'ਤੇ ਟਰੇਨ ਦੀ ਤਲਾਸ਼ੀ ਲਈ ਗਈ।ਭਾਰਤੀ ਫੌਜ ਦੇ ਬੰਬ ਨਿਰੋਧਕ ਦਸਤੇ ਨੂੰ ਵੀ ਬੁਲਾਇਆ ਗਿਆ।ਕਰੀਬ 6 ਘੰਟੇ ਤੱਕ ਚੱਲੀ ਤਲਾਸ਼ੀ ਤੋਂ ਬਾਅਦ ਟਰੇਨ 'ਚੋਂ ਕੁਝ ਨਹੀਂ ਮਿਲਿਆ।ਉਪਰੰਤ ਟਰੇਨ ਯਾਤਰੀਆਂ ਨੂੰ ਲੈ ਕੇ ਅਹਿਮਦਾਬਾਦ ਲਈ ਰਵਾਨਾ ਹੋ ਗਈ।ਫ਼ਿਰੋਜ਼ਪੁਰ ਦੇ ਐਸ ਐਸ ਪੀ ਸੌਮਿਆ ਮਿਸ਼ਰਾ ਨੇ ਦੱਸਿਆ ਕਿ ਬੰਬ ਦੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਕਾਲ ਡਿਟੇਲ ਟਰੇਸ ਕਰ ਲਈ ਗਈ ਹੈ।ਕਾਲ ਪੱਛਮੀ ਬੰਗਾਲ ਤੋਂ ਆਈ ਸੀ।ਪੰਜਾਬ ਪੁਲਸ ਨੇ ਪੱਛਮੀ ਬੰਗਾਲ ਦੀ ਸਥਾਨਕ ਪੁਲਸ ਨਾਲ ਸੰਪਰਕ ਕੀਤਾ ਤੇ ਪੱਛਮੀ ਬੰਗਾਲ ਤੋਂ ਫੋਨ ਕਰਨ ਵਾਲੇ ਨੂੰ ਹਿਰਾਸਤ ਵਿੱਚ ਲਿਆ।ਉਕਤ ਵਿਅਕਤੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਰੇਲਵੇ ਅਧਿਕਾਰੀਆਂ ਮੁਤਾਬਕ ਮੰਗਲਵਾਰ ਸਵੇਰੇ ਜੰਮੂ ਤਵੀ ਭਗਤ ਕੀ ਕੋਠੀ ਐਕਸਪ੍ਰੈੱਸ (ਟਰੇਨ ਨੰਬਰ 19226) 'ਚ ਸੁਰੱਖਿਆ ਸੰਬੰਧੀ ਸੂਚਨਾ ਮਿਲੀ।ਇਕ ਵਿਅਕਤੀ ਨੇ ਟਰੇਨ 'ਚ ਸਵਾਰ ਇਕ ਯਾਤਰੀ ਨੂੰ ਫੋਨ ਕਰਕੇ ਕਿਹਾ ਕਿ ਟਰੇਨ 'ਚ ਬੰਬ ਹੈ। ਇਸ ਤੋਂ ਬਾਅਦ ਯਾਤਰੀ ਨੇ ਤੁਰੰਤ ਰੇਲਵੇ ਅਧਿਕਾਰੀਆਂ ਨੂੰ ਸੂਚਨਾ ਦਿੱਤੀ।ਸੂਚਨਾ ਮਿਲਣ ਤੋਂ ਬਾਅਦ ਰੇਲਵੇ ਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ।ਯਾਤਰੀਆਂ ਨੂੰ ਤੁਰੰਤ ਟਰੇਨ 'ਚੋਂ ਬਾਹਰ ਕੱਢ ਕੇ ਤਲਾਸ਼ੀ ਕਰਨ ਉਪਰੰਤ ਗੱਡੀ ਨੂੰ ਅੱਗੇ ਰਵਾਨਾ ਕੀਤਾ।

# ਬਿਜਲੀ ਮੁਲਾਜ਼ਮਾਂ ਵੱਲੋਂ ਪਾਵਰਕਾਮ ਤੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਪੰਜਾਬ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਟੈਕਨੀਕਲ ਸਰਵਿਸਜ਼ ਯੂਨੀਅਨ ਗੁਰੂ ਹਰਸਹਾਏ ਦੇ ਸਮੂਹ ਮੁਲਾਜ਼ਮਾਂ ਵੱਲੋਂ ਸਬ ਡਵੀਜ਼ਨ ਦਫ਼ਤਰ ਦੇ ਗੇਟ ਅੱਗੇ ਰੋਹ ਭਰਪੂਰ ਰੋਸ ਰੈਲੀ ਪ੍ਰਧਾਨ ਸੁਰਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਅੱਜ ਦੀ ਰੋਸ ਰੈਲੀ ਨੂੰ ਸੰਬੋਧਨ ਕਰਦੇ ਸਰਕਲ ਸਕੱਤਰ ਇੰਜੀਨੀਅਰ ਸਿੰਗਾਰ ਮਹਿਰੋਕ ਤੇ ਡਵੀਜ਼ਨ ਪ੍ਰਧਾਨ ਨਾਨਕ ਚੰਦ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ 5 ਜੁਲਾਈ ਨੂੰ ਜਥੇਬੰਦੀ ਨਾਲ ਹੋਈ ਮੀਟਿੰਗ ਵਿੱਚ ਹੋਈ ਗੱਲਬਾਤ ਅਨੁਸਾਰ ਕੋਈ ਫੈਸਲਾ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਬਿਜਲੀ ਮੰਤਰੀ ਨਾਲ ਤਹਿ ਹੋਈ ਮੀਟਿੰਗ ਦੀ ਤਾਰੀਕ ਦੋ ਵਾਰ ਬਦਲ ਕੇ ਅੱਗੇ ਪਾ ਦਿੱਤੀ ਗਈ ਹੈ, ਜਿਸ ਤੋਂ ਜਾਪਦਾ ਹੈ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ।ਆਗੂਆਂ ਨੇ ਦੱਸਿਆ ਕਿ ਠੇਕੇਦਾਰੀ ਮਾੜੇ ਸਿਸਟਮ ਕਰਕੇ ਲਗਾਤਾਰ ਹਾਦਸੇ ਵੱਧ ਰਹੇ ਹਨ ਤੇ ਬਿਜਲੀ ਕਾਮਿਆਂ ਦੀ ਕੀਮਤੀ ਜਾਨ ਇਨ੍ਹਾਂ ਹਾਦਸਿਆਂ ਕਰਕੇ ਜਾ ਰਹੀ ਹੈ ਅਤੇ ਇਨ੍ਹਾਂ ਸਾਥੀਆਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਅਤੇ ਉਸ ਤਰਜ 'ਤੇ ਪਰਿਵਾਰ ਦੀ ਵਿੱਤੀ ਸਹਾਇਤਾ ਕੀਤੀ ਜਾਵੇ, ਮ੍ਰਿਤਕ ਕਰਮਚਾਰੀਆਂ ਦੇ ਵਾਰਿਸਾਂ ਨੂੰ ਯੋਗ ਨੌਕਰੀ ਦੇਣ, ਖ਼ਾਲੀ ਅਸਾਮੀਆਂ ਤਰੱਕੀ, ਨਵੀਂ ਭਰਤੀ ਰਾਹੀਂ ਭਰਨ ਆਦਿ ਦੀ ਥਾਂ ਤੇ ਫੀਲਡ ਵਿਚ ਰਿਸਕ ਵਾਲੀ ਡਿਊਟੀ ਲਈ ਰਿਟਾਇਰਡ ਕਰਮਚਾਰੀਆਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਦੇ ਰੋਸ ਵਜੋਂ ਸਮੁੱਚੇ ਪੰਜਾਬ ਵਿੱਚ ਮੰਡਲ ਪੱਧਰ 'ਤੇ 29, 30 ਜੁਲਾਈ ਨੂੰ ਰੋਸ ਰੈਲੀਆਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਦੱਸਿਆ ਕਿ ਬਿਜਲੀ ਅਦਾਰਾ ਇੱਕ ਬੇਹੱਦ ਮਹੱਤਵਪੂਰਨ ਅਦਾਰਾ ਹੈ, ਪ੍ਰੰਤੂ ਸਰਕਾਰ ਵੱਲੋਂ ਇਸ ਅਦਾਰੇ ਵਿੱਚ ਕੰਮ ਕਰਦੇ ਕਾਮਿਆਂ ਦੀ ਸਾਰ ਨਹੀਂ ਲਈ ਜਾ ਰਹੀ।ਆਗੂਆਂ ਨੇ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 31 ਜੁਲਾਈ 24 ਦੀ ਮੀਟਿੰਗ ਨਾ ਕੀਤੀ ਗਈ ਜਾਂ ਮੀਟਿੰਗ ਵਿੱਚ ਹੋਈਆਂ ਸਹਿਮਤੀਆਂ ਲਾਗੂ ਕਰਕੇ ਸਰਕੂਲਰ ਜਾਰੀ ਨਾ ਕੀਤੇ ਗਏ ਤਾਂ ਸਮੁੱਚੇ ਬਿਜਲੀ ਕਾਮੇ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਮੈਨੇਜਮੈਂਟ ਦੀ ਹੋਵੇਗੀ।ਅੱਜ ਦੀ ਰੋਸ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਪਾਲ, ਦਵਿੰਦਰ ਸਿੰਘ, ਸੰਦੀਪ ਕੁਮਾਰ, ਬਲਦੇਵ ਸਿੰਘ, ਡਵੀਜ਼ਨ ਆਗੂ ਬਲਕਾਰ ਚੰਦ ਨੇ ਸੰਬੋਧਨ ਕੀਤਾ।

# ਚਾਰ ਦੁਕਾਨਾਂ ਦੇ ਸ਼ਟਰ ਭੰਨੇ, ਨਗਦੀ ਤੇ ਸਾਮਾਨ ਚੋਰੀ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਮੰਗਲਵਾਰ ਸਵੇਰੇ ਤੜਕਸਾਰ ਕਰੀਬ ਦੋ ਵਜੇ ਕੁਝ ਅਣਪਛਾਤੇ ਸਵਿਫਟ ਕਾਰ ਸਵਾਰ ਨੌਜਵਾਨਾਂ ਵੱਲੋਂ ਸ਼ਹਿਰ ਅੰਦਰ ਚਾਰ ਦੁਕਾਨਾਂ ਦੇ ਸ਼ਟਰ ਭੰਨ ਦਿੱਤੇ ਗਏ ਅਤੇ ਇਹ ਅਣਪਛਾਤੇ ਚੋਰ ਗੱਲਿਆਂ 'ਚ ਪਈ ਨਗਦੀ ਸਮੇਤ ਡੀ.ਵੀ.ਆਰ. ਲੈ ਉੱਡੇ। ਜਾਣਕਾਰੀ ਅਨੁਸਾਰ ਸ਼ਹਿਰ ਦੇ ਮਸ਼ਹੂਰ ਵਪਾਰੀ ਭਾਗਸਰੀਆਂ ਦੀ ਰੇਹ ਸਪਰੇ ਦੀ ਦੁਕਾਨ, ਸਿੱਧੂ ਕਾਰ ਅਸੈਸਰੀ, ਇੱਕ ਮੈਡੀਕਲ ਸਮੇਤ ਇੱਕ ਕਰਿਆਨੇ ਦੀ ਦੁਕਾਨ ਨੂੰ ਕੁਝ ਅਣਪਛਾਤੇ ਚੋਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਚੋਰਾਂ ਵੱਲੋਂ ਪਹਿਲਾਂ ਤਾਂ ਬਾਹਰ ਲੱਗੇ ਕੈਮਰਿਆਂ ਦੇ ਮੂੰਹ ਘੁਮਾਏ ਗਏ ਤੇ ਫਿਰ ਦੁਕਾਨਾਂ ਅੰਦਰ ਦਾਖਲ ਹੋ ਕੇ ਡੀ.ਵੀ.ਆਰ. ਉਤਾਰੇ ਗਏ ਅਤੇ ਗੱਲਿਆਂ ਦੀ ਫਰੋਲਾ-ਫਰੋਲੀ ਕਰਕੇ ਕੁਝ ਨਗਦੀ ਲੈ ਕੇ ਫਰਾਰ ਹੋ ਗਏ। ਉਧਰ ਦੂਜੇ ਪਾਸੇ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਸੀ.ਸੀ.ਟੀ.ਵੀ. ਫੁਟੇਜ ਚੈੱਕ ਕਰਕੇ ਇਨ੍ਹਾਂ ਚੋਰਾਂ ਦੀ ਭਾਲ ਲਈ ਕਾਰਵਾਈ ਕੀਤੀ ਜਾ ਰਹੀ ਹੈ।

# ਦਿਹਾਤੀ ਮਜ਼ਦੂਰ ਸਭਾ ਵੱਲੋਂ ਥਾਣੇ ਮੂਹਰੇ ਧਰਨਾ 2 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਦਿਹਾਤੀ ਮਜ਼ਦੂਰ ਸਭਾ ਮੰਡੀ ਬਰੀਵਾਲਾ ਦੀ ਪ੍ਰਧਾਨ ਵੀਰਾਂ ਕੌਰ ਸਕੱਤਰ ਲਖਵੀਰ ਸਿੰਘ ਤਖ਼ਤ ਮੁਲਾਣਾ, ਤਹਿਸੀਲ ਆਗੂ ਰੀਤ ਕੌਰ, ਗੁਰਮੀਤ ਸਿੰਘ, ਜਗਸੀਰ ਗਾਂਧਾ ਸਿੰਘ ਵਾਲਾ, ਗੁਰਮੀਤ ਸਿੰਘ ਤੇ ਸੁਰਿੰਦਰ ਸਿੰਘ ਤਖ਼ਤ ਮੁਲਾਣਾ ਨੇ ਪਿੰਡ ਜੰਡੋਕੇ ਦੀ ਮਜ਼ਦੂਰ ਬੀਬੀ ਕੋਮਲ ਕੌਰ ਤੇ ਤਖ਼ਤ ਮੁਲਾਣਾ ਦੀਆਂ ਦੋ ਮਜ਼ਦੂਰ ਔਰਤਾਂ ਮਾਂ-ਧੀ ਜਸਵੀਰ ਕੌਰ ਤੇ ਵਰਿੰਦਰ ਕੌਰ ਨੂੰ, ਜੋ ਕਿਸੇ ਘਰੇਲੂ ਝਗੜੇ ਵਿੱਚ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਸਨ, ਬਿਆਨ ਲੈਣ ਗਏ ਮੰਡੀ ਬਰੀਵਾਲਾ ਦੇ ਪੁਲਸ ਮੁਲਾਜ਼ਮ ਨੇ ਇਨ੍ਹਾਂ ਨਾ ਬਹੁਤ ਮਾੜਾ ਬਹੇਵ ਕੀਤਾ ਤੇ ਜ਼ਲੀਲ ਕਰਦਿਆਂ ਗਾਲੀ ਗਲੋਚ ਕੀਤਾ। ਇਹ ਮਾਮਲਾ ਐਸ ਐਸ ਪੀ ਦੇ ਧਿਆਨ ਵਿੱਚ ਵੀ ਲਿਆਂਦਾ ਗਿਅ, ਪਰ ਉਨ੍ਹਾ ਉਕਤ ਪੁਲਸ ਮੁਲਾਜ਼ਮ ਪਲੂਸ ਸਿੰਘ ਦੀ ਹੀ ਹਮਾਇਤ ਕੀਤੀ, ਇਸ ਲਈ ਜਥੇਬੰਦੀ ਨੂੰ ਠਾਣੇ ਮੂਹਰੇ ਧਰਨਾ ਲਾਉਣ ਲਈ ਮਜਬੂਰ ਹੋਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮ ਪਲੂਸ ਸਿੰਘ ਨੇ ਜੇਕਰ ਮਾਫੀ ਨਾ ਮੰਗੀ ਤਾਂ 2 ਜੁਲਾਈ ਨੂੰ ਠਾਣਾ ਮੰਡੀ ਬਰੀਵਾਲਾ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਇਸ ਧਰਨੇ ਨੂੰ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਉਦ ਸੰਬੋਧਨ ਕਰਨਗੇ।ਉਕਤ ਆਗੂਆਂ ਨੇ ਸਮੂਹ ਮਜ਼ਦੂਰ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਧਰਨੇ ਵਿੱਚ ਜ਼ੋਰ ਜ਼ੋਰ ਨਾਲ ਸ਼ਮੂਲੀਅਤ ਕਰਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਾਥ ਦੇਣ।

# ਬਿਜਲੀ ਮੁਲਾਜ਼ਮਾਂ ਵੱਲੋਂ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਖਿਲਾ.ਫ ਗੇਟ ਰੈਲੀ

## ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਜਲਦ ਹੱਲ ਕਰੇ : ਰਮਨ ਲਹੌਰੀਆ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪੰਜਾਬ ਰਾਜ ਬਿਜਲੀ ਬੋਰਡ ਸਬ ਡਵੀਜ਼ਨਲ ਫਿਰੋਜ਼ਪੁਰ ਸ਼ਹਿਰ ਦੇ ਮੁਲਾਜ਼ਮਾਂ ਵੱਲੋਂ ਹਾਊਸਿੰਗ ਬੋਰਡ ਕਲੋਨੀ ਬਿਜਲੀ ਬੋਰਡ ਦੇ ਦਫ਼ਤਰ ਵਿਖੇ ਰਮਨ ਲਹੌਰੀਆਂ ਸਿਟੀ ਡਵੀਜ਼ਨਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਖਿਲਾਫ਼ ਗੇਟ ਰੈਲੀ ਕੀਤੀ ਗਈ।ਰੈਲੀ 'ਚ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਰਾਜੇਸ਼ ਦੇਵਗਨ ਡਵੀਜ਼ਨਲ ਪ੍ਰਧਾਨ ਅਰਬਨ, ਰਜਿੰਦਰ ਕੁਮਾਰ ਸਕੱਤਰ ਫਿਰੋਜ਼ਪੁਰ ਡਵੀਜ਼ਨਲ, ਰਵੀ ਸ਼ਰਮਾ, ਵਰਿੰਦਰ ਚਾਵਲਾ, ਤੁਸ਼ਾਰ ਕੁਮਾਰ, ਰਾਮ ਲੁਭਾਇਆ ਪ੍ਰਧਾਨ ਝੋਕ ਹਰੀਹਰ ਸਮੇਤ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ।

ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੰਗਾ ਦਾ ਨਿਪਟਾਰਾ ਨਹੀਂ ਕੀਤਾ ਗਿਆ, ਜਿਵੇਂ ਕੱਚੇ ਕਾਮੇ ਪੱਕੇ ਕਰਨਾ, ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨਾ, ਬਿਜਲੀ ਬੋਰਡ ਅੰਦਰ ਪ੍ਰਈਵੇਟ ਠੇਕੇ 'ਤੇ ਭਰਤੀ ਬੰਦ ਕਰਕੇ ਪੱਕੇ ਤੌਰ 'ਤੇ ਭਰਤੀ ਕਰਨਾ, ਡੀ ਏ ਦਾ ਬਕਾਇਆ ਜਾਰੀ ਕਰਨਾ, ਨਵੀਂ ਭਰਤੀ ਕਰਨਾ ਆਦਿ ਸਮੇਤ ਵੱਖ-ਵੱਖ ਮੰਗਾਂ ਦਾ ਨਿਪਟਾਰਾ ਪੰਜਾਬ ਸਰਕਾਰ ਨੇ ਜਲਦੀ ਨਾ ਕੀਤਾ ਤਾਂ ਵੱਡੇ ਐਕਸ਼ਨ ਕਰਨ ਲਈ ਮਜਬੂਰ ਹੋਣਾ ਪਵੇਗ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਵੀ ਮੁਲਾਜ਼ਮਾਂ ਦੀਆਂ ਵਿਭਾਗੀ ਮੰਗਾਂ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾਣ ਨਹੀਂ ਤਾਂ ਇਸ ਦੇ ਮਾੜੇ ਨਤੀਜੇ ਭੁਗਤਣੇ ਪੈਣਗੇ।

# ਨਵਦੀਪ ਵਸ਼ਿਸ਼ਟ ਬਣੇ ਡੀ ਏ ਵੀ ਪਾਤੜਾਂ ਦੇ ਨਵੇਂ ਪ੍ਰਿੰਸੀਪਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀਏਵੀ ਸਕੂਲ ਪਾਤੜਾਂ ਵਿਖੇ ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ ਲਿਆ ਹੈ। ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਭੌਤਿਕ ਵਿਗਿਆਨ ਵਿਸ਼ੇ ਵਿੱਚ ਮਾਸਟਰ ਡਿਗਰੀ ਤੇ ਬੀ-ਐੱਡ ਕਰਨ ਉਪਰੰਤ ਅਧਿਆਪਨ ਦੇ ਖੇਤਰ ਵਿੱਚ ਕਾਫ਼ੀ ਲੰਮੇ ਸਮੇਂ ਤੋਂ ਸੇਵਾ ਨਿਭਾ ਰਹੇ ਹਨ।ਉਨ੍ਹਾਂ ਨੇ ਆਪਣਾ ਅਧਿਆਪਨ ਦਾ ਸਫ਼ਰ 2005 ਤੋਂ ਆਰੰਭ ਕੀਤਾ।ਉਹ ਡੀਪੀਐਸ ਸਕੂਲ ਗੜ੍ਹਸ਼ੰਕਰ ਵਿਖੇ 7 ਸਾਲ ਬਤੌਰ ਪੀਜੀਟੀ ਫਿਜ਼ਿਕਸ ਰਹਿ ਚੁੱਕੇ ਹਨ।ਇਸ ਉਪਰੰਤ ਐੱਸ ਆਰ ਇੰਟਰਨੈਸ਼ਨਲ ਸਕੂਲ (ਆਦਮਪੁਰ) ਜਲੰਧਰ ਵਿਖੇ 12 ਸਾਲ 6 ਮਹੀਨੇ ਬਤੌਰ ਪ੍ਰਿੰਸੀਪਲ ਵਜੋਂ ਕਾਰਜ ਨਿਭਾਅ ਚੁੱਕੇ ਹਨ।ਉਨ੍ਹਾਂ ਨੇ ਡੀਏਵੀ ਪਾਤੜਾਂ ਵਿਖੇ ਆਪਣਾ ਅਹੁਦਾ ਸੰਭਾਲਦੇ ਹੋਏ ਇਹ ਪ੍ਰਣ ਲਿਆ ਕਿ ਉਹ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਧਿਆਨ ਰੱਖਦੇ ਹੋਏ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਦੌਰਾਨ ਸਮੂਹ ਸਕੂਲ ਸਟਾਫ ਨੇ ਅਹੁਦਾ ਸੰਭਾਲਣ ਮੌਕੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ।ਇਸ ਮੌਕੇ ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਹੁਰਾਂ ਦਾ ਸਾਰਾ ਪਰਿਵਾਰ ਹਾਜ਼ਰ ਸੀ।

# ਬੇਕਰੀ ਸਿਖਿਆਰਥੀਆਂ ਨੂੰ ਵਿਧਾਇਕਾ ਅਰੋੜਾ ਨੇ ਕਿੱਟਾਂ ਵੰਡੀਆਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਹੁਨਰ ਵਿਕਾਸ ਮਿਸ਼ਨ ਬੇਰੋਜ਼ਗਾਰਾਂ ਨੂੰ ਆਪਣਾ ਰੋਜ਼ਗਾਰ ਸਥਾਪਤ ਕਰਨ ਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜਾ ਕਰਨ ਲਈ ਵਰਦਾਨ ਸਾਬਿਤ ਹੋ ਰਿਹਾ ਹੈ। ਹੁਨਰ ਵਿਕਾਸ ਮਿਸ਼ਨ ਦਫਤਰ ਮੋਗਾ ਵੱਲੋਂ ਵੱਧ ਤੋਂ ਵੱਧ ਬੇਰੋਜ਼ਗਾਰਾਂ ਨੂੰ ਇਸ ਮਿਸ਼ਨ ਦਾ ਲਾਹਾ ਦਿੱਤਾ ਜਾ ਰਿਹਾ ਹੈ। ਮਿਸ਼ਨ ਤਹਿਤ ਅੱਜ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ ਦੀ ਮੌਜੂਦਗੀ ਵਿੱਚ 57 ਲੜਕੀਆਂ ਨੂੰ ਓਵਨ ਟੋਸਟਰ ਗਰਿੱਲ ਵੰਡੇ ਗਏ। ਇਨ੍ਹਾਂ 57 ਲੜਕੀਆਂ ਨੇ ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਬੇਕਰੀ ਕੋਰਸ ਦੀ ਮੁਫਤ ਵਿੱਚ ਟ੍ਰੇਨਿੰਗ ਪ੍ਰਾਪਤ ਕੀਤੀ ਸੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ ਵੀ ਹਾਜ਼ਰ ਸਨ। ਵਿਧਾਇਕ ਡਾ. ਅਮਨਦੀਪ ਕੌਰ ਨੇ ਦੱਸਿਆ ਕਿ ਇਸ ਮਿਸ਼ਨ ਦਾ ਵੱਧ ਤੋਂ ਵੱਧ ਲੋੜਵੰਦਾਂ ਨੂੰ ਫਾਇਦਾ ਉਠਾਉਣਾ ਚਾਹੀਦਾ ਹੈ। ਉਨ੍ਹਾ ਓ ਟੀ ਜੀ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਆਪਣਾ ਕਾਰੋਬਾਰ ਕੜੀ ਮਿਹਨਤ ਨਾਲ ਅੱਗੇ ਵਧਾਉਣ ਲ਼ਈ ਪ੍ਰੇਰਿਆ। ਇਨ੍ਹਾਂ ਲੜਕੀਆਂ ਵਿੱਚ ਘੱਟ ਗਿਣਤੀ ਸਵੈ-ਸਹਾਇਤਾ ਸਮੂਹਾਂ ਦੀਆਂ ਔਰਤਾਂ, ਵਿਧਵਾ ਔਰਤਾਂ ਸ਼ਾਮਲ ਹਨ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗਰੇਵਾਲ ਨੇ ਦੱਸਿਆ ਕਿ ਇਨ੍ਹਾਂ ਲੜਕੀਆਂ ਨੂੰ ਕੰਮ ਵਧਾਉਣ ਲਈ ਅੱਗੇ ਚੱਲ ਕੇ ਲੋਨ ਲਈ ਮੱਦਦ ਵੀ ਕੀਤੀ ਜਾਵੇਗੀ। ਇਸ ਮੌਕੇ ਮਨਪ੍ਰੀਤ ਕੌਰ ਮੈਨੇਜਰ ਸਕਿੱਲ ਡਿਵੈਲਪਮੈਂਟ ਮੈਨੇਜਰ ਨੇ ਦੱਸਿਆ ਕਿ ਕੋਈ ਵੀ ਨੌਜਵਾਨ ਦਸਵੀਂ ਬਾਰਵੀਂ ਕਰਨ ਉਪਰੰਤ ਹੁਨਰ ਸਿਖਲਾਈ ਪ੍ਰੋਗਰਾਮ ਲੈ ਸਕਦਾ ਹੈ ਤੇ ਹੁਨਰਮੰਦ ਹੋ ਕੇ ਰੋਜ਼ਗਾਰ ਪ੍ਰਾਪਤ ਕਰ ਸਕਦਾ ਹੈ। ਇਸ ਮੌਕੇ ਨਗਰ ਨਿਗਮ ਮੋਗਾ ਤੋਂ ਬਲਜੀਤ ਸਿੰਘ ਚਾਨੀ, ਰੋਜ਼ਗਾਰ ਦਫਤਰ ਮੋਗਾ ਤੋਂ ਸੋਨੀਆ ਬਾਜਵਾ, ਏ ਪੀ ਓ ਰਾਮ ਪ੍ਰਵੇਸ਼ ਤੇ ਅਮਾਇਰਾ ਗਰੁੱਪ ਦੇ ਨੁਮਾਇੰਦੇ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ੇ ਖਿਲਾਫ ਜਾਗਰੂਕਤਾ ਸੈਮੀਨਾਰ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਮੈਡਮ ਜਤਿੰਦਰ ਕੌਰ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ, ਫ਼ਾਜ਼ਿਲਕਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਬ ਜੇਲ੍ਹ ਫਾਜ਼ਿਲਕਾ ਵਿਖੇ ਨਸ਼ੇ ਖਿਲਾਫ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਸ੍ਰ. ਅਮਨਪ੍ਰੀਤ ਸਿੰਘ, ਮਾਣਯੋਗ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਾਜ਼ਿਲਕਾ ਤੇ ਸਿਵਿਲ ਸਰਜਨ ਦਫਤਰ ਤੋਂ ਜਨਰਲ ਕੌਂਸਲਰ ਸੁਰਿੰਦਰ ਨੇ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਤੇ ਕੈਦੀਆਂ ਨੂੰ ਨਸ਼ੇ ਦੇ ਨੁਕਸਾਨ ਬਾਰੇ ਦੱਸਿਆ।ਉਨ੍ਹਾਂ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਓਟ ਕਲੀਨਿਕ/ਨਸ਼ਾ ਛੁਡਾਓ ਕੇਂਦਰ ਬਣੇ ਹੋਏ ਹਨ, ਜਿਸ ਵਿੱਚ ਜਾ ਕੇ ਇਲਾਜ ਕਰਵਾਇਆ ਜਾ ਸਕਦਾ ਹੈ ਤੇ ਮਾੜੀ ਕੁਰੀਤੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

# ਕੇਂਦਰੀ ਜੇਲ੍ਹ 'ਚੋਂ 3 ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਤਿੰਨ ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 2 ਹਵਾਲਾਤੀਆਂ ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 9233 ਰਾਹੀਂ ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 29 ਜੁਲਾਈ 4 ਨੂੰ ਉਹ ਸਹਾਇਕ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਪਰਮਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਮੇਘਾ ਪੰਜ ਗਰਾਈਂ ਹਿਠਾੜ ਤੇ ਹਵਾਲਾਤੀ ਨਵਜੋਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮਲਕਾਣਾ ਥਾਣਾ ਰਾਮਾ ਮੰਡੀ ਬਠਿੰਡਾ ਕੋਲੋਂ 2 ਮੋਬਾਇਲ ਫੋਨ ਬਰਾਮਦ ਹੋਏ ਤੇ 1 ਮੋਬਾਇਲ ਫੋਨ ਲਾਵਾਰਿਸ ਬਰਾਮਦ ਹੋਇਆ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀਆਂ ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਦੁਕਾਨ 'ਚ ਦਾਖਲ ਹੋ ਕੇ ਕੀਤੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਖਾਈ ਅੱਡਾ ਵਿਖੇ ਇੱਕ ਸਪੇਅਰ ਪਾਰਟਸ ਦੀ ਦੁਕਾਨ ਅੰਦਰ ਦਾਖਲ ਹੋ ਕੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਦੁਕਾਨ ਦੀ ਭੰਨ-ਤੋੜ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 5 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਜੈ ਪੁੱਤਰ ਅਸ਼ੋਕ ਕੁਮਾਰ ਵਾਸੀ ਮਿਸਤਰੀਆਂ ਵਾਲੀ ਗਲੀ, ਮੁਲਤਾਨੀ ਗੇਟ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਖਾਈਵਾਲਾ ਅੱਡੇ 'ਤੇ ਸਪੇਅਰ ਪਾਰਟਸ ਦੀ ਦੁਕਾਨ ਕਰਦਾ ਹੈ, ਪਿਛਲੇ ਤਿੰਨ ਦਿਨ ਤੋਂ ਉਹ ਆਪਣੀ ਦੁਕਾਨ 'ਤੇ ਦੋਸ਼ੀ ਬਵੇਸ਼ ਵਾਸੀ ਬਸਤੀ ਬੋਰੀਆਂ ਵਾਲੀ ਕੋਲੋਂ ਫਰਸ਼ 'ਤੇ ਪੱਥਰ ਲਗਵਾਉਣ ਦਾ ਕੰਮ ਕਰਵਾ ਰਿਹਾ ਸੀ, ਜੋ ਕੰਮ 'ਤੇ ਨਾ ਆਉਣ 'ਤੇ ਟਾਲ ਮਟੋਲ ਕਰਦਾ ਰਿਹਾ ਤੇ ਕੰਮ 'ਤੇ ਨਹੀਂ ਆਇਆ। ਅਜੈ ਨੇ ਦੱਸਿਆ ਕਿ ਕਰੀਬ ਸਾਢੇ 10 ਵਜੇ ਸਵੇਰੇ ਆਪਣੇ ਅਣਪਛਾਤੇ ਸਾਥੀਆਂ ਨਾਲ ਆਇਆ, ਜਿਨ੍ਹਾਂ ਪਾਸ ਕਿਰਪਾਨਾਂ, ਬੇਸਬਾਲ ਸਨ, ਨੇ ਉਸ ਦੀ ਦੁਕਾਨ ਅੰਦਰ ਵੜ ਕੇ ਕੁੱਟਮਾਰ ਕੀਤੀ ਤੇ ਦੁਕਾਨ ਦੀ ਭੰਨ-ਤੋੜ ਕਰਕੇ ਨੁਕਸਾਨ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਗਰੂਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਮੀਟਿੰਗ 'ਚ ਅਹਿਮ ਮੁੱਦੇ ਵਿਚਾਰੇ

## ਪੱਤਰਕਾਰਾਂ ਦੀਆਂ ਮੰਗਾਂ ਸੰਬੰਧੀ ਸੀ ਐੱਮ ਨੂੰ ਦਿੱਤੇ ਜਾਣਗੇ ਮੰਗ ਪੱਤਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਪ੍ਰਧਾਨ ਬਲਬੀਰ ਜੰਡੂ ਦੀ ਪ੍ਰਧਾਨਗੀ ਹੇਠ ਹੋਈ।ਵਰਕਿੰਗ ਕਮੇਟੀ ਨੇ ਮੀਟਿੰਗ ਵਿੱਚ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੀਲੇ ਕਾਰਡਾਂ ਸੰਬੰਧੀ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਜ਼ਰੂਰੀ ਕਦਮ ਚੁੱਕਣ ਦਾ ਫੈਸਲਾ ਕੀਤਾ।ਮੀਟਿੰਗ ਦੌਰਾਨ ਉਨ੍ਹਾਂ ਅਧਿਕਾਰੀਆਂ ਦੀ ਆਲੋਚਨਾ ਵੀ ਕੀਤੀ, ਜਿਹੜੇ ਅਧਿਕਾਰੀ ਬਿਨਾਂ ਕਿਸੇ ਅਧਾਰ ਦੇ ਪੱਤਰਕਾਰਾਂ ਦੇ ਕਾਰਡਾਂ ਨੂੰ ਰੋਕਣ ਲਈ ਅਣਕਿਆਸੀਆਂ ਰੁਕਾਵਟਾਂ ਖੜੀਆਂ ਕਰ ਰਹੇ ਹਨ।ਯੂਨੀਅਨ ਦੇ ਬੁਲਾਰਿਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ।ਇਸ ਮੌਕੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਪ੍ਰਧਾਨਾਂ, ਜਨਰਲ ਸਕੱਤਰਾਂ ਨੇ ਪੱਤਰਕਾਰਾਂ ਨੂੰ ਫੀਲਡ ਵਿੱਚ ਕੰਮ ਕਰਦੇ ਸਮੇ ਦਰਪੇਸ਼ ਸਮੱਸਿਆਵਾਂ ਦੀ ਜਾਣਕਾਰੀ ਦਿੱਤੀ।ਇਨ੍ਹਾਂ ਸਮੱਸਿਆਵਾਂ ਵਿਚ ਪੀਲੇ ਕਾਰਡ, ਰੇਲਵੇ ਪਾਸ, ਬੱਸ ਸਫਰ ਸਹੂਲਤ, ਟੋਲ ਪਲਾਜ਼ਾ ਤੇ ਸਿਹਤ ਸਹੂਲਤਾਂ ਬਾਰੇ ਚਰਚਾ ਕੀਤੀ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੰਗਾਂ ਸੰਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੇਂਦਰੀ ਰੇਲਵੇ ਮੰਤਰੀ ਰਵਨੀਤ ਬਿੱਟੂ ਨੂੰ ਮੰਗ ਪੱਤਰ ਦਿੱਤੇ ਜਾਣ।ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਪੱਤਰਕਾਰਾਂ ਪ੍ਰਤੀ ਨਾਹਪੱਖੀ ਰਵੱਈਏ ਦੀ ਨਿੰਦਾ ਕੀਤੀ ਗਈ।ਇਸ ਮੌਕੇ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਪੱਤਰਕਾਰਾਂ ਨੂੰ ਦਬਾਉਣ ਲਈ ਵਰਤੇ ਜਾ ਰਹੇ ਗਲਤ ਢੰਗ-ਤਰੀਕਿਆਂ ਦੀ ਨਿੰਦਾ ਕੀਤੀ ਗਈ।ਇੰਡੀਅਨ ਜਰਨਲਿਸਟ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਜੰਮੂ ਨੇ ਕਿਹਾ ਕਿ ਤਿੰਨ ਤੇ ਚਾਰ ਅਗਸਤ ਨੂੰ ਪੰਚਕੂਲਾ ਵਿਖੇ ਯੂਨੀਅਨ ਦੀ ਕੌਮੀ ਕੌਂਸਲ ਦੀ ਦੋ ਰੋਜ਼ਾ ਮੀਟਿੰਗ ਹੋ ਰਹੀ ਹੈ ਤੇ ਇਸ ਮੀਟਿੰਗ ਵਿੱਚ ਦੇਸ਼ ਭਰ ਤੋਂ 150 ਤੋਂ ਵੱਧ ਪੱਤਰਕਾਰਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਪੱਤਰਕਾਰਾਂ ਨੂੰ ਦਰਪੇਸ਼ ਮਸਲਿਆਂ 'ਤੇ ਚਰਚਾ ਕਰਕੇ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ।

ਇਸ ਮੌਕੇ ਉੱਘੇ ਜਰਨਲਿਸਟ ਬਿੰਦੂ ਸਿੰਘ, ਭੁਪਿੰਦਰ ਸਿੰਘ ਮਲਿਕ, ਗੁਰਉਪਦੇਸ਼ ਭੁੱਲਰ, ਸੰਤੋਖ ਗਿੱਲ, ਰਜਿੰਦਰ ਰਿਖੀ, ਐੱਨ ਪੀ ਧਵਨ, ਸੁਖਨੈਬ ਸਿੰਘ ਸਿੱਧੂ, ਕੇ ਪੀ ਸਿੰਘ, ਸਰਬਜੀਤ ਭੱਟੀ, ਭੂਸ਼ਣ ਸੂਦ ਬਲਦੇਵ ਰਾਜ ਸ਼ਰਮਾ, ਜਸਬੀਰ ਸਿੰਘ ਕੰਬੋਜ, ਰਵਿੰਦਰ ਕਾਲਾ ਤੇ ਹੋਰਾਂ ਨੇ ਆਪਣੇ ਵਿਚਾਰ ਰੱਖੇ।ਇਸ ਮੌਕੇ ਯੂਨੀਅਨ ਦੇ ਖਾਲੀ ਅਹੁਦਿਆਂ ਦੀ ਭਰਪਾਈ ਕਰਦੇ ਹੋਏ ਸਰਬਸੰਮਤੀ ਨਾਲ ਭੂਸ਼ਣ ਸੂਦ ਨੂੰ ਐਕਟਿੰਗ ਸਕੱਤਰ ਜਨਰਲ, ਹਰਮੇਸ਼ ਵਿਰਦੀ ਨੂੰ ਮੀਤ ਪ੍ਰਧਾਨ, ਭਾਰਤ ਭੂਸ਼ਣ ਡੋਗਰਾ ਸੁਖਨੈਬ ਸਿੱਧੂ, ਬਲਦੇਵ ਸ਼ਰਮਾ ਤੇ ਪਰਵਿੰਦਰ ਜੌੜਾ ਨੂੰ ਵਰਕਿੰਗ ਕਮੇਟੀ ਮੈਂਬਰ ਬਣਾਇਆ ਗਿਆ।ਇਸ ਮੀਟਿੰਗ ਵਿੱਚ ਪੰਜਾਬ ਭਰ ਦੇ ਵਰਕਿੰਗ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ।




## ਸਪਰਿੰਗ ਡਿਊ ਸਕੂਲ ਵਿਖੇ ਵਣ-ਮਹਾਂਉਤਸਵ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿੱਚ ਪ੍ਰਿੰਸੀਪਲ ਨਵਨੀਤ ਚੌਹਾਨ ਦੀ ਅਗਵਾਈ ਹੇਠ ਪੰਜਾਬ ਸਕੂਲ ਫੈਡਰੇਸ਼ਨ ਵਜੋਂ ਉਲੀਕੇ ਪ੍ਰੋਗਰਾਮ ਮਿਸ਼ਨ ਹਰਿਆਲੀ ਤਹਿਤ ਵਣ ਮਹਾਂਉਤਸਵ ਮਨਾਇਆ ਗਿਆ, ਜਿਸ ਦੀ ਸ਼ੁਰੂਆਤ ਸਕੂਲ ਦੇ ਪ੍ਰੈਜ਼ੀਡੈਂਟ ਮਨਜੋਤ ਚੌਹਾਨ ਨੇ ਪੌਦਾ ਲਗਾ ਕੇ ਕੀਤੀ ਗਈ। ਉਪਰੰਤ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ, ਡਰਾਇਵਰਾਂ, ਕੰਡਕਟਰਾਂ ਤੇ ਮਾਪੇ ਸਾਹਿਬਾਨ ਨੂੰ ਅਲੱਗ ਅਲੱਗ ਕਿਸਮ ਦੇ ਪੌਦਿਆਂ ਦਾ ਵਿਤਰਣ ਕੀਤਾ ਗਿਆ, ਜਿਸ ਵਿੱਚ ਛਾਂਦਾਰ ਬੂਟਿਆਂ ਤੋਂ ਇਲਾਵਾ ਫਲਦਾਰ ਬੂਟੇ ਅੰਬ, ਜਾਮੁਣ, ਅਨਾਰ, ਅਮਰੂਦ, ਆਂਵਲਾ ਵੰਡੇ ਗਏ। ਇਸ ਤੋਂ ਬਿਨਾਂ ਸਕੂਲ ਦੇ ਆਲੇ-ਦੁਆਲੇ ਤੇ ਜੀ ਟੀ ਰੋਡ ਉਪਰ ਖਾਲੀ ਸਥਾਨ ਵਿੱਚ ਵਿਦਿਆਰਥੀਆਂ ਦੁਆਰਾ ਪੌਦੇ ਲਗਾਏ ਗਏ। ਸਕੂਲ ਦੇ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਇਸ ਦੌਰਾਨ ਕਿਹਾ ਕਿ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਵਿੱਚ ਪੌਦਿਆ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਕਿ ਪੌਦੇ ਬਨਸਪਤੀ, ਧਰਤੀ, ਗ੍ਰਹਿ ਲਈ ਫੇਫੜਿਆਂ ਦਾ ਕੰਮ ਕਰਦੇ ਹਨ, ਜੋ ਹਵਾ ਨੂੰ ਸ਼ੁੱਧ ਕਰਕੇ ਸਾਨੂੰ ਆਕਸੀਜਨ ਮੁਹੱਈਆ ਕਰਵਾਉਂਦੇ ਹਨ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਮੈਨੇਜਰ ਮਨਦੀਪ ਚੌਹਾਨ ਸਮੇਤ ਸਮੂਹ ਸਕੂਲ ਸਟਾਫ ਆਦਿ ਹਾਜ਼ਰ ਸਨ।

## ਸੀ ਜੀ ਐੱਮ ਕਾਲਜ ਮੋਹਲਾਂ ਦਾ ਨਤੀਜਾ ਸ਼ਾਨਦਾਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਮਈ-2024 ਦੇ ਨਤੀਜੇ ਵਿੱਚ ਸੀ.ਜੀ.ਐੱਮ. ਕਾਲਜ ਦਾ ਐੱਮ ਏ ਪੰਜਾਬੀ ਸਮੈਸਟਰ-2, ਐੱਮ ਏ ਹਿੰਦੀ ਸਮੈਸਟਰ-2 ਤੇ ਸਮਾਜ ਸ਼ਾਸਤਰ ਸਮੈਸਟਰ-4 ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਹੈ। ਐੱਮ ਏ ਪੰਜਾਬੀ ਸਮੈਸਟਰ-2 ਵਿੱਚ ਨਿਸ਼ਾ ਨੇ ਪਹਿਲਾ, ਅਮਨਜੋਤ ਕੌਰ ਨੇ ਦੂਸਰਾ ਤੇ ਈਸ਼ੀਕਾ ਨੇ ਤੀਜਾ ਸਥਾਨ ਹਾਸਲ ਕੀਤਾ। ਐੱਮ ਏ ਹਿੰਦੀ ਸਮੈਸਟਰ-2 ਵਿੱਚ ਮੋਨਿਕਾ ਮਲਹੋਤਰਾ ਨੇ ਪਹਿਲਾ, ਪ੍ਰਿਯੰਕਾ ਨੇ ਦੂਸਰਾ ਤੇ ਮੋਨਿਕਾ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਐੱਮ ਏ ਸਮਾਜ ਸ਼ਾਸਤਰ ਸਮੈਸਟਰ-4 ਵਿੱਚ ਬਲਜਿੰਦਰ ਕੌਰ ਨੇ ਪਹਿਲਾ, ਮੀਨੂੰ ਬਾਲਾ ਨੇ ਦੂਜਾ ਤੇ ਗਗਨਜੋਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਚੇਅਰਮੈਨ ਸੱਤਪਾਲ ਮੋਹਲਾਂ ਨੇ ਕਾਲਜ ਦੇ ਵਿਦਿਆਰਥੀਆਂ ਦੇ ਨਤੀਜੇ ਦੀ ਪ੍ਰਸੰਸਾ ਕਰਦੇ ਹੋਏ ਵਿਦਿਆਰਥੀਆਂ ਤੇ ਸਮੂਹ ਕਾਲਜ ਸਟਾਫ਼ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅੱਜ ਇਨ੍ਹਾਂ ਵਿਦਿਆਰਥੀਆਂ ਨੂੰ ਇਨ੍ਹਾਂ ਦੀ ਮਿਹਨਤ ਦਾ ਫਲ ਮਿਲਿਆ ਹੈ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਪ੍ਰਸੰਸਾ ਦਾ ਪਾਤਰ ਦੱਸਿਆ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ ਤੇ ਰਾਜ ਕੁਮਾਰ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਹੈ।

## ਆਨੰਦ'ਜ਼ ਮੈਡੀਸਿਟੀ ਹਸਪਤਾਲ ਨੇ ਪੌਦੇ ਲਗਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕੁਹਾੜਾ ਰੋਡ 'ਤੇ ਸਥਿਤ ਆਨੰਦ'ਜ਼ ਮੈਡੀਸਿਟੀ ਹਸਪਤਾਲ ਵੱਲੋਂ ਵਾਤਾਵਰਣ ਸੰਭਾਲ ਤੇ ਸ਼ੁਧਤਾ ਲਈ ਆਨੰਦ ਪਰਿਵਾਰ ਦੇ ਛੋਟੇ ਸਪੁੱਤਰ ਡਾ. ਹਿਮਾਂਸ਼ੂ ਆਨੰਦ ਦੇ ਜਨਮ ਦਿਨ ਮੌਕੇ ਪਿੰਡਾਂ ਵਿੱਚ ਪੌਦੇ ਲਗਾਏ ਗਏ। ਆਨੰਦ'ਜ਼ ਮੈਡੀਸਿਟੀ ਹਸਪਤਾਲ ਦੇ ਚੇਅਰਮੈਨ ਸ਼ਕਤੀ ਆਨੰਦ ਨੇ ਪਿੰਡ ਖਾਨਪੁਰ ਵਿਖੇ ਪੌਦੇ ਲਗਾਉਂਦਿਆਂ ਕਿਹਾ ਕਿ ਘਟਦੇ ਮੀਂਹ ਤੇ ਪ੍ਰਦੂਸ਼ਿਤ ਹੋ ਰਿਹਾ ਵਾਤਾਵਰਣ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ, ਜਿਸ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਹਰੇਕ ਵਿਅਕਤੀ ਆਪਣੇ ਪਰਿਵਾਰਕ ਮੈਂਬਰ ਦੇ ਜਨਮ ਦਿਨ 'ਤੇ ਪੌਦੇ ਲਗਾਵੇ ਤੇ ਉਸ ਦੀ ਸਾਂਭ-ਸੰਭਾਲ ਕਰੇ, ਜਿਸ ਨਾਲ ਸਾਡਾ ਵਾਤਾਵਰਣ ਸ਼ੁੱਧ ਹੋਵੇਗਾ। ਸ਼ਕਤੀ ਆਨੰਦ ਨੇ ਦੱਸਿਆ ਕਿ ਅੱਜ ਵੱਖ-ਵੱਖ ਕਿਸਮਾਂ ਦੇ ਕਰੀਬ 200 ਪੌਦੇ ਲਗਾਏ ਗਏ ਹਨ, ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਰਦਾਨ ਸਾਬਿਤ ਹੋਣਗੇ। ਇਸ ਮੌਕੇ ਡਾ. ਦੀਪ ਆਨੰਦ, ਐਡਵੋਕੇਟ ਕਪਿਲ ਆਨੰਦ, ਸੋਮ ਨਾਥ, ਸਰਪੰਚ ਬਿੱਟੂ ਖਾਨਪੁਰ ਮੌਜੂਦ ਸਨ।

## ਜੀ ਬੀ ਇੰਟਰਨੈਸ਼ਨਲ ਸਕੂਲ ਨੇ ਐੱਮ ਯੂ ਐੱਨ ਓਵਰਆਲ ਟਰਾਫ਼ੀ ਜਿੱਤੀ



**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਦੇ 56 ਵਿਦਿਆਰਥੀਆਂ ਨੇ ਸਕੂਲ ਮੁਖੀ ਸੰਦੀਪ ਬਾਂਸਲ ਤੇ ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਰਾਇਣ ਸਮਾਰਟ ਸਕੂਲ ਪਟਿਆਲਾ ਵਿਖੇ ਕੈਮਿਰਾ ਦੁਆਰਾ ਕਰਵਾਏ ਗਏ ਐੱਮ.ਯੂ.ਐੱਨ. 2024 ਵਿੱਚ ਭਾਗ ਲਿਆ।ਵੱਖ-ਵੱਖ ਕਮੇਟੀਆਂ ਦੀ ਨੁਮਾਇੰਦਗੀ ਕਰਨ ਵਾਲੇ ਜੀ ਬੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੁਰਸਕਾਰ ਪ੍ਰਾਪਤ ਕਰਕੇ ਵੱਖ-ਵੱਖ ਗਲੋਬਲ ਮੁੱਦਿਆਂ 'ਤੇ ਆਪਣੀ ਬੁੱਧੀ ਤੇ ਮੁਹਾਰਤ ਦਾ ਪ੍ਰਦਰਸ਼ਨ ਕੀਤਾ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ।ਬਾਰਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਭਾਵਿਕਾ ਮਨੋਚਾ ਨੇ ਡਬਲਯੂ.ਐੱਚ.ਓ. ਕਮੇਟੀ ਅਧੀਨ ਗੋਲਡ ਮੈਡਲ ਪ੍ਰਾਪਤ ਕੀਤਾ, ਜਦਕਿ ਬਾਰਵੀਂ ਜਮਾਤ ਦੀ ਕਾਮਰਸ ਦੇ ਅਸੀਸਇੰਦਰ ਸਿੰਘ ਤੇ ਪਵਨੀਤ ਕੌਰ ਨੂੰ 'ਆਨਰੇਬਲ ਡੈਲੀਗੇਸ਼ਨ ਐਵਾਰਡ' ਤੇ ਹਰਲੀਨ ਕੌਰ ਨੂੰ 'ਸਪੈਸ਼ਲ ਮੈਨਸ਼ਨ ਡੈਲੀਗੇਸ਼ਨ ਐਵਾਰਡ' ਪ੍ਰਾਪਤ ਹੋਇਆ। ਇਸ ਤੋਂ ਇਲਾਵਾ 'ਕੇਪੀਪੀ' ਕਮੇਟੀ ਅਧੀਨ ਅਮਨਵੀਰ ਸਿੰਘ ਨੇ 'ਫੋਟੋਗ੍ਰਾਫ਼ੀ ਐਵਾਰਡ' ਜਿੱਤਿਆ। ਇੰਨਾ ਹੀ ਨਹੀਂ, ਜੀ ਬੀ ਆਈ ਐੱਸ ਨੇ 'ਓਵਰਆਲ ਟਰਾਫ਼ੀ' ਹਾਸਲ ਕਰਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ।ਸਕੂਲ ਦੀ ਪ੍ਰਿੰਸੀਪਲ ਪੂਨਮ ਰਾਣੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਐੱਮ ਯੂ ਐੱਨ ਨੇ ਉਨ੍ਹਾਂ ਨੂੰ ਨਵੇਂ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਦੇ ਸਾਹਮਣੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ।

## ਅਮਨਦੀਪ ਲੱਕੀ ਇਲੈਕਟ੍ਰੋਨਿਕਸ ਮੀਡੀਆ ਐਸੋ. ਦੇ 5ਵੀਂ ਵਾਰ ਬਣੇ ਪ੍ਰਧਾਨ



**ਕੋਟਕਪੂਰਾ (ਰਛਪਾਲ ਭੁੱਲਰ)**-ਇਲੈਕਟ੍ਰੋਨਿਕਸ ਮੀਡੀਆ ਵੈੱਲਫੇਅਰ ਐਸੋਸੀਏਸ਼ਨ ਫਰੀਦਕੋਟ ਦੀ ਇਕ ਵਿਸ਼ੇਸ਼ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਗੁਰਜੀਤ ਸਿੰਘ ਰੋਮਾਣਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੱਤਰਕਾਰਾਂ ਨੂੰ ਫੀਲਡ ਵਿੱਚ ਦਰਪੇਸ਼ ਆਉਂਦੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗੁਰਜੀਤ ਰੋਮਾਣਾ ਦੀ ਟਰਮ ਪੂਰੀ ਹੋਣ 'ਤੇ ਐਸੋਸੀਏਸ਼ਨ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ 'ਚ ਸੀਨੀਅਰ ਪੱਤਰਕਾਰ ਅਮਨਦੀਪ ਸਿੰਘ ਲੱਕੀ ਨੂੰ ਐਸੋਸੀਏਸ਼ਨ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ।ਉਨ੍ਹਾ ਦੇ ਇਲਾਵਾ ਪੱਤਰਕਾਰ ਸੂਰਜ ਪ੍ਰਕਾਸ਼ ਨੂੰ ਸੀਨੀਅਰ ਮੀਤ ਪ੍ਰਧਾਨ, ਦੇਵਾ ਨੰਦ ਸ਼ਰਮਾ ਨੂੰ ਸੀਨੀਅਰ ਵਾਈਸ ਪ੍ਰਧਾਨ, ਪ੍ਰੇਮ ਪਾਸੀ ਨੂੰ ਚੇਅਰਮੈਨ, ਜਸਵੰਤ ਸਿੰਘ ਪੁਰਬਾ ਤੇ ਗੁਰਜੀਤ ਸਿੰਘ ਰੋਮਾਣਾ ਨੂੰ ਸਰਪ੍ਰਸਤ, ਜਗਤਾਰ ਸਿੰਘ ਦੋਸਾਂਝ ਨੂੰ ਪ੍ਰਮੁੱਖ ਸਲਾਹਕਾਰ, ਸੁਖਜਿੰਦਰ ਸਿੰਘ ਸਹੋਤਾ ਨੂੰ ਜਨਰਲ ਸਕੱਤਰ ਤੇ ਸੀਨੀਅਰ ਪੱਤਰਕਾਰ ਤਰਸੇਮ ਚਾਨਣਾ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਮੌਕੇ ਸਾਰੇ ਹੀ ਕਲੱਬ ਮੈਂਬਰਾਂ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਤਰਸੇਮ ਚੋਪੜਾ, ਨਰੇਸ਼ ਸੇਠੀ, ਹਰਮਿੰਦਰ ਮਿੰਦਾ, ਗਗਨਦੀਪ ਐੱਮ ਆਰ, ਰਾਜਨ ਠਾਕੁਰ, ਰੇਸ਼ਮ ਵੜਤੀਆ, ਕੇ. ਸੀ. ਸੰਜੇ, ਜਸਵਿੰਦਰ ਜੱਸੀ, ਮਨਪ੍ਰੀਤ ਮਨੀ ਤੇ ਰਾਜੇਸ਼ ਬਾਗੜੀ ਆਦਿ ਮੌਜੂਦ ਸਨ।

## ਐਡਵੋਕੇਟ ਬਲਜੀਤ ਸਿੱਧੂ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਬਣੇ



**ਧੂਰੀ (ਸੁਖਦੇਵ ਧੂਰੀ)**-ਰੋਟਰੀ ਦੇ ਗਵਰਨਰ ਸਮੇਤ ਹੋਰਨਾਂ ਅਹੁਦੇਦਾਰਾਂ ਵੱਲੋਂ ਸੀਨੀਅਰ ਐਡਵੋਕੇਟ ਬਲਜੀਤ ਸਿੰਘ ਸਿੱਧੂ ਦੀ ਰੋਟਰੀ ਕਲੱਬ ਦੇ ਨਵੇਂ ਪ੍ਰਧਾਨ ਵਜੋਂ ਤਾਜਪੋਸ਼ੀ ਕੀਤੀ ਗਈ ਅਤੇ ਕਲੱਬ ਦੇ ਨਵੇਂ ਜਰਨਲ ਸਕੱਤਰ ਕਪਿਲ ਗੋਇਲ ਨੂੰ ਚੁਣਿਆ ਗਿਆ। ਸਥਾਨਕ ਹੋਟਲ ਵਿਖੇ ਕਰਵਾਏ ਸਮਾਗਮ ਦੌਰਾਨ ਕਲੱਬ ਦੇ ਜ਼ਿਲ੍ਹਾ ਗਵਰਨਰ ਡਾ. ਸੰਦੀਪ ਚੌਹਾਨ, ਉਨ੍ਹਾਂ ਦੀ ਧਰਮਪਤਨੀ ਡਾ. ਸੋਨੀਆ ਚੌਹਾਨ, ਸਾਬਕਾ ਗਵਰਨਰਾਂ 'ਚ ਘਨਸ਼ਾਮ ਕਾਂਸਲ, ਅਮਜ਼ਦ ਅਲੀ ਤੇ ਰਾਜਿੰਦਰ ਤਨੇਜਾ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਦੌਰਾਨ ਕਲੱਬ ਦੇ ਗਵਰਨਰ ਡਾ. ਸੰਦੀਪ ਚੌਹਾਨ ਵੱਲੋਂ ਕਾਲਰ ਪਾ ਕੇ ਕਲੱਬ ਦੇ ਨਵੇਂ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਸਿੱਧੂ ਤੇ ਜਰਨਲ ਸਕੱਤਰ ਕਪਿਲ ਗੋਇਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਸੰਦੀਪ ਚੌਹਾਨ ਨੇ ਸਮੂਹ ਮੈਂਬਰਾਂ ਨੂੰ ਨਵੀਂ ਟੀਮ ਦੀ ਤਾਜਪੋਸ਼ੀ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਇਸ ਕਲੱਬ ਦਾ ਮਕਸਦ ਸਮਾਜ ਦੇ ਲੋੜਵੰਦ ਵਰਗਾਂ ਦੀ ਸੇਵਾ ਕਰਨਾ ਹੈ। ਇਸ ਮੌਕੇ ਉਨ੍ਹਾਂ ਕਲੱਬ ਦੇ ਆਦੇਸ਼ ਤੇ ਪ੍ਰਾਪਤੀਆਂ 'ਤੇ ਵੀ ਰੋਸ਼ਨੀ ਪਾਈ। ਇਸ ਮੌਕੇ ਸਾਬਕਾ ਪ੍ਰਧਾਨ ਮੱਖਣ ਲਾਲ ਗਰਗ ਵੱਲੋਂ ਆਪਣੇ ਕਾਰਜਕਾਲ ਦੌਰਾਨ ਅੰਜਾਮ ਦਿੱਤੇ ਗਏ ਸਮਾਜਸੇਵੀ ਕਾਰਜਾਂ ਤੋਂ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਸਿੱਧੂ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ੁੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ਼ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਜਰਨਲ ਸਕੱਤਰ ਡਾ. ਜਗਮੋਹਨ ਸਿੰਘ, ਡਾ. ਰਮੇਸ਼ ਸ਼ਰਮਾ, ਪ੍ਰਤੀਕ ਸੋਈਨ, ਐਡਵੋਕੇਟ ਸੁਮਿਤ ਜੈਨ, ਰਾਜਨ ਗਰਗ, ਚਰਨ ਸਿੰਘ ਮੁਸਾਫਿਰ, ਐੱਮ ਐੱਲ ਸ਼ਰਮਾ, ਰਜਨੀਸ਼ ਗਰਗ ਰਾਜੂ, ਹੁਕਮ ਚੰਦ ਸਿੰਗਲਾ, ਰਮੇਸ਼ ਗੋਇਲ, ਸਰਬਜੀਤ ਸਿੰਘ ਤੇ ਨਾਗੇਸ਼ ਬਾਂਸਲ ਆਦਿ ਹਾਜ਼ਰ ਸਨ।

# ਹਾਜ਼ਰੀ ਨਾ ਲਗਵਾਉਣ 'ਤੇ ਕਿਰਤੀ ਕਾਮਿਆਂ ਦਾ ਮਾਮਲਾ ਫਿਰ ਉਲਝਿਆ

■ ਸੁਪਰਡੈਂਟ 'ਤੇ ਹੱਥੋਪਾਈ ਦੇ ਦੋਸ਼, ਮਹਿਲਾ ਸਫਾਈ ਕਰਮੀ ਹਸਪਤਾਲ ਦਾਖਲ ■ ਸੁਪਰਡੈਂਟ ਵੀ ਦਾਖਲ ਹੋਣ ਤੋਂ ਬਾਅਦ ਡਿਸਚਾਰਜ, ਗੰਭੀਰ ਜ਼ਖਮੀ ਮਹਿਲਾ ਬਠਿੰਡਾ ਰੈਫਰ



ਦਫਤਰ 'ਚ ਖਿੱਲਰੇ ਕੂੜੇ ਦਾ ਦ੍ਰਿਸ਼ ਤੇ ਹਸਪਤਾਲ 'ਚ ਜ਼ੇਰੇ ਇਲਾਜ ਮਹਿਲਾ ਕਰਮੀ।

**ਭਗਤਾ ਭਾਈ ਕਾ (ਰਾਜੀਵ ਗੋਇਲ)**

ਸਥਾਨਿਕ ਨਗਰ ਪੰਚਾਇਤ ਦਫਤਰ ਵਿਖੇ ਕਾਰਜ ਸਾਧਕ ਅਫਸਰ ਤੇ ਸਫਾਈ ਕਰਮੀਆਂ ਵਿਚਕਾਰ ਚੱਲ ਰਿਹਾ ਰੇੜਕਾ ਖਤਮ ਹੋਣ ਦਾ ਨਾਮ ਨਹੀਂ ਲੈ ਰਿਹਾ ਅਤੇ ਇੱਕ ਵਾਰ ਮਾਮਲਾ ਸ਼ਾਂਤ ਹੋਣ ਤੋਂ ਬਾਅਦ ਮੁੜ ਭਖ ਚੁੱਕਾ ਹੈ।

ਮਾਮਲਾ ਹੈ ਕੀ : ਸ਼ਹਿਰ ਦੇ ਕੁਝ ਆਮ ਆਦਮੀ ਪਾਰਟੀ ਦੇ ਕਾਰਕੁਨਾਂ ਵੱਲੋਂ ਦਫਤਰ ਦੇ ਕੁਝ ਕੱਚੇ ਮੁਲਾਜ਼ਮਾਂ ਖਿਲਾਫ ਕਾਰਜ ਸਾਧਕ ਅਫਸਰ ਨੂੰ ਸ਼ਿਕਾਇਤ ਭਰੀ ਚਿੱਠੀ ਸੌਂਪੀ ਗਈ, ਜਿਸ ਤੋਂ ਬਾਅਦ ਉਕਤ ਮੁਲਾਜ਼ਮਾਂ, ਜਿਨ੍ਹਾਂ ਵਿੱਚ ਦੋ ਔਰਤਾਂ ਸਮੇਤ ਤਿੰਨ ਨੌਜਵਾਨ ਸ਼ਾਮਲ ਹਨ, ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ। ਇਸ ਗੱਲ ਦੀ ਭਿਣਕ ਪੈਂਦੇ ਸਾਰ ਸਫਾਈ ਕਾਮਿਆਂ ਵੱਲੋਂ ਹੜਤਾਲ ਦਾ ਐਲਾਨ ਕਰਕੇ ਦਫਤਰ ਦੇ ਗੇਟ ਅੱਗੇ ਪੱਕਾ ਮੋਰਚਾ ਲਗਾ ਦਿੱਤਾ ਗਿਆ, ਪਰ ਕੋਈ ਸੁਣਵਾਈ ਨਾ ਹੁੰਦੀ ਦੇਖ ਇਨ੍ਹਾਂ ਬਰਖਾਸਤ ਕੀਤੇ ਕਰਮੀਆਂ ਦਾ ਇੱਕ ਸਾਥੀ ਸੁੰਦਰ ਲਾਲ ਆਪਣੇ ਜੱਦੀ ਪਿੰਡ ਕਾਂਗੜ ਵਿਖੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਿਆ ਅਤੇ ਸ਼ਿਕਾਇਤਕਰਤਾਵਾਂ ਦੇ ਕੁਝ ਆਗੂਆਂ ਸਮੇਤ ਦਫਤਰ ਦੇ ਸੁਪਰਡੈਂਟ ਖਿਲਾਫ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਭਰੀ ਵੀਡੀਓ ਵਾਇਰਲ ਕਰ ਦਿੱਤੀ ਗਈ। ਉਸੇ ਦਿਨ ਕਰੀਬ ਚਾਰ ਘੰਟਿਆਂ ਬਾਅਦ ਤਹਿਸੀਲਦਾਰ ਰਾਮਪੁਰਾ ਤੇ ਡੀ.ਐੱਸ.ਪੀ. ਫੂਲ ਦੀ ਮੌਜੂਦਗੀ ਵਿੱਚ ਇਨ੍ਹਾਂ ਬਰਖਾਸਤ ਕਾਮਿਆਂ ਨੂੰ ਮੁੜ ਨਿਯੁਕਤੀ ਪੱਤਰ ਸੌਂਪ ਦਿੱਤੇ ਗਏ, ਜਿਸ ਤੋਂ ਬਾਅਦ ਇਹ ਧਰਨਾ ਤੇ ਹੜਤਾਲ ਸਮਾਪਤ ਕਰ ਦਿੱਤੀ ਗਈ। ਬੀਤੇ ਕੱਲ੍ਹ ਇਹ ਮਾਮਲਾ ਉਸ ਵਕਤ ਭਖ ਗਿਆ, ਜਦੋਂ ਇਹ ਬਰਖਾਸਤ ਕਰਮੀ ਦਫਤਰ ਵਿੱਚ ਆਪਣੀ ਹਾਜ਼ਰੀ ਲਗਵਾਉਣ ਲਈ ਪਹੁੰਚੇ ਤਾਂ ਦਫਤ 'ਚ ਮੌਜੂਦ ਸੁਪਰਡੈਂਟ ਵੱਲੋਂ ਮੁੜ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਇਨ੍ਹਾਂ ਦੀ ਹਾਜ਼ਰੀ ਨਾ ਲਗਵਾਈ ਗਈ ਅਤੇ ਗੁਸਾਏ ਕਰਮੀਆਂ ਵੱਲੋਂ ਦਫਤਰ ਅੰਦਰ ਕੂੜਾ ਖਿਲਾਰ ਦਿੱਤਾ ਗਿਆ। ਉਧਰ ਦੂਜੇ ਪਾਸੇ ਸਫਾਈ ਕਰਮੀਆਂ ਵੱਲੋਂ ਸੰਬੰਧਤ ਸੁਪਰਡੈਂਟ 'ਤੇ ਮਹਿਲਾ ਕਰਮੀਆਂ ਨਾਲ ਹੱਥੋਪਾਈ ਦੇ ਦੋਸ਼ ਲਗਾਏ ਗਏ ਹਨ ਤੇ ਕਿਹਾ ਗਿਆ ਹੈ ਕਿ ਸੁਪਰਡੈਂਟ ਵੱਲੋਂ ਖੁਦ ਅੰਦਰੋਂ ਕੁੰਡੀ ਲਗਾ ਤੇ ਦਫਤਰ ਅੰਦਰਲੀ ਲਾਈਟ ਬੰਦ ਕਰਵਾ ਕੇ ਸਾਨੂੰ ਜਾਣਬੁੱਝ ਕੇ ਫਸਾਉਣ ਲਈ ਮਹਿਕਮੇ ਨੂੰ ਬੇਵਕੂਫ ਬਣਾਇਆ ਗਿਆ ਹੈ। ਇਸ ਮਸਲੇ ਵਿੱਚ ਕੁਝ ਮਹਿਲਾ ਕਰਮੀਆਂ ਨੂੰ ਹਸਪਤਾਲ ਵੀ ਭਰਤੀ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਮਹਿਲਾ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਬਠਿੰਡਾ ਰੈਫਰ ਕਰ ਦਿੱਤਾ ਗਿਆ। ਇਸ ਮਸਲੇ ਵਿੱਚ ਸੰਬੰਧਤ ਸੁਪਰਡੈਂਟ ਵੀ ਹਸਪਤਾਲ ਭਰਤੀ ਹੋਇਆ, ਪਰ ਜਦੋਂ ਇਸ ਸਾਰੇ ਮਸਲੇ ਸਮੇਤ ਉਕਤ 'ਤੇ ਲੱਗੇ ਦੋਸ਼ਾਂ ਨੂੰ ਲੈ ਕੇ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸੁਪਰਡੈਂਟ ਵੱਲੋਂ ਹਸਪਤਾਲ ਦਾਖਲ ਹੋਣ ਦਾ ਕਹਿ ਕੇ ਕੁਝ ਵੀ ਹੋਰ ਕਹਿਣ ਤੋਂ ਇਨਕਾਰ ਕਰ ਦਿੱਤਾ ਗਿਆ। ਖਬਰ ਲਿਖੇ ਜਾਣ ਤੱਕ ਸਫਾਈ ਕਾਮਿਆਂ ਦਾ ਧਰਨਾ ਜਾਰੀ ਸੀ ਅਤੇ ਪੁਲਸ ਪ੍ਰਸ਼ਾਸਨ ਨਗਰ ਪੰਚਾਇਤ ਦਫਤਰ ਵਿਖੇ ਮੌਜੂਦ ਸੀ। ਜਾਣਕਾਰੀ ਪ੍ਰਾਪਤ ਕਰਨ 'ਤੇ ਪਤਾ ਲੱਗਾ ਕਿ ਉਕਤ ਸੁਪਰਡੈਂਟ ਨੂੰ ਹਸਪਤਾਲ ਵਿੱਚੋਂ ਡਿਸਚਾਰਜ਼ ਕਰ ਦਿੱਤਾ ਗਿਆ ਸੀ, ਪਰ ਅਜੇ ਤੱਕ ਕੋਈ ਬਿਆਨਬਾਜ਼ੀ ਨਹੀਂ ਦਰਜ ਕੀਤੀ ਗਈ।

ਓਧਰ ਦੂਜੇ ਪਾਸੇ ਸ਼ਹਿਰ ਵਾਸੀਆਂ ਵੱਲੋਂ ਸਫਾਈ ਕਾਮਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦੇ ਹੋਏ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਨ੍ਹਾਂ ਸਫਾਈ ਕਾਮਿਆਂ ਦੇ ਹੱਕ ਵਿੱਚ ਭੁਗਤਦੇ ਹੋਏ ਬਰਖਾਸਤ ਮੁਲਾਜ਼ਮਾਂ ਨੂੰ ਮੁੜ ਬਹਾਲ ਕਰਨ ਤਾਂ ਕਿ ਸ਼ਹਿਰ ਵਿੱਚ ਰੋਜ਼ਾਨਾ ਸਫਾਈ ਹੋ ਸਕੇ।

## ਹਲਕਾ ਵਾਸੀਆਂ ਨੂੰ ਬਿਜਲੀ ਸੰਬੰਧੀ ਦਿੱਕਤਾਂ ਤੋਂ ਜਲਦ ਮਿਲੇਗਾ ਛੁਟਕਾਰਾ : ਗਰੇਵਾਲ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਨ ਸਭਾ ਹਲਕਾ ਪੂਰਵੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਮੁੱਖ ਦਫਤਰ ਟਿੱਬਾ ਰੋਡ ਵਿਖੇ ਪਾਵਰਕਾਮ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕੀਤੀ ਗਈ।ਬੈਠਕ ਦੌਰਾਨ ਚੀਫ ਇੰਜੀਨੀਅਰ ਜਗਦੇਵ ਸਿੰਘ, ਐਸੀ ਸੁਰਜੀਤ ਸਿੰਘ, ਐਕਸਨ ਅਮਰਿੰਦਰ ਸਿੰਘ, ਐਕਸੀਅਨ ਜਗਮੋਹਨ ਸਿੰਘ ਜੰਡੂ ਤੇ ਐਕਸੀਅਨ ਰਜਿੰਦਰ ਸਿੰਘ ਸ਼ਾਮਲ ਹੋਏ।ਬੈਠਕ ਦੌਰਾਨ ਇਲਾਕੇ 'ਚ ਲੱਗ ਰਹੇ ਬਿਜਲੀ ਦੇ ਕੱਟ, ਟਰਾਂਸਫਾਰਮਰ ਬਦਲਣ ਸਬੰਧੀ, ਤਾਰਾਂ ਦੀ ਰਿਪੇਅਰ ਤੇ ਹਲਕੇ 'ਚ ਤਿੰਨ ਨਵੇਂ ਹੋਰ ਗ੍ਰਿੱਡ ਲਗਾਉਣ ਸਬੰਧੀ ਗੱਲਬਾਤ ਕੀਤੀ ਗਈ।ਇਸ ਬੈਠਕ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਦੱਸਿਆ ਕਿ ਅੱਜ ਬਿਜਲੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕੀਤੀ ਗਈ, ਜਿਸ 'ਚ ਬਿਜਲੀ ਦੇ ਲੱਗ ਰਹੇ ਕੱਟਾਂ ਤੋਂ ਨਿਜਾਤ ਪਾਉਣ ਲਈ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਹੈ ਤੇ ਤਾਰਾਂ ਦੀ ਰਿਪੇਅਰ ਤੋਂ ਇਲਾਵਾ ਜਿਸ ਇਲਾਕੇ ਅੰਦਰ ਬਿਜਲੀ ਦਾ ਲੋਡ ਵੱਧ ਹੋਣ ਕਾਰਨ ਟਰਾਂਸਫਾਰਮਰਾਂ ਦੀ ਦਿੱਕਤ ਸਾਹਮਣੇ ਆ ਰਹੀ ਹੈ, ਉਨ੍ਹਾਂ ਨੂੰ ਤੁਰੰਤ ਬਦਲ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਵਿਧਾਇਕ ਨੇ ਕਿਹਾ ਕਿ ਇਨ੍ਹਾਂ ਕੰਮਾਂ ਦੇ ਮੁਕੰਮਲ ਹੋਣ ਨਾਲ ਹਲਕਾ ਪੂਰਵੀ 'ਚ ਬਿਜਲੀ ਸਬੰਧੀ ਆ ਰਹੀ ਮੁਸ਼ਕਲ ਤੋਂ ਛੁਟਕਾਰਾ ਮਿਲੇਗਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰਾਂ ਤੋਂ ਇਲਾਵਾ ਪਾਵਰਕਾਮ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਦਲਿਤਾਂ ਤੇ ਪੱਛੜੇ ਵਰਗਾਂ ਦੀ ਭਲਾਈ ਲਈ ਛੱਡੀ ਗਈ ਜ਼ਮੀਨ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਐਲਾਨ



**ਜਗਰਾਓਂ (ਨਛੱਤਰ ਸੰਧੂ)**-ਪਿੰਡ ਗਾਲਿਬ ਕਲਾਂ ਵਿਖੇ 1957 ਦੀ ਮੁਰੱਬੇਬੰਦੀ ਦੇ ਦੌਰਾਨ ਦਲਿਤਾਂ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਛੱਡੀ ਗਈ ਲਗਭਗ 14 ਏਕੜ ਜ਼ਮੀਨ ਦਾ ਸਬੰਧਤ ਵਰਗਾਂ ਨੂੰ ਜ਼ਮੀਨੀ ਹੱਕ ਦੇਣ ਦੀ ਬਜਾਏ ਦਲਿਤਾਂ ਲਈ ਰਾਖਵੀਂ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੀ ਬਣੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਦਲਿਤ ਸਮਾਜ ਅਤੇ ਪਛੜੇ ਵਰਗਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਬਜਾਏ ਖੁਦ ਉਕਤ ਜ਼ਮੀਨ ਦਾ ਹੱਕ ਦਲਿਤਾਂ ਅਤੇ ਪਛੜੇ ਵਰਗਾਂ ਤੋਂ ਖੋਹ ਰਹੀ ਹੈ। ਝਾੜੂ ਹਕੂਮਤ ਦੀ ਇਸ ਦਲਿਤ ਵਿਰੋਧੀ ਕਾਰਵਾਈ ਦਾ ਪਿੰਡ ਗਾਲਿਬ ਦੇ ਦਲਿਤਾਂ ਅਤੇ ਪਛੜੇ ਵਰਗਾਂ ਨੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਵਿਰੋਧ ਕਰਦਿਆਂ ਆਪਣੀ ਜ਼ਮੀਨ ਦੇ ਹੱਕ ਦੀ ਰਾਖੀ ਲਈ ਸੰਘਰਸ਼ ਕਰਨ ਐਲਾਨ ਕੀਤਾ।ਪਿੰਡ ਗਾਲਿਬ ਕਲਾਂ ਵਿਖੇ ਬੇਜ਼ਮੀਨੇ ਤੰਗੀਆਂ ਤੁਰਸ਼ੀਆਂ ਅਤੇ ਛੋਟੇ ਛੋਟੇ ਘਰਾਂ ਵਿੱਚ ਰਹਿ ਰਹੇ ਦਲਿਤਾਂ ਅਤੇ ਪਛੜੇ ਵਰਗ ਨਾਲ ਸਬੰਧਤ ਲੋਕਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਮਾਣੂੰਕੇ, ਸਾਬਕਾ ਸਰਪੰਚ ਮੇਜਰ ਸਿੰਘ, ਐਫ ਸੀ ਆਈ ਪੱਲੇਦਾਰ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮਾਟਾ ਅਤੇ ਬਹੁਜਨ ਸਮਾਜ ਪਾਰਟੀ ਹਲਕਾ ਜਗਰਾਉਂ ਦੇ ਪ੍ਰਧਾਨ ਲਛਮਣ ਸਿੰਘ ਨੇ ਕਿਹਾ ਕਿ 1957 ਦੀ ਮੁਰੱਬੇਬੰਦੀ ਤੋਂ ਬਾਅਦ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਪਰ ਕਿਸੇ ਵੀ ਸਰਕਾਰ ਨੇ ਦਲਿਤਾਂ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਪਿੰਡ ਵਿੱਚ ਛੱਡੀ ਗਈ ਜ਼ਮੀਨ 'ਤੇ ਕਬਜ਼ਾ ਕਰਕੇ ਖੋਹਣ ਦੀ ਕੋਸ਼ਿਸ਼ ਨਹੀਂ ਕੀਤੀ। ਪਿੰਡ ਗਾਲਿਬ ਕਲਾਂ ਦੇ ਬੇਜ਼ਮੀਨੇ ਗਰੀਬ ਦਲਿਤ ਅਤੇ ਪਛੜੇ ਵਰਗਾਂ ਨਾਲ ਸਬੰਧਤ ਲੋਕ ਪੈਦਾਵਾਰੀ ਸਾਧਨਾਂ ਤੋਂ ਵਿਰਵੇ ਛੋਟੇ ਛੋਟੇ ਘਰਾਂ ਵਿੱਚ ਔਖਾ ਜੀਵਨ ਬਤੀਤ ਕਰ ਰਹੇ ਹਨ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਇਸ ਜ਼ਮੀਨ ਦਾ ਮਾਲਕੀ ਹੱਕ ਗਰੀਬ ਲੋਕਾਂ ਨੂੰ ਦੇ ਕੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਦੀ ਪਰ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦਲਿਤ ਵਿਰੋਧੀ ਮਾਨਸਿਕਤਾ ਤਹਿਤ ਇਸ ਜ਼ਮੀਨ ਨੂੰ ਖੋਹਿਆ ਜਾ ਰਿਹਾ ਹੈ।

ਉਨ੍ਹਾਂ ਰਾਖਵੇਂ ਹਲਕੇ ਤੋਂ ਵਿਧਾਇਕ ਬਣੀ ਬੀਬੀ ਸਰਬਜੀਤ ਕੌਰ ਮਾਣੂੰਕੇ ਨੂੰ ਬੇਨਤੀ ਕੀਤੀ ਕਿ ਦਲਿਤ ਵਿਧਾਇਕਾ ਨੂੰ ਦਲਿਤ ਅਤੇ ਪਛੜੇ ਵਰਗਾਂ ਦੀ ਜ਼ਮੀਨ ਬਚਾਉਣ ਲਈ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ ਪਰ ਉਨ੍ਹਾਂ ਦੀ ਕਾਰਗੁਜ਼ਾਰੀ ਆਪਣੇ ਦਲਿਤ ਭਰਾਵਾਂ ਵਿਰੁੱਧ ਭੁਗਤ ਰਹੀ ਹੈ ਜੋ ਅੱਤ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਰਿਹਾਇਸ਼ੀ ਪਲਾਟ, ਰਾਖਵੀਂ ਜ਼ਮੀਨ ਦਾ ਪੱਕਾ ਪ੍ਰਬੰਧ ਦਲਿਤਾਂ ਨੂੰ ਦੇਣ ਅਤੇ ਇਸ ਵਰਗ ਦੇ ਰੁਜ਼ਗਾਰ ਨਾਲ ਸਬੰਧਤ ਬੁਨਿਆਦੀ ਮੰਗਾਂ ਮਸਲੇ ਹੱਲ ਕਰਨ ਦੀ ਬਜਾਏ ਉਨ੍ਹਾਂ ਦੀ ਭਲਾਈ ਲਈ ਛੱਡੀਆਂ ਜ਼ਮੀਨਾਂ ਹੀ ਖੋਹਣ ਦੇ ਰਾਹ ਪੈ ਗਈ ਹੈ। ਸਰਕਾਰ ਦੀ ਇਸ ਨੀਤੀ ਤੋਂ ਸਰਕਾਰੀ ਦਫ਼ਤਰਾਂ ਵਿੱਚ ਲੱਗੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਲੱਗੇ ਚਿੱਤਰ ਵੀ ਸ਼ਰਮਿੰਦਾ ਹੋ ਰਹੇ ਹਨ। ਇਸ ਮੌਕੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਜ਼ਮੀਨ ਦਾ ਹੱਕ ਦਲਿਤਾਂ ਅਤੇ ਪਛੜੇ ਵਰਗਾਂ ਨੂੰ ਦਿੱਤਾ ਜਾਵੇ। ਇਸ ਮੌਕੇ ਕਿਸਾਨ ਆਗੂ ਪਰਿਵਾਰ ਸਿੰਘ ਗਾਲਿਬ ਨੇ ਵੀ ਮਜ਼ਦੂਰਾਂ ਦੀ ਹਮਾਇਤ ਕੀਤੀ।

## ਕਲਯੁੱਗ ਦਾ ਭਗਵਾਨ ਸਿਰਫ਼ ਪੈਸਾ ਹੋਵੇਗਾ : ਬੀ ਕੇ ਸ਼ਾਂਤਨੂੰ

■ ਕਲਯੁੱਗ 'ਚ ਰਿਸ਼ਤੇ ਖੇਡ ਬਣ ਜਾਣਗੇ : ਸ਼ਿਵਾਨੀ ਦੀਦੀ



**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਊਂਟ ਆਬੂ ਈਸਵਰੀਆ ਵਿਸ਼ਵਵਿਦਿਆਲਿਆ ਵਿਖੇ ਦੇਸ਼ ਦੇ ਵੱਖ ਵੱਖ ਰਾਜਾਂ ਤੋਂ ਆਏ ਪੱਤਰਕਾਰਾਂ ਤੇ ਸ਼ਰਧਾਲੂਆਂ ਨੂੰ ਆਪਣੇ ਸੰਬੋਧਨ ਵਿੱਚ ਮਾਊਂਟ ਆਬੂ ਮੀਡੀਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਤੇ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਦੀਦੀ ਨੇ ਕਿਹਾ ਕਿ ਆਪਣੇ ਸ਼ਬਦਾਂ ਨੂੰ ਸੀਮਤ ਰੱਖੋ ਪਹਿਲਾਂ ਸੋਚੋ ਫਿਰ ਬੋਲੋ।ਯਾਦ ਰਹੇ ਇਹ ਸ਼ਬਦ ਹੀ ਹਨ, ਜਿਨ੍ਹਾਂ ਨਾਲ ਮਹਾਂਭਾਰਤ ਰਚੀ ਜਾਂਦੀ ਹੈ ਤੇ ਇਹੀ ਹੈ ਜੋ ਮਿੱਠਾ ਤੇ ਕੁਸ਼ਲਤਾਪੂਰਵਕ ਬੋਲੀ ਨਾਲ ਠੀਕ ਵੀ ਕਰਦੇ ਹਨ।ਬੀ ਕੇ ਸ਼ਾਂਤਨੂੰ ਨੇ ਕਿਹਾ ਕਿ ਲੋਕਾਂ, ਗੱਲਾਂ, ਸਾਧਨਾਂ ਤੇ ਹਾਲਾਤਾਂ ਵਿੱਚ ਖੁਸ਼ੀ ਲੱਭਣ ਤੋਂ ਅਸੀਂ ਉਸ ਤੋਂ ਅਧੂਰਾ ਰਹਿ ਜਾਂਦੇ ਹਾਂ।ਖੁਸ਼ੀ ਸਾਡੇ ਅੰਦਰ ਹੀ ਹੈ ਉਸ ਨੂੰ ਸ਼ਾਂਤੀ ਵਿੱਚ ਬੈਠ ਕੇ ਅੰਤਰ ਧਿਆਨ ਹੁੰਦੇ ਹੋਏ ਸੰਤੁਸ਼ਟੀ ਮਹਿਸੂਸ ਕਰਨ ਦੀ ਜ਼ਰੂਰਤ ਹੈ।ਮੈਂ ਖੁਸ਼ ਹਾਂ ਇਹ ਸੋਚਣ ਹੋਣ ਨਾਲ ਅਸੀਂ ਕੁਦਰਤੀ ਸੁੱਖਾਂ ਨਾਲ ਲਬਰੇਜ਼ ਹੋ ਸਕਦੇ ਹਾਂ।ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਦੀਦੀ ਨੇ ਕਿਹਾ ਕਿ ਕਲਯੁੱਗ ਵਿੱਚ ਰਿਸ਼ਤੇ ਖੇਡ ਬਣ ਜਾਣਗੇ, ਬਿਨਾਂ ਸਵਾਰਥ ਦੇ ਕੋਈ ਵੀ ਰਿਸ਼ਤਾ ਨਹੀਂ ਰਹੇਗਾ।ਸਵੇਰੇ ਇੱਕ ਦੂਜੇ ਨਾਲ ਜ਼ਿੰਦਗੀ ਭਰ ਰਿਸ਼ਤਾ ਨਿਭਾਉਣ ਦੀ ਸਹੁੰ ਚੁੱਕਣ ਵਾਲੇ ਵੀ ਸ਼ਾਮ ਤੱਕ ਇੱਕ ਦੂਜੇ ਦੇ ਖੂਨ ਦੇ ਪਿਆਸੇ ਹੋ ਜਾਣ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ।ਅੰਤ ਵਿੱਚ ਬੀ ਕੇ ਸ਼ਾਂਤਨੂੰ ਨੇ ਕਿਹਾ ਕਿ ਧਰਮ ਤੇ ਈਸ਼ਵਰ ਮਜਬੂਰੀ ਵਿੱਚ ਯਾਦ ਆਉਣਗੇ ਤੇ ਕਲਯੁੱਗ ਦਾ ਭਗਵਾਨ ਸਿਰਫ਼ ਪੈਸਾ ਹੋਵੇਗਾ।

## ਭਾਜਪਾ ਆਗੂ ਗੁਰਤੇਜ ਢਿੱਲੋਂ ਦੇ ਬਰਨਾਲਾ ਤੋਂ ਦਿੱਲੀ ਸ਼ਤਾਬਦੀ ਪ੍ਰਾਜੈਕਟ ਨੂੰ ਪਿਆ ਬੂਰ

■ ਭਾਰਤ ਸਰਕਾਰ ਵੱਲੋਂ ਪ੍ਰੋਜੈਕਟ 'ਤੇ ਅਫਸਰਾਂ ਨੂੰ ਅਮਲ ਕਰਨ ਦੇ ਆਦੇਸ਼



**ਨਾਭਾ (ਵਰਿੰਦਰ ਵਰਮਾ)**-ਭਾਜਪਾ ਆਗੂ ਤੇ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਗੁਰਤੇਜ ਸਿੰਘ ਢਿੱਲੋਂ ਦੀ ਮੰਗ 'ਤੇ ਨੋਟਿਸ ਲੈਂਦਿਆਂ ਫੌਰੀ ਤੌਰ 'ਤੇ ਕਾਰਵਾਈ ਕਰਦਿਆਂ ਭਾਰਤ ਸਰਕਾਰ ਤੇ ਕੇਂਦਰੀ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਣਵ ਵੱਲੋਂ ਮਹਿਕਮੇ ਦੇ ਅਫਸਰਾਂ ਨੂੰ ਬਰਨਾਲਾ ਵਾਇਆ ਸੰਗਰੂਰ, ਨਾਭਾ, ਪਟਿਆਲਾ, ਰਾਜਪੁਰਾ, ਅੰਬਾਲਾ ਦਿੱਲੀ ਸ਼ਤਾਬਦੀ ਚਲਾਉਣ ਦੇ ਪ੍ਰਾਜੈਕਟ 'ਤੇ ਕੰਮ ਕਰਨ ਦੇ ਆਦੇਸ਼ ਦੇ ਦਿੱਤੇ ਹਨ, ਜਿਸ ਉਪਰੰਤ ਗੁਰਤੇਜ ਸਿੰਘ ਢਿੱਲੋਂ ਨੇਨੋਰਥਨ ਇੰਡੀਆ ਰੇਲਵੇ ਭਾਰਤ ਸਰਕਾਰ ਦੇ ਜਨਰਲ ਮੈਨੇਜਰ ਸੋਹਬਾਨ ਚੌਧਰੀ ਨਾਲ ਬੈਠਕ ਕੀਤੀ, ਜਿਸ ਵਿੱਚ ਗੁਰਤੇਜ ਸਿੰਘ ਢਿੱਲੋਂ ਵੱਲੋਂ ਭੇਜੀ ਬਰਨਾਲਾ-ਦਿੱਲੀ ਸ਼ਤਾਬਦੀ ਪ੍ਰਪੋਜ਼ਲ 'ਤੇ ਚਰਚਾ ਹੋਈ, ਜਿਸ ਵਿੱਚ ਜਨਰਲ ਮੈਨੇਜਰ ਨੇ ਮੰਨਿਆ ਕਿ ਬਰਨਾਲਾ ਤੋਂ ਸੰਗਰੂਰ ਨਾਭਾ, ਪਟਿਆਲਾ, ਰਾਜਪੁਰਾ, ਅੰਬਾਲਾ, ਦਿੱਲੀ ਸ਼ਤਾਬਦੀ ਦੀ ਬਹੁਤ ਲੋੜ ਹੈ।ਬੈਠਕ ਉਪਰੰਤ ਉਨ੍ਹਾਂ ਗੁਰਤੇਜ ਸਿੰਘ ਢਿੱਲੋਂ ਨੂੰ ਵਿਸ਼ਵਾਸ ਦਿਵਾਇਆ ਕਿ ਬਹੁਤ ਜਲਦ ਉਹ ਅਪਣੀ ਰਿਪੋਰਟ ਬਣਾ ਕੇ ਰੇਲਵੇ ਬੋਰਡ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜ ਦੇਣਗੇ।ਸ੍ਰ. ਢਿੱਲੋਂ ਨੇ ਕਿਹਾ ਮੇਰਾ ਮਾਲਵਾ ਬੈਲਟ ਨੂੰ ਦਿੱਲੀ ਨਾਲ ਜੋੜਨ ਦਾ 10 ਸਾਲਾਂ ਦਾ ਸੁਪਨਾ ਹੁਣ ਸਾਕਾਰ ਹੁੰਦਾ ਦਿਖਾਈ ਦੇ ਰਿਹਾ ਹੈ। ਉਨ੍ਹਾ ਕਿਹਾ ਕਿ 2014 ਤੋਂ ਜਦੋਂ ਦੀ ਕੇਂਦਰ 'ਚ ਭਾਜਪਾ ਸਰਕਾਰ ਆਈ ਹੈ, ਮੈਂ ਉਦੋਂ ਤੋਂ ਹੀ ਇਸ ਸਬੰਧੀ ਉਪਰਾਲਾ ਕਰ ਰਿਹਾ ਹਾਂ, ਹੁਣ ਉਹ ਦਿਨ ਦੂਰ ਨਹੀਂ ਜਦੋਂ ਬਰਨਾਲਾ, ਸੰਗਰੂਰ, ਨਾਭਾ, ਪਟਿਆਲਾ, ਰਾਜਪੁਰਾ ਦੇ ਲੋਕ ਇਸ ਸ਼ਤਾਬਦੀ ਟਰੇਨ 'ਚ ਸਫ਼ਰ ਦਾ ਅਨੰਦ ਮਾਣ ਸਕਣਗੇ।

# ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੀ ਜ਼ਿਲ੍ਹਾ ਪੱਧਰੀ ਮੀਟਿੰਗ

■ ਜ਼ੀਰਾ, ਘੱਲ ਖੁਰਦ, ਗੁਰੂ ਹਰਸਹਾਏ ਤੇ ਫਿਰੋਜ਼ਪੁਰ 'ਚ ਰੈਲੀਆਂ ਦਾ ਐਲਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੀ ਵਿਸ਼ੇਸ਼ ਮੀਟਿੰਗ ਫਿਰੋਜ਼ਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਪ੍ਰਧਾਨਗੀ ਤੇ ਜਨਰਲ ਸਕੱਤਰ ਜਗਦੀਪ ਸਿੰਘ ਮਾਂਗਟ ਦੀ ਦੇਖ-ਰੇਖ ਹੇਠ ਫਿਰੋਜ਼ਪੁਰ ਵਿਖੇ ਹੋਈ, ਜਿਸ ਦੌਰਾਨ ਮੁਲਾਜ਼ਮ ਮੰਗਾਂ ਸਬੰਧੀ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਗਈਆਂ ਤੇ ਸੰਘਰਸ਼ ਦੀ ਲੜੀ ਤਹਿਤ ਫੈਡਰਲ ਕੌਂਸਲ ਮੀਟਿੰਗ ਦੇ ਫੈਸਲੇ ਅਨੁਸਾਰ ਜੁਲਾਈ ਮਹੀਨੇ ਤੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਬਲਾਕ/ਤਹਿਸੀਲ ਪੱਧਰੀ ਤੇ ਜ਼ਿਲ੍ਹਾ ਰੈਲੀਆਂ ਦਾ ਐਲਾਨ ਕੀਤਾ ਗਿਆ।ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਨੇ ਦੱਸਿਆ ਕਿ ਗੁਰੂ ਹਰਸਹਾਏ ਵਿਖੇ ਬਲਾਕ ਪੱਧਰੀ ਰੈਲੀ 6 ਅਗਸਤ ਨੂੰ, ਬਲਾਕ ਫਿਰੋਜ਼ਪੁਰ ਵਿਖੇ 17 ਅਗਸਤ ਨੂੰ, ਬਲਾਕ ਘੱਲ ਖੁਰਦ ਵਿੱਚ 6 ਸਤੰਬਰ ਨੂੰ, ਬਲਾਕ ਜ਼ੀਰਾ ਵਿਚ 18 ਸਤੰਬਰ ਨੂੰ ਤੇ ਫਿਰੋਜ਼ਪੁਰ ਵਿਖੇ 27 ਸਤੰਬਰ ਨੂੰ 2 ਜ਼ਿਲ੍ਹਾ ਪੱਧਰੀ ਰੋਸ ਰੈਲੀ ਡੀ ਸੀ ਦਫ਼ਤਰ ਅੱਗੇ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਜਲਦੀ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਸੰਘਰਸ਼ ਤਿੱਖਾ ਕਰਾਂਗੇ।ਇਸ ਮੌਕੇ ਮੀਟਿੰਗ ਵਿਚ ਜ਼ਿਲ੍ਹਾ ਜਨਰਲ ਸਕੱਤਰ ਇੰਜ. ਜਗਦੀਪ ਸਿੰਘ ਮਾਂਗਟ, ਸੀਨੀਅਰ ਮੀਤ ਪ੍ਰਧਾਨ ਰਜੀਵ ਹਾਂਡਾ, ਦਰਸ਼ਨ ਸਿੰਘ ਭੁੱਲਰ ਗੁਰੂ ਹਰਸਹਾਏ, ਕੌਰ ਸਿੰਘ ਜ਼ੀਰਾ, ਨਿਸ਼ਾਨ ਸਿੰਘ ਸ਼ਹਿਜ਼ਾਦੀ, ਗੁਰਮੀਤ ਸਿੰਘ ਪ੍ਰੈੱਸ ਸਕੱਤਰ, ਮਹਿੰਦਰ ਸਿੰਘ ਧਾਲੀਵਾਲ ਸੂਬਾ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਗੁਰਪ੍ਰੀਤ ਸਿੰਘ, ਮਾਸਟਰ ਜੋਗਿੰਦਰ ਸਿੰਘ ਕੰਡਿਆਲ ਗੌਰਮਿੰਟ ਟੀਚਰਜ਼ ਯੂਨੀਅਨ, ਅਮਰਜੀਤ ਸਿੰਘ, ਜਸਵਿੰਦਰ ਸਿੰਘ ਜੰਗਲਾਤ ਵਰਕਰ ਯੂਨੀਅਨ, ਸੁਲੱਖਣ ਸਿੰਘ ਪੀ ਡਬਲਯੂ ਡੀ ਫੀਲਡ ਵਰਕਸ਼ਾਪ ਵਰਕਰ ਯੂਨੀਅਨ, ਬਲਵੀਰ ਸਿੰਘ ਹੁਸੈਨੀਵਾਲਾ (ਸਮਾਧ) ਮੁਲਾਜ਼ਮ ਯੂਨੀਅਨ, ਰਾਮਪਾਲ ਮਿਊਂਸਪਲ ਮੁਲਾਜ਼ਮ ਯੂਨੀਅਨ, ਰਮੇਸ਼ ਕੁਮਾਰ ਫਾਇਰ ਬ੍ਰਿਗੇਡ ਆਦਿ ਹਾਜ਼ਰ ਸਨ।

## ਸਿੱਖਾਂ ਨੂੰ ਅੱਤਵਾਦੀ ਕਹਿਣ ਵਾਲੇ ਐੱਸ ਐੱਚ ਓ ਖਿਲਾਫ ਕਾਰਵਾਈ ਕਰੇ ਯੂ ਪੀ ਸਰਕਾਰ : ਗਿ. ਹਰਪ੍ਰੀਤ ਸਿੰਘ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੀਤੇ ਦਿਨ ਲਖੀਮਪੁਰ ਖੀਰੀ ਦੇ ਪਲੀਆ ਭੀਰਾ ਹਾਈਵੇ 'ਤੇ ਜਾ ਰਹੇ ਕੁਝ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬੁਲਾਇਆ ਜੋ ਕਿ ਅਤਿ ਘਿਨਾਉਣਾ ਕਾਰਜ ਕਿਹਾ ਜਾ ਸਕਦਾ ਹੈ।ਉਕਤ ਘਟਨਾ ਨੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ ਹੈ ਅਤੇ ਹੁਣ ਯੂ.ਪੀ ਸਰਕਾਰ ਨੂੰ ਚਾਹੀਦੈ ਕਿ ਅਧਿਕਾਰੀ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰੇ।ਉਕਤ ਵਿਚਾਰਾਂ ਦਾ ਪ੍ਰਗਟਾਵਾ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਸਿੰਘ ਸਾਹਿਬ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟ ਗਿਣਤੀ ਕੌਮਾਂ ਅਤੇ ਖਾਸ ਕਰਕੇ ਸਿੱਖਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇੱਕ ਪਾਸੇ ਸਰਕਾਰੀ ਸਰਪ੍ਰਸਤੀ ਹਾਸਲ ਕਰ ਨਫਰਤ ਫੈਲਾਉਣ ਵਾਲਿਆਂ ਨੂੰ ਦੇਸ਼ ਭਗਤ ਦੱਸਿਆ ਜਾਂਦਾ ਹੈ ਜਦੋਂਕਿ ਦੂਜੇ ਪਾਸੇ ਵਿਸ਼ੇਸ਼ ਪਛਾਣ ਰੱਖਣ ਵਾਲੇ ਸਿੱਖ ਭਾਈਚਾਰੇ ਦੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿੰਘ ਸਾਹਿਬ ਨੇ ਕਿਹਾ ਕਿ ਮੰਦਭਾਗੀ ਗੱਲ ਹੈ ਕਿ ਭਾਰਤ ਸਰਕਾਰ ਅਜਿਹੇ ਵਰਤਾਰਿਆਂ ਨੂੰ ਰੋਕਦੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬੁਲਾਉਣ ਵਾਲੇ ਪੁਲਸ ਅਧਿਕਾਰੀ ਖਿਲਾਫ ਤੁਰੰਤ ਕਾਰਵਾਈ ਕਰੇ।

## ਬੀ ਐੱਫ ਯੂ ਐੱਚ ਐੱਸ ਨੇ ਆਊਟਸਟੈਂਡਿੰਗ ਰਿਸਰਚ ਇੰਸਟੀਚਿਊਟ ਐਵਾਰਡ ਜਿੱਤਿਆ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਦੇਸ਼ ਭਰ ਦੇ 27 ਸ਼ਹਿਰਾਂ ਤੇ 16 ਰਾਜਾਂ ਦੀਆਂ 41 ਸੰਸਥਾਵਾਂ ਦੇ 46 ਚੋਟੀ ਦੇ ਖੋਜਾਰਥੀਆਂ ਨੂੰ ਮੈਡੀਕਲ ਖੇਤਰ ਵਿੱਚ ਪਾਏ ਯੋਗਦਾਨ ਬਦਲੇ ਹਾਲ ਹੀ 'ਚ ਦਿ ਲਲਿਤ ਹੋਟਲ ਨਵੀਂ ਦਿੱਲੀ ਵਿਖੇ ਮੈਡੀਕਲ ਐਵਾਰਡ ਨਾਲ ਸਨਮਾਨਤ ਦੇਸ਼ ਵਿੱਚ ਮੈਡੀਕਲ ਖੋਜ ਦੇ ਵੱਕਾਰੀ ਬਲੈਕਬੱਕ ਐਵਾਰਡਜ਼ ਸਨਮਾਨ ਸਮਾਰੋਹ ਦਾ ਆਯੋਜਨ ਰਿਸਰਚ ਸਮਿਟ ਤੇ ਬਲੈਕਬੱਕ ਐਵਾਰਡਜ਼ ਨਾਲ ਕੀਤਾ ਗਿਆ।ਇਸ ਮੈਡੀਕਲ ਖੋਜ ਦੇ ਵੱਕਾਰੀ ਬਲੈਕਬੱਕ ਐਵਾਰਡਜ਼ ਸਨਮਾਨ ਸਮਾਰੋਹ 'ਚ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ.ਐਫ.ਯੂ.ਐੱਚ.ਐੱਸ.) ਫਰੀਦਕੋਟ ਨੂੰ ਮੈਡੀਕਲ ਰਿਸਰਚ ਸਮਿਟ ਬਲੈਕਬੱਕ ਐਵਾਰਡਜ਼ ਫਾਰ ਮੈਡੀਕਲ ਰਿਸਰਚ ਵਿੱਚ ਵੱਕਾਰੀ 'ਆਊਟਸਟੈਂਡਿੰਗ ਰਿਸਰਚ ਇੰਸਟੀਚਿਊਟ ਐਵਾਰਡ' ਨਾਲ ਸਨਮਾਨਤ ਕੀਤਾ ਗਿਆ ਹੈ।ਇਸ ਸਬੰਧੀ ਪ੍ਰੋ. ਬੀ ਐੱਫ ਯੂ ਐੱਚ ਐੱਸ ਦੇ ਵਾਈਸ ਚਾਂਸਲਰ ਪ੍ਰੋ: ਡਾ: ਰਾਜੀਵ ਸੂਦ ਨੇ ਦੱਸਿਆ ਕਿ ਮੈਡੀਕਲ ਖੋਜ ਲਈ ਬਲੈਕਬਕ ਐਵਾਰਡ ਮੈਡੀਕਲ ਵਿਗਿਆਨ ਵਿੱਚ ਬੇਮਿਸਾਲ ਪ੍ਰਾਪਤੀਆਂ ਨੂੰ ਮਾਨਤਾ ਦਿੰਦੇ ਹਨ ਅਤੇ ਬੀ ਐੱਫ ਯੂ ਐੱਚ ਐੱਸ ਨੇ ਨਵੀਨਤਾਕਾਰੀ ਖੋਜਾਂ ਰਾਹੀਂ ਸਿਹਤ ਸੰਭਾਲ ਵਿੱਚ ਜਿੱਤ ਪ੍ਰਾਪਤ ਕੀਤੀ ਹੈ, ਇਸ ਦਾ ਸਬੂਤ ਹੈ ਅੱਗੇ ਵਧਣ ਦੀ ਵਚਨਬੱਧਤਾ। ਇਹ ਪੁਰਸਕਾਰ ਫੰਡਿੰਗ ਰੁਕਾਵਟਾਂ ਤੇ ਰੈਗੂਲੇਟਰੀ ਰੁਕਾਵਟਾਂ ਵਰਗੀਆਂ ਚੁਣੌਤੀਆਂ ਦੇ ਬਾਵਜੂਦ ਮੈਡੀਕਲ ਖੋਜ ਵਿੱਚ ਯੂਨੀਵਰਸਿਟੀ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦਿੰਦਾ ਹੈ।ਅਸੀਂ ਇਸ ਵੱਕਾਰੀ ਪੁਰਸਕਾਰ ਨੂੰ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ, ਜੋ ਡਾਕਟਰੀ ਖੋਜ ਲਈ ਸਾਡੇ ਸਮਰਪਣ ਤੇ ਸਮਾਜ 'ਤੇ ਇਸ ਦੇ ਪ੍ਰਭਾਵ ਨੂੰ ਮਾਨਤਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਸਾਨੂੰ ਮੈਡੀਕਲ ਵਿਗਿਆਨ ਦੀਆਂ ਹੱਦਾਂ ਨੂੰ ਅੱਗੇ ਵਧਾਉਣ ਤੇ ਸਿਹਤ ਸੰਭਾਲ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਦਾ ਹੈ।ਐਵਾਰਡਾਂ ਦਾ ਉਦੇਸ਼ ਡਾਕਟਰੀ ਖੋਜ ਦੇ ਸਮਰਥਨ ਦੇ ਮਹੱਤਵ ਤੇ ਸਮਾਜ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਇਸ ਦੀ ਮਹੱਤਵਪੂਰਣ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।

## ਭੁੱਕੀ ਚੂਰਾ ਪੋਸਤ ਤੇ ਕਾਰ ਸਮੇਤ 3 ਕਾਬੂ

**ਭੀਖੀ (ਧਰਮਵੀਰ ਸ਼ਰਮਾ)**--ਭੀਖੀ ਪੁਲਸ ਵੱਲੋਂ ਤਿੰਨ ਕਾਰ ਸਵਾਰਾਂ ਪਾਸੋਂ 54 ਕਿਲੋ ਦੇ ਕਰੀਬ ਭੁੱਕੀ ਚੂਰਾ ਪੋਸਤ ਬਰਾਮਦ ਕਰਨ ਦਾ ਸਮਾਚਾਰ ਹੈ। ਥਾਣਾ ਭੀਖੀ ਦੇ ਸਹਾਇਕ ਥਾਣੇਦਾਰ ਨਛੱਤਰ ਸਿੰਘ ਨੇ ਦੱਸਿਆ ਕਿ ਡੀ ਐਸ ਪੀ ਗੁਰਪ੍ਰੀਤ ਸਿੰਘ ਦੀ ਹਦਾਇਤ ਤੇ ਉਨ੍ਹਾਂ ਵੱਲੋਂ ਇੱਕ ਕਾਲੇ ਰੰਗ ਦੀ ਆਲਟੋ ਐਚ ਆਰ 20 ਐਨ 1231 ਦੀ ਤਲਾਸ਼ੀ ਲੈਣ 'ਤੇ ਕਾਰ ਵਿੱਚੋਂ 3 ਗੱਟਿਆਂ ਵਿੱਚ ਪਈ 53 ਕਿਲੋ 960 ਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਫੜੇ ਗਏ ਕਾਰ ਸਵਾਰਾਂ ਦੀ ਪਹਿਚਾਣ ਕੁਲਦੀਪ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਕਾਹਨਗੜ੍ਹ, ਵਿਸਾਖਾ ਸਿੰਘ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਮਹਿਮੜਾ, ਰਚਨਾ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਦੌਲਾ ਸਿੰਘ ਵਾਲਾ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਭੁੱਕੀ ਚੂਰਾ ਪੋਸਤ ਦੇ ਨਾਲ ਨਾਲ ਕਾਰ ਬਰਾਮਦ ਕਰਕੇ ਉਕਤ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅੱਖਾਂ ਬੰਦ ਕਰਕੇ ਸੁੰਘ ਕੇ ਪੜ੍ਹ ਸਕਣ ਦੇ ਦਾਅਵੇ ਹਕੀਕਤ 'ਚ ਸੰਭਵ ਨਹੀਂ : ਰਾਜਿੰਦਰ ਭਦੌੜ

■ ਤਰਕਸ਼ੀਲ ਸੁਸਾਇਟੀ ਨੇ ਲੀਫਲੈੱਟ ਵੰਡ ਕੇ ਜਾਣਕਾਰੀ ਮੁਹੱਈਆ ਕਰਵਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਦੇਸ਼ ਅੰਦਰ ਅੱਖਾਂ ਬੰਨ੍ਹ ਸੁੰਘ ਕੇ ਪੜ੍ਹ ਸਕਣ ਦੇ ਦਾਅਵੇਦਾਰਾਂ ਵੱਲੋਂ ਕੀਤੀਆਂ ਜਾ ਰਹੀਆਂ ਚਲਾਕੀਆਂ ਤੋਂ ਲੋਕਾਂ ਨੂੰ ਜਾਣੂੰ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਇੱਕ ਲੀਫਲੈੱਟ ਵੰਡ ਕੇ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਹੈ ਤਾਂ ਜੋ ਇਸ ਗੋਰਖਧੰਦੇ ਬਾਰੇ ਪਾਏ ਜਾ ਰਹੇ ਭਰਮ-ਭੁਲੇਖਿਆਂ ਨੂੰ ਦੂਰ ਕੀਤਾ ਜਾ ਸਕੇ।ਸੁਸਾਇਟੀ ਦੇ ਸੂਬਾ ਪ੍ਰਧਾਨ ਰਾਜਿੰਦਰ ਭਦੌੜ ਵੱਲੋਂ ਜਾਰੀ ਇਸ ਲੀਫਲੈੱਟ ਰਾਹੀਂ ਦੱਸਿਆ ਗਿਆ ਹੈ ਕਿ ਅੱਖਾਂ ਬੰਦ ਕਰਕੇ ਸੁੰਘ ਕੇ ਪੜ੍ਹ ਸਕਣ ਦੇ ਦਾਅਵੇਦਾਰ ਦੇਸ਼ ਸਮੇਤ ਪੰਜਾਬ ਅੰਦਰ ਵੱਖ ਵੱਖ ਥਾਈਂ ਵੱਖ ਵੱਖ ਸਮਿਆਂ 'ਤੇ ਪੈਦਾ ਹੁੰਦੇ ਰਹਿੰਦੇ ਹਨ, ਜਦਕਿ ਹਕੀਕਤ ਵਿੱਚ ਇਹ ਕਦਾਚਿੱਤ ਸੰਭਵ ਨਹੀਂ ਹੈ।ਉਨ੍ਹਾਂ ਦੱਸਿਆ ਕਿ ਪਿਛਲੇ 10 ਕੁ ਸਾਲਾਂ ਤੋਂ ਖਾਸ ਕਰ ਪੰਜਾਬ ਅੰਦਰ, ਆਮ ਕਰਕੇ ਉੱਤਰੀ ਭਾਰਤ ਅੰਦਰ ਸੁੰਘ ਕੇ ਪੜ੍ਹਨਾ ਸਿਖਾਉਣ ਦੇ ਬਹੁਤ ਸਾਰੇ ਦਾਅਵੇਦਾਰ ਪੈਦਾ ਹੋਏ ਹਨ ਤੇ ਇਹ ਹਰ ਸਾਲ ਹੀ ਕਿਤੇ ਨਾ ਕਿਤੇ ਬੱਚਿਆਂ ਦੇ ਮਾਰਚ ਵਾਲੇ ਸਾਲਾਨਾ ਇਮਤਿਹਾਨਾਂ ਤੋਂ ਬਾਅਦ ਤੇ ਜੂਨ ਵਾਲੀਆਂ ਛੁੱਟੀਆਂ ਤੱਕ ਜ਼ਿਆਦਾ ਸਰਗਰਮ ਰਹਿੰਦੇ ਹਨ।ਇਹ ਵੀ ਕਿ ਕੋਈ ਤੀਸਰੀ ਅੱਖ ਖੋਲਣ ਦੇ ਨਾਂ 'ਤੇ, ਕੋਈ ਮਿੱਡ ਬ੍ਰੇਨ ਐਕਟੀਵੇਸ਼ਨ ਦੇ ਨਾਂ 'ਤੇ, ਕੋਈ ਬ੍ਰੇਨ ਪੀਡੀਆ ਤੇ ਕੋਈ ਵਿਜ਼ਡਮ ਆਫ ਮਾਈਂਡ ਦੇ ਲੁਭਾਉਣੇ ਨਾਵਾਂ ਹੇਠ ਪ੍ਰਚਾਰ ਪ੍ਰਸਾਰ ਕਰਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਆਮ ਮਾਪਿਆਂ ਦੀ ਇਸ ਖਾਹਸ਼ ਦਾ ਇਹ ਲੋਕ ਖੂਬ ਦੁਰਉਪਯੋਗ ਕਰਦੇ ਹਨ ਕਿ ਉਨ੍ਹਾਂ ਦਾ ਬੱਚਾ ਦੁਨੀਆ ਤੋਂ ਅਲੱਗ ਹੀ ਹੋਵੇ।ਸੂਬਾ ਆਗੂ ਨੇ 16 ਜੂਨ 2015 ਦੀ ਹੁਸ਼ਿਆਰਪੁਰ ਵਿਖੇ ਹੋਈ ਇੱਕ ਘਟਨਾ ਬਿਆਨਦਿਆਂ ਦੱਸਿਆ ਕਿ ਬ੍ਰੇਨ ਪੀਡੀਆ ਨਾ ਦੀ ਇਸ ਸੰਸਥਾ ਨਾਲ ਸੁਸਾਇਟੀ ਦਾ ਲਿਖਤੀ ਇਕਰਾਰਨਾਮਾ ਹੋ ਗਿਆ ਕਿ ਸਬੰਧਤ ਸੰਸਥਾ ਦਾ ਬੱਚਾ ਅੱਖਾਂ 'ਤੇ ਪੱਟੀ ਬੰਨ੍ਹ ਕੇ, ਸੁੰਘ ਕੇ ਪੜ੍ਹ ਸਕੇਗਾ, ਜਿਸ ਦਾ ਪ੍ਰਦਰਸ਼ਨ ਵੀ ਹੋਇਆ।ਅੱਖਾਂ ਬੰਦ ਕਰਨ ਦੀ ਜ਼ਿੰਮੇਵਾਰੀ ਤਰਕਸ਼ੀਲ ਸੁਸਾਇਟੀ ਦੀ ਸੀ, 12 ਤੋਂ 15 ਸਾਲ ਦੇ ਤਿੰਨ ਬੱਚਿਆਂ ਨੇ ਇਕਰਾਰਨਾਮੇ ਅਨੁਸਾਰ ਪ੍ਰਦਰਸ਼ਨ ਕੀਤਾ, ਪ੍ਰੰਤੂ ਉਹ ਸਫਲ ਨਾ ਹੋ ਸਕੇ, ਸਿੱਟੇ ਵਜੋਂ ਦਾਅਵੇਦਾਰਾਂ ਵੱਲੋਂ ਸੁਸਾਇਟੀ ਕੋਲ ਜਮ੍ਹਾਂ ਕਰਵਾਈ ਗਈ ਦਸ ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਜ਼ਬਤ ਕਰ ਲਈ ਗਈ। ਸੁਸਾਇਟੀ ਦਾ ਤਜਰਬਾ ਸਾਂਝਾ ਕਰਦਿਆਂ ਰਾਜਿੰਦਰ ਭਦੌੜ ਨੇ ਸਪੱਸ਼ਟ ਕੀਤਾ ਕਿ ਇਹ ਲੋਕ ਬੱਚੇ ਦੀਆਂ ਅੱਖਾਂ ਉੱਪਰ ਪੱਟੀ ਇਸ ਤਰ੍ਹਾਂ ਬੰਨ੍ਹਦੇ ਹਨ ਕਿ ਉਸ ਨੂੰ ਨੱਕ ਦੇ ਨਾਲ ਨਾਲ ਦੀ/ਹੇਠਾਂ ਦੀ ਦਿਖਾਈ ਦਿੰਦਾ ਰਹਿੰਦਾ ਹੈ, ਜਿੰਨਾ ਕਿਸੇ ਬੱਚੇ ਦਾ ਨੱਕ ਉੱਚਾ ਹੁੰਦਾ ਹੈ, ਪੜ੍ਹਨ ਵਿਚ ਓਨੀ ਹੀ ਆਸਾਨੀ ਰਹਿੰਦੀ ਹੈ, ਇਸ ਤੋਂ ਬਿਨਾਂ ਰੰਗ ਆਦਿ ਦੱਸਣ ਬਾਰੇ ਵੀ ਕੁੱਝ ਕੋਡ ਬਣਾਏ ਹੁੰਦੇ ਹਨ, ਜਿਨ੍ਹਾਂ ਦੀ ਵਰਤੋਂ ਪ੍ਰਦਰਸ਼ਨ ਦੌਰਾਨ ਬੜੀ ਹੁਸ਼ਿਆਰੀ ਨਾਲ ਕਰ ਲਈ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਸੁੰਘਣ ਦਾ ਤਾਂ ਬੱਚਾ ਨਾਟਕ ਹੀ ਕਰ ਰਿਹਾ ਹੁੰਦਾ ਹੈ, ਜਦਕਿ ਉਸ ਨੂੰ ਅਸਲ ਵਿੱਚ ਦਿਖਾਈ ਦੇ ਰਿਹਾ ਹੁੰਦਾ ਹੈ।ਜੇਕਰ ਕੋਈ ਦੂਜਾ ਵਿਅਕਤੀ ਪੱਟੀ ਬੰਨ੍ਹੇਗਾ ਤਾਂ ਇਹ ਬਹਾਨਾ ਬਣਾ ਲੈਂਦੇ ਹਨ ਕਿ ਪੱਟੀ ਜ਼ਿਆਦਾ ਟਾਈਟ ਬੰਨ੍ਹ ਦਿੱਤੀ ਹੈ, ਬੱਚਾ ਭੀੜ ਵਿੱਚ ਘਬਰਾਹਟ ਮਹਿਸੂਸ ਕਰਦਾ ਹੈ, ਨਰਵਿਸ ਹੋ ਗਿਆ ਹੈ, ਸਹਿਜ ਮਹਿਸੂਸ ਨਹੀਂ ਕਰਦਾ ਵਗੈਰਾ ਵਗੈਰਾ। ਆਖਰ ਵਿੱਚ ਉਨ੍ਹਾਂ ਹੋਰ ਸਪੱਸ਼ਟ ਕੀਤਾ ਕਿ ਵੱਖ ਵੱਖ ਗਿਆਨ ਇੰਦਰੀਆਂ ਦਾ ਕੰਮ ਵੱਖ ਵੱਖ ਹੈ, ਉਹ ਇੱਕ ਦੂਜੀ ਗਿਆਨ ਇੰਦਰੀ ਦੀ ਮਦਦ ਤਾਂ ਕਰਦੀਆਂ ਹਨ, ਪਰ ਦੂਸਰੀ ਗਿਆਨ ਇੰਦਰੀ ਦਾ ਪੂਰਾ ਸੂਰਾ ਕੰਮ ਨਹੀਂ ਕਰਦੀਆਂ, ਜਦਕਿ ਵੇਖਣ ਦਾ ਕੰਮ ਸਿਰਫ ਅੱਖਾਂ ਨਾਲ ਹੀ ਹੋ ਸਕਦਾ ਹੈ।ਇਸੇ ਦੌਰਾਨ ਤਰਕਸ਼ੀਲ ਸੁਸਾਇਟੀ ਦੇ ਸੂਬਾ ਪ੍ਰਧਾਨ ਰਾਜਿੰਦਰ ਭਦੌੜ ਨੇ ਰਾਮਪੁਰਾ ਫੂਲ ਦੇ ਉਸ ਦਾਅਵੇਦਾਰ ਨੂੰ ਮੁੜ ਚੁਣੌਤੀ ਦਿੱਤੀ ਹੈ ਕਿ ਉਹ ਜਾਂ ਉਸ ਦਾ ਕੋਈ ਚੇਲਾ ਜੇਕਰ ਅੱਖਾਂ 'ਤੇ ਪੱਟੀ ਬੰਨ੍ਹ ਸੁੰਘ ਕੇ ਪੜ੍ਹ ਸਕਦਾ ਹੈ ਤਾਂ ਉਹ ਸੁਸਾਇਟੀ ਵੱਲੋਂ ਐਲਾਨਿਆ 5 ਲੱਖ ਰੁਪਏ ਦਾ ਇਨਾਮ ਹਾਸਲ ਕਰ ਸਕਦਾ ਹੈ।

## ਬਾਬਾ ਮੋਨੀ ਜੀ ਕਾਲਜ ਦੇ ਵਿਦਿਆਰਥੀਆਂ ਅਕਾਦਮਿਕ ਖੇਤਰ 'ਚ ਮਾਰੀਆਂ ਮੱਲਾਂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ. ਸੀ. ਏ. ਭਾਗ ਪਹਿਲਾ (ਸਮੈਸਟਰ ਪਹਿਲਾ) ਦੇ ਨਤੀਜੇ ਵਿੱਚ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਦਾ ਨਤੀਜਾ ਸੌ ਫੀਸਦੀ ਰਿਹਾ। ਕਾਲਜ ਦੀ ਵਿਦਿਆਰਥਣ ਲਵਪ੍ਰੀਤ ਕੌਰ (86%) ਨੇ ਪਹਿਲਾ, ਮੁਸਕਾਨ ਕੌਰ (85.5%) ਦੂਜਾ ਅਤੇ ਸਿਮਰਨ ਕੌਰ (84.5%) ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਡਿਗਰੀ ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਿੰਦਰ ਕੌਰ ਅਤੇ ਐਜੂਕੇਸ਼ਨ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਦਿਨੇਸ਼ ਕੁਮਾਰ ਨੇ ਵਧਾਈ ਦਿੰਦਿਆਂ ਵਿਦਿਆਰਥਣਾਂ ਨੂੰ ਹੋਰ ਵਧੇਰੇ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ। ਸਟਾਫ ਮੈਂਬਰਜ਼ ਪ੍ਰੋ. ਸੁਖਦੀਪ ਕੌਰ, ਪ੍ਰੋ. ਰੁਚਿਕਾ, ਪ੍ਰੋ. ਸੁਮਨ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਮੋਨਿਕਾ ਗਰਗ, ਪ੍ਰੋ. ਰੁਪਿੰਦਰ ਸਿੰਘ, ਪ੍ਰੋ. ਸੁਖਦੀਪ ਕੌਰ (ਪੰਜਾਬੀ), ਪ੍ਰੋ. ਲਖਵੀਰ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਗੁਰਪ੍ਰੀਤ ਰਾਮ, ਪ੍ਰੋ. ਦਲਜੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਮਨੀਸ਼ਾ ਅਤੇ ਪ੍ਰੋ. ਕਰਮਵੀਰ ਕੌਰ ਨੇ ਸ਼ਾਨਦਾਰ ਰਿਜ਼ਲਟ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਵਿਦਿਆਰਥਣਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਕੋਰਟ ਕੰਪਲੈਕਸ ਦਸੂਹਾ ਨੇੜੇ ਹੋਈ ਕਤਲ ਵਾਰਦਾਤ 'ਚ ਲੋੜੀਂਦੇ 3 ਮੁਲਜ਼ਮ ਕਾਬੂ





**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸੁਰਿੰਦਰ ਲਾਂਬਾ ਆਈਪੀਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋਂ ਕੋਰਟ ਕੰਪਲੈਕਸ ਦਸੂਹਾ ਨੇੜੇ 26 ਜੁਲਾਈ ਨੂੰ ਹੋਏ ਕਤਲ ਵਿੱਚ ਲੋੜੀਦੇ ਤਿੰਨ ਦੋਸ਼ੀਆਂ ਨੂੰ ਕਾਬੂ ਕਰਨ ਸੰਬੰਧੀ ਪ੍ਰੈਸ ਕਾਨਫਰੰਸ ਕੀਤੀ ਗਈ। ਉਨ੍ਹਾਂ ਦੇ ਨਾਲ ਸਰਬਜੀਤ ਸਿੰਘ ਬਾਹੀਆ ਪੀਪੀਐਸ ਕਪਤਾਨ ਪੁਲਸ / ਤਫਤੀਸ਼ ਹੁਸ਼ਿਆਰਪੁਰ, ਜਗਦੀਸ਼ ਰਾਜ ਅਤਰੀ ਪੀਪੀਐਸ ਉਪ ਕਪਤਾਨ ਪੁਲਸ ਸਬ ਡਵੀਜ਼ਨ ਦਸੂਹਾ, ਸ਼ਿਵਦਰਸ਼ਨ ਸਿੰਘ ਸੰਧੂ ਪੀਪੀਐਸ ਉਪ ਕਪਤਾਨ ਪੁਲਸ ਡਿਟੈਕਟਿਵ ਹੁਸ਼ਿਆਰਪੁਰ, ਇੰਸਪੈਕਟਰ ਗੁਰਪ੍ਰੀਤ ਸਿੰਘ ਇੰਚਾਰਜ ਸੀਆਈਏ ਸਟਾਫ ਹੁਸ਼ਿਆਰਪੁਰ ਅਤੇ ਐਸਆਈ ਹਰਪ੍ਰੇਮ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਹਾਜ਼ਰ ਸਨ। ਪ੍ਰੈਸ ਨੂੰ ਸੰਬੋਧਨ ਕਰਦਿਆਂ ਐਸਐਸਪੀ ਹੁਸ਼ਿਆਰਪੁਰ ਨੇ ਦੱਸਿਆ ਕਿ 26 ਜੁਲਾਈ ਨੂੰ ਕੋਰਟ ਕੰਪਲੈਕਸ ਦਸੂਆ ਨੇੜੇ ਹੋਏ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਉਪਰੋਕਤ ਅਧਿਕਾਰੀਆਂ ਦੀ ਟੀਮ ਬਣਾਈ ਗਈ ਸੀ। ਉਕਤ ਟੀਮ ਨੇ ਟੈਕਨੀਕਲ, ਸੀਸੀਟੀਵੀ ਫੁਟੇਜ ਦੀ ਮਦਦ ਨਾਲ ਅਤੇ ਖੁਫੀਆ ਸੋਰਸ ਲਾ ਕੇ ਡੂੰਘਾਈ ਨਾਲ ਤਫਤੀਸ਼ ਕਰਦੇ ਹੋਏ ਉਕਤ ਮੁਕੱਦਮੇ ਵਿੱਚ ਤਿੰਨ ਦੋਸ਼ੀਆਂ ਨੂੰ 48 ਘੰਟੇ ਦੇ ਅੰਦਰ ਅੰਦਰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਕਤਲ ਦੀ ਵਜ੍ਹਾ ਰੰਜਿਸ਼ ਦੱਸੀ ਜਾ ਰਹੀ ਹੈ। ਮੁਦਈ ਮੁਕੱਦਮਾ ਸਤਵਿੰਦਰ ਸਿੰਘ ਉਰਫ ਸੱਤੀ ਵਾਸੀ ਪਿੰਡ ਬਾਜਵਾ ਥਾਣਾ ਦਸੂਹਾ ਦੀ ਵਿਦੇਸ਼ ਦੁਬਈ ਵਿੱਚ ਰਹਿੰਦੇ ਪਿੰਦਰ, ਵਾਸੀ ਕਬੀਰਪੁਰ, ਥਾਣਾ ਹਰਿਆਣਾ ਨਾਲ ਪੁਰਾਣੀ ਰੰਜਿਸ਼ ਸੀ। ਉਕਤ ਪਿੰਦਰ ਨੇ ਪੁਰਾਣੀ ਰੰਜਿਸ਼ ਤਹਿਤ ਹੀ ਦੋਸ਼ੀ ਕੰਨਿਸ਼ ਕੁਮਾਰ ਨੂੰ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਕਿਹਾ ਸੀ। ਜਿਸ 'ਤੇ ਉਕਤ ਕੰਨਿਸ਼ ਪੁੱਤਰ ਸੰਜੀਵ ਕੁਮਾਰ ਵਾਸੀ ਖਾਨ ਖਾਨਾ, ਥਾਣਾ ਮੁਕੰਦਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਅਮਨਦੀਪ ਸਿੰਘ ਉਰਫ ਅਮਨ ਉਰਫ ਫੌਜੀ ਪੁੱਤਰ ਦਵਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਉਰਫ ਮੋਨੂ ਪੁੱਤਰ ਕਸ਼ਮੀਰ ਸਿੰਘ ਵਾਸੀਅਨ ਪਿੰਡ ਡਫਰ, ਥਾਣਾ ਗੜ੍ਹਦੀਵਾਲ ਨਾਲ ਮਿਲ ਕੇ ਇਸ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਉਹਨਾਂ ਦੱਸਿਆ ਕਿ ਉਕਤ ਦੋਸ਼ੀਆਂ ਵੱਲੋਂ ਵਾਰਦਾਤ ਸਮੇਂ ਵਰਤੇ ਗਏ ਦੋ ਤੇਜ਼ਧਾਰ ਹਥਿਆਰ ਅਤੇ ਬਿਨਾਂ ਨੰਬਰ ਤੋਂ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਗ੍ਰਿਫਤਾਰ ਦੋਸ਼ੀ ਅਮਨਦੀਪ ਸਿੰਘ ਉਰਫ ਅਮਨ ਉਰਫ ਫੌਜੀ ਪੁੱਤਰ ਦਵਿੰਦਰ ਸਿੰਘ ਖਿਲਾਫ ਪਹਿਲਾਂ ਵੀ ਥਾਣਾ ਦਸੂਆ ਤੇ ਥਾਣਾ ਗੜ੍ਹਦੀਵਾਲ ਵਿਖੇ ਦੋ ਪਰਚੇ ਦਰਜ ਹਨ।

ਉਹਨਾਂ ਦੱਸਿਆ ਕਿ ਉਕਤ ਵਾਰਦਾਤ ਕਰਨ ਵਾਲੇ ਵਿਅਕਤੀਆਂ ਵਿਰੁੱਧ ਪੁਲਸ ਥਾਣਾ ਦਸੂਹਾ ਵਿਖੇ ਐਫਆਈਆਰ ਨੰਬਰ 155 ਮਿਤੀ 26 ਜੁਲਾਈ 2024 ਨੂੰ ਬੀਐਨਐਸ ਦੀ ਧਾਰਾ ਅ/ਧ 103, 109, 3 (5) ਅਧੀਨ ਕੇਸ ਰਜਿਸਟਰ ਕੀਤਾ ਜਾ ਚੁੱਕਾ ਹੈ ਅਤੇ ਦੋਸ਼ੀਆਂ ਨੂੰ ਕੋਰਟ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਜਾਵੇਗਾ ਤੇ ਪੂਰੀ ਪੁੱਛ ਪੜਤਾਲ ਕਰਨ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਦੇਸੀ ਪਿਸਤੌਲ ਤੇ 9 ਰੌਂਦ ਜ਼ਿੰਦਾ 315 ਬੋਰ ਸਮੇਤ ਵਿਅਕਤੀ ਕਾਬੂ



**ਫਗਵਾੜਾ (ਡਾ. ਰਮਨ)**- ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜ਼ਿਲਾ ਕਪੂਰਥਲਾ ਦੀ ਸਬ ਡਵੀਜ਼ਨ ਫਗਵਾੜਾ ਪੁਲਸ ਟੀਮ ਵੱਲੋਂ ਇੱਕ ਦੋਸ਼ੀ ਪਿਸਟਲ (ਕੱਟਾ) ਅਤੇ 9 ਰੌਂਦ ਜ਼ਿੰਦਾ 315 ਬੋਰ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ।

ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਨੇ ਦੱਸਿਆ ਕਿ 27 ਜੁਲਾਈ ਨੂੰ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਸਿਵਲ ਹਸਪਤਾਲ ਫਗਵਾੜਾ ਦਾਖਲ ਹੈ।ਜਿਸ ਸਬੰਧੀ ਮੌਕਾ 'ਤੇ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਜਸਪ੍ਰੀਤ ਸਿੰਘ ਉੱਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ, ਐਸ.ਆਈ. ਬਿਸ਼ਮਨ ਸਾਹੀ ਇੰਚਾਰਜ ਸੀ.ਆਈ.ਏ. ਸਟਾਫ ਫਗਵਾੜਾ ਅਤੇ ਐਸ.ਆਈ. ਮਨਜੀਤ ਸਿੰਘ ਮੁੱਖ ਅਫਸਰ ਥਾਣਾ ਰਾਵਲਪਿੰਡੀ ਸਿਵਲ ਹਸਪਤਾਲ ਫਗਵਾੜਾ ਪੁੱਜੇ, ਤੇ ਜ਼ਖਮੀ ਰਵੀ ਪੁੱਤਰ ਹੰਸ ਰਾਜ ਵਾਸੀ ਜਗਪਾਲਪੁਰ ਥਾਣਾ ਰਾਵਲਪਿੰਡੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਪਾਸੋਂ ਪੁੱਛਗਿੱਛ ਕੀਤੀ ਗਈ। ਜਿਸ ਨੇ ਮੰਨਿਆ ਕਿ ਉਸ ਪਾਸ ਪਿਸਟਲ (ਕੱਟਾ) ਸੀ, ਜਿਸ ਵਿੱਚੋਂ ਗੋਲੀ ਚੱਲਣ ਨਾਲ ਉਹ ਜ਼ਖਮੀ ਹੋਇਆ ਸੀ। ਜੋ ਦੋਸ਼ੀ ਰਵੀ ਦੀ ਨਿਸ਼ਾਨਦੇਹੀ 'ਤੇ ਉਸ ਪਾਸੋਂ ਇੱਕ ਦੇਸੀ ਪਿਸਟਲ (ਕੱਟਾ) ਅਤੇ 9 ਰੌਂਦ ਜ਼ਿੰਦਾ 315 ਬੋਰ ਬ੍ਰਾਮਦ ਕੀਤੇ ਗਏ। ਦੋਸ਼ੀ ਰਵੀ ਨੂੰ ਪੇਸ਼ ਅਦਾਲਤ ਕਰਕੇ ਉਸ ਦਾ ਪੁਲਸ ਰਿਮਾਂਡ ਹਾਸਲ ਕਰਨ ਤੇ ਹੋਰ ਵੀ ਸਨਸਨੀਖੇਜ਼ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਚਲਦੀ ਰੇਲ ਗੱਡੀ 'ਚੋਂ ਡਿੱਗਣ ਕਾਰਨ ਨੌਜਵਾਨ ਦੀ ਮੌਤ



**ਫਿਲੌਰ, ( ਨਿਰਮਲ )** ਨਜ਼ਦੀਕ ਪਿੰਡ ਬੱਕਾਪੁਰ ਰੇਲਵੇ ਫਾਟਕ ਨਜ਼ਦੀਕ ਇੱਕ ਨੌਜਵਾਨ ਦੀ ਰੇਲ ਗੱਡੀ ਦੇ ਵਿੱਚੋਂ ਡਿੱਗਣ ਕਾਰਨ ਮੌਤ ਹੋ ਗਈ। ਜੀ ਆਰ ਪੀ ਚੌਂਕੀ ਇੰਚਾਰਜ ਫਿਲੌਰ ਤੇਜਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਕੀਮੈਨ ਨੇ ਦੱਸਿਆ ਕਿ ਇੱਕ ਵਿਅਕਤੀ ਚੱਲਦੀ ਟ੍ਰੇਨ ਵਿੱਚੋਂ ਡਿੱਗ ਗਿਆ ਹੈ। ਜਿਸ ਦੀ ਮੌਕੇ 'ਤੇ ਮੌਤ ਹੋ ਗਈ ਹੈ। ਦੀ ਮ੍ਰਿਤਕ ਦੇਹ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਵਿੱਚ ਰੱਖ ਦਿੱਤਾ ਹੈ। ਮ੍ਰਿਤਕ ਦੀ ਪਹਿਚਾਣ ਨਹੀਂ ਹੋ ਸਕੀ ।ਉਹਨਾਂ ਦੇ ਦੱਸਣ ਮੁਤਾਬਕ ਉਸਦੀ ਬਾਂਹ ਦੇ ਉੱਤੇ ਰਾਕੇਸ਼ ਲਿਖਿਆ ਹੋਇਆ ਹੈ।

# ਸ੍ਰੀ ਗੁਰੂ ਰਵਿਦਾਸ ਸੇਵਾ ਮਿਸ਼ਨ ਸੁਸਾਇਟੀ ਦੀ ਮੀਟਿੰਗ



**ਸ੍ਰੀ ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)**: ਸ੍ਰੀ ਗੁਰੂ ਰਵਿਦਾਸ ਸੇਵਾ ਮਿਸ਼ਨ ਸੁਸਾਇਟੀ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਵਿਖੇ ਪ੍ਰਧਾਨ ਗੁਰਚਰਨ ਸਿੰਘ ਮਾਣੇਮਾਜਰਾ ਦੀ ਪ੍ਰਧਾਨਗੀ ਹੇਠ ਹੋਈ। ਸੁਸਾਇਟੀ ਦੇ ਜਨਰਲ ਸਕੱਤਰ ਬਖਸ਼ੀਸ਼ ਸਿੰਘ ਕਟਾਰੀਆ ਨੇ ਦੱਸਿਆ ਕਿ ਕਮੇਟੀ ਵੱਲੋਂ ਵਿਚਾਰ ਚਰਚਾ ਕਰਨ ਉਪਰੰਤ ਅਤੇ ਹੋਰ ਵਿਦਵਾਨਾਂ ਦੀ ਰਾਏ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਦੌਰਾਨ ਸੁਖਮਨੀ ਸਾਹਿਬ ਦੇ ਪਾਠ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਭੇਟਾ ਤੈਅ ਕੀਤੀ ਗਈ ਤਾਂ ਜੋ ਇਲਾਕੇ ਦੇ ਗਰੀਬ ਤੇ ਦਲਿਤ ਸਮਾਜ ਨਾਲ ਸੰਬੰਧਤ ਲੋਕ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਵਾ ਸਕਣ। ਉਨ੍ਹਾਂ ਦੱਸਿਆ ਕਿ ਤੈਅ ਕੀਤੀਆਂ ਧਾਰਮਿਕ ਸਮਾਗਮਾਂ ਦੀਆਂ ਭੇਟਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਆਮ ਲੋਕਾਂ ਦੇ ਸੁਝਾਓ ਆਉਣ ਉਪਰੰਤ ਲੋੜ ਅਨੁਸਾਰ ਵਿਸ਼ੇਸ਼ ਹਾਲਤਾਂ ਨੂੰ ਮੁੱਖ ਰੱਖਦਿਆਂ ਸੁਸਾਇਟੀ ਵਧਾ ਘਟਾ ਸਕਦੀ ਹੈ। ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਦਰਬਾਰ ਸਾਹਿਬ ਵਿਖੇ ਟਾਇਲਾਂ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ। ਇਸ ਮੌਕੇ ਚੇਅਰਮੈਨ ਮਲਾਗਰ ਸਿੰਘ, ਗਿਆਨ ਸਿੰਘ , ਸੁਖਵਿੰਦਰ ਸਿੰਘ ਨੀਟਾ, ਗੁਰਮੀਤ ਸਿੰਘ, ਜਸਬੀਰ ਸਿੰਘ, ਅਮਰਜੀਤ ਸਿੰਘ, ਮਾਸਟਰ ਰਤਨ ਸਿੰਘ, ਲਾਭ ਸਿੰਘ ਸੁਖਜਿੰਦਰ ਸਿੰਘ, ਮਾਸਟਰ ਬਾਬੂ ਸਿੰਘ, ਸੁਖਦੇਵ ਸਿੰਘ ਅਤੇ ਅਮਨਦੀਪ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵਿਤਾਵਾਂ, ਲੈਕਚਰ ਅਤੇ ਕਵੀਸ਼ਰੀ ਰਾਹੀਂ ਗੁਰੂ ਸਾਹਿਬ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ ਗਿਆ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਡਾਇਰੈਕਟਰ ਐਜੂਕੇਸ਼ਨ ਗੁਰਮਿੰਦਰ ਸਿੰਘ ਭੁੱਲਰ, ਐਡਵੋਕੇਟ ਪਾਖਰ ਸਿੰਘ ਭੱਠਲ ਅਤੇ ਸਤਿਗੁਰ ਸਤਿਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਤੋਂ ਮੈਡਮ ਚਰਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਵਿਦਿਆਰਥੀਆਂ ਵੱਲੋਂ ਛਬੀਲ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਮੌਕੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੇ ਪ੍ਰਧਾਨ ਸਰਬਜੀਤ ਸਿੰਘ ਰੈਣੂੰ, ਉੱਘੇ ਸਮਾਜ ਸੇਵੀ ਨੰਬਰਦਾਰ ਕੁਲਦੀਪ ਸਿੰਘ, ਮੈਡਮ ਬਲਵੀਰ ਕੌਰ ਭੁੱਲਰ, ਵਪਾਰ ਮੰਡਲ ਪ੍ਰਧਾਨ ਪ੍ਰਿਤਪਾਲ ਸਿੰਘ ਗੰਡਾ, ਪ੍ਰਿੰਸੀਪਲ ਆਸ਼ਾ ਰਾਣੀ, ਬੀਬੀ ਜਸਵਿੰਦਰ ਕੌਰ ਸੱਗੂ, ਕੈਪਟਨ ਤਰਸੇਮ ਸਿੰਘ, ਪੱਤਰਕਾਰ ਸਤਿੰਦਰਪਾਲ ਸਿੰਘ, ਦੀਪਾਂਜਲੀ ਸ਼ਰਮਾ,ਨਿਸ਼ਾ ਗਰਗ, ਆਂਸ਼ੂ, ਸੰਦੀਪ ਕੌਰ, ਨਰਿੰਦਰ ਕੌਰ, ਸਤਿੰਦਰ ਕੌਰ, ਰਜਿੰਦਰ ਕੌਰ, ਕੰਵਲਜੀਤ ਕੌਰ, ਜਸਪ੍ਰੀਤ ਕੌਰ, ਮਮਤਾ ਦੇਵੀ, ਸਪਨਾ ਰਾਣੀ, ਰਵੀਇੰਦਰ ਕੌਰ, ਸ਼ਾਂਤੀ ਦੇਵੀ, ਮਨਜੀਤ ਕੌਰ,ਅਮਰਜੀਤ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

# ਵਿਆਹ 'ਚ ਸ਼ਰਾਬ ਪੀ ਕੇ ਮਸਤ ਹੋਏ ਪੁਲਸ ਮੁਲਾਜ਼ਮਾਂ ਨੇ ਰਿਸ਼ਤੇਦਾਰਾਂ ਨੂੰ ਮਾਰੇ ਧੱਕੇ



**ਜਲੰਧਰ, (ਯੋਗੇਸ਼ਵਰ)** : ਹੁਸ਼ਿਆਰਪੁਰ ਰੋਡ 'ਤੇ ਸਥਿਤ ਇਕ ਰਿਜ਼ੋਰਟ 'ਚ ਵਿਆਹ ਸਮਾਗਮ ਦੌਰਾਨ ਸ਼ਰਾਬ ਦੇ ਨਸ਼ੇ 'ਚ ਪੁਲਸ ਮੁਲਾਜ਼ਮ ਵਲੋਂ ਬਦਸਲੂਕੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਲਜ਼ਾਮ ਹੈ ਕਿ ਨਸ਼ੇ 'ਚ ਧੁੱਤ ਏ ਐਸ ਆਈ ਤੇ ਮੁਲਾਜ਼ਮਾਂ ਨੇ ਰਿਸ਼ਤੇਦਾਰਾਂ ਨਾਲ ਧੱਕਾ-ਮੁੱਕੀ ਕੀਤੀ। ਸਮਾਗਮ 'ਚ ਸ਼ਿਰਕਤ ਕਰਨ ਪਹੁੰਚੇ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਨੇ ਸ਼ਰਾਬੀ ਏ ਐੱਸ ਆਈ ਨੂੰ ਸਸਪੈਂਡ ਕਰਨ ਦੀ ਚਿਤਾਵਨੀ ਦਿੱਤੀ ਤਾਂ ਉਸ ਨੇ ਕਿਹਾ ਸਸਪੈਂਡ ਕਰ ਦਿਉ। ਸਨਿਚਰਵਾਰ ਨੂੰ ਹੁਸ਼ਿਆਰਪੁਰ ਰੋਡ 'ਤੇ ਸਥਿਤ ਇਕ ਪੈਲੇਸ 'ਚ ਵਿਆਹ ਸਮਾਗਮ ਕਰਵਾਇਆ ਗਿਆ ਸੀ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਅਤੇ ਹੋਰ ਲੋਕ ਹਾਜ਼ਰ ਸਨ। ਉੱਥੇ ਸੁਰੱਖਿਆ ਲਈ ਪਾਤੜਾਂ ਪੁਲਸ ਦੀ ਡਿਊਟੀ ਲਗਾਈ ਗਈ ਸੀ ਜਿਸ ਵਿੱਚ ਏ ਐਸ ਆਈ ਕੇਵਲ ਸਿੰਘ, ਕਾਂਸਟੇਬਲ ਅਮਨਦੀਪ ਸਿੰਘ ਤੇ ਦੋ ਹੋਰ ਪੁਲਸ ਮੁਲਾਜ਼ਮ ਤਾਇਨਾਤ ਸਨ। ਮਹਿਮਾਨਾਂ ਦੇ ਖਾਣਾ ਖਾਣ ਦੌਰਾਨ ਪੁਲਸ ਮੁਲਾਜ਼ਮਾਂ ਨੇ ਸ਼ਰਾਬ ਪੀਤੀ। ਚਸ਼ਮਦੀਦਾਂ ਅਨੁਸਾਰ ਨਸ਼ੇ ਦੀ ਹਾਲਤ 'ਚ ਪੁਲਿਸ ਮੁਲਾਜ਼ਮਾਂ ਨੇ ਖਾਣੇ ਨੂੰ ਲੈ ਕੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਏ ਐਸ ਆਈ ਕੇਵਲ ਸਿੰਘ ਨੇ ਮਹਿਮਾਨਾਂ ਨਾਲ ਧੱਕਾ-ਮੁੱਕੀ ਕੀਤੀ। ਆਮ ਆਦਮੀ ਪਾਰਟੀ ਦੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਨੇ ਸ਼ਰਾਬੀ ਪੁਲਸ ਮੁਲਾਜ਼ਮਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਾਰੀ ਘਟਨਾ ਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋਈ ਜਿਸ ਵਿਚ ਵਿਧਾਇਕ ਪੁਲਸ ਮੁਲਾਜ਼ਮਾਂ ਨਾਲ ਗੱਲਬਾਤ ਕਰ ਰਹੇ ਹਨ। ਵਿਧਾਇਕ ਰਮਨ ਅਰੋੜਾ ਨੇ ਦੱਸਿਆ ਕਿ ਉਹ ਹੁਸ਼ਿਆਰਪੁਰ ਰੋਡ 'ਤੇ ਸਥਿਤ ਇਕ ਰਿਜ਼ੋਰਟ 'ਚ ਵਿਆਹ ਸਮਾਗਮ ਲਈ ਗਏ ਹੋਏ ਸਨ । ਇਸ ਦੌਰਾਨ ਚਾਰ ਪੁਲਸ ਮੁਲਾਜ਼ਮ ਪਹਿਲਾਂ ਹੀ ਉਥੇ ਮੌਜੂਦ ਸਨ ਜਿਨ੍ਹਾਂ ਸ਼ਰਾਬ ਪੀਤੀ ਹੋਈ ਸੀ। ਮੁਲਾਜ਼ਮ ਸ਼ਰਾਬ ਦੇ ਨਸ਼ੇ 'ਚ ਮਹਿਮਾਨਾਂ ਨਾਲ ਝਗੜਾ ਕਰ ਰਹੇ ਸਨ। ਉਨ੍ਹਾਂ ਨੇ ਪੂਰੀ ਜਾਣਕਾਰੀ ਜਲੰਧਰ ਦੇ ਐਸ ਐਸ ਪੀ ਅੰਕੁਰ ਗੁਪਤਾ ਨੂੰ ਦਿੱਤੀ। ਵਿਧਾਇਕ ਰਮਨ ਅਰੋੜਾ ਨੇ ਦੱਸਿਆ ਕਿ ਪ੍ਰੋਗਰਾਮ ਤੋਂ ਪਹਿਲਾਂ ਪਤਾਰਾ ਥਾਣੇ ਦੇ ਚਾਰ ਪੁਲਸ ਮੁਲਾਜ਼ਮ ਡਿਊਟੀ 'ਤੇ ਸਨ। ਪ੍ਰੋਗਰਾਮ ਦੌਰਾਨ ਉਸ ਨੇ ਸ਼ਰਾਬ ਪੀਤੀ। ਆਪ ਵਿਧਾਇਕ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਪੁੱਛਿਆ ਕਿ ਉਨ੍ਹਾਂ ਨੂੰ ਕਿਸ ਨੇ ਬੁਲਾਇਆ ਸੀ ਤਾਂ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਵਾਇਰਲ ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਵਿਧਾਇਕ ਮੁਲਜ਼ਮ ਕਰਮਚਾਰੀਆਂ ਨੂੰ ਮੁਅੱਤਲ ਕਰਨ ਦੀ ਚਿਤਾਵਨੀ ਦੇ ਰਹੇ ਹਨ ਤੇ ਏ ਐੱਸ ਆਈ ਉਨ੍ਹਾਂ ਨੂੰ ਸਸਪੈਂਡ ਕਰਨ ਦੀ ਗੱਲ ਕਹਿ ਕੇ ਪ੍ਰਤੀਕਿਰਿਆ ਦੇ ਰਿਹਾ ਹੈ। ਡੀ ਐਸ ਪੀ ਸੁਮਿਤ ਸੂਦ ਨੇ ਦੱਸਿਆ ਕਿ ਥਾਣਾ ਇੰਚਾਰਜ ਤੋਂ ਮੁਲਜ਼ਮ ਮੁਲਾਜ਼ਮ ਦੀ ਰਿਪੋਰਟ ਮੰਗ ਲਈ ਗਈ ਹੈ। ਜਲਦੀ ਹੀ ਚਾਰਾਂ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

# ਸਰਕਾਰੀ ਕਾਲਜ ਦਾ ਨਾਂਅ ਗੁਰੂ ਗੋਰਖਨਾਥ ਦੇ ਨਾਂਅ 'ਤੇ ਕਰਨ ਦਾ ਫੈਸਲਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਸਰਕਾਰੀ ਕਾਲਜ, ਹਿਸਾਰ ਦਾ ਨਾਂਅ ਗੁਰੂ ਗੋਰਖਨਾਥ ਦੇ ਨਾਂਅ ਤੇ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿਚ ਅੱਜ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਪ੍ਰਸਤਾਵ ਨੂੰ ਮਨਜ਼ੂਰੀ ਪ੍ਰਦਾਨ ਕਰ ਦਿੱਤੀ ਹੈ। ਉੱਚੇਰੀ ਸਿਖਿਆ ਵਿਭਾਗ ਦੇ ਸਰਕਾਰ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਐਲਾਨ ਅਨੁਰੂਪ ਸਰਕਾਰੀ ਕਾਲਜ, ਹਿਸਾਰ ਦਾ ਨਾਂਅ ਗੁਰੂ ਗੋਰਖਨਾਥ ਦੇ ਨਾਂਅ 'ਤੇ ਰੱਖਿਆ ਗਿਆ ਸੀ, ਜਿਸ ਨੂੰ ਹੁਣ ਸੋਧ ਕਰ ਕੇ ਗੁਰੂ ਗੋਰਖਨਾਥ ਦੇ ਨਾਂਅ 'ਤੇ ਰੱਖਿਆ ਜਾਵੇਗਾ।

# ਪ੍ਰਕਾਸ਼ ਪੁਰਬ ਮੌਕੇ ਜਿੰਪਾ ਤੇ ਸਾਹਨੀ ਪਰਵਾਰ ਨੇ ਸਾਂਝੀ ਰਸੋਈ 'ਚ ਵਰਤਾਇਆ ਭੋਜਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਕਾਰਜਕਾਰੀ ਮੈਂਬਰ ਅਤੇ ਸਮਾਜ ਸੇਵੀ ਆਗਿਆਪਾਲ ਸਿੰਘ ਸਾਹਨੀ ਨੇ ਸਾਂਝੀ ਰਸੋਈ ਵਿਚ ਪਰਵਾਰ ਸਮੇਤ ਪਹੁੰਚ ਕੇ ਭੋਜਨ ਵਰਤਾਇਆ। ਇਸ ਦੌਰਾਨ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਹੋਏ ਅਤੇ ਉਨ੍ਹਾਂ ਨੇ ਵੀ ਉਥੇ ਭੋਜਨ ਕਰਨ ਆਏ ਲੋਕਾਂ ਨੂੰ ਖ਼ੁਦ ਭੋਜਨ ਵਰਤਾਇਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਾਂਝੀ ਰਸੋਈ ਵਿਚ ਰੋਜ਼ਾਨਾ 10 ਰੁਪਏ ਵਿਚ ਪੌਸ਼ਟਿਕ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਖਾਣੇ ਦੀ ਗੁਣਵੱਤਾ 'ਤੇ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ, ਤਾਂ ਜੋ ਪੌਸ਼ਟਿਕ ਖਾਣਾ ਹੀ ਮੁਹੱਈਆ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਂਝੀ ਰਸੋਈ ਵਿਚ ਕੋਈ ਵੀ ਵਿਅਕਤੀ ਦੁਪਹਿਰ ਦਾ ਖਾਣਾ ਖਾਣ ਲਈ ਆ ਸਕਦਾ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਆਗਿਆਪਾਲ ਸਿੰਘ ਸਾਹਨੀ ਅਤੇ ਉਨ੍ਹਾਂ ਦਾ ਪੂਰਾ ਪਰਵਾਰ ਸਮਾਜ ਸੇਵਾ ਵਿਚ ਸ਼ਾਨਦਾਰ ਕੰਮ ਕਰ ਰਿਹਾ ਹੈ ਅਤੇ ਅੱਜ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੂੰ ਸਾਂਝੀ ਰਸੋਈ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਜਿਸ ਲਈ ਉਹ ਸਾਹਨੀ ਪਰਵਾਰ ਦੇ ਧੰਨਵਾਦੀ ਹਨ। ਉਨ੍ਹਾਂ ਸ਼ਹਿਰ ਦੇ ਦਾਨੀ ਸੱਜਣਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਰਵਾਰਕ ਮੈਂਬਰਾਂ ਦੇ ਜਨਮ ਦਿਨ ਅਤੇ ਹੋਰ ਯਾਦਗਾਰੀ ਦਿਨ ਬੁੱਕ-ਏ-ਡੇਅ ਸਕੀਮ ਤਹਿਤ ਸਾਂਝੀ ਰਸੋਈ ਵਿਚ ਯੋਗਦਾਨ ਪਾ ਕੇ ਮਨਾਉਣ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਰਾਹੀਂ ਰੋਜ਼ਾਨਾ 300-400 ਤੋਂ ਵੱਧ ਲੋੜਵੰਦ ਲੋਕਾਂ ਨੂੰ ਦੁਪਹਿਰ ਦਾ ਖਾਣਾ ਪਰੋਸਿਆ ਜਾਂਦਾ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ, ਕੌਂਸਲਰ ਜਸਵੰਤ ਸਿੰਘ, ਹਰਪ੍ਰੀਤ ਸਾਹਨੀ, ਵਰਿੰਦਰ ਸ਼ਰਮਾ, ਰਾਜੀਵ ਬਜਾਜ, ਕੁਮਕੁਮ ਸੂਦ, ਰਾਕੇਸ਼ ਕਪਿਲਾ, ਸੁਮੇਸ਼ ਸੋਨੀ, ਕੁਲਵਿੰਦਰ ਹੁੰਦਲ, ਅਵਤਾਰ ਸਿੰਘ ਧਾਮੀ, ਹਰਿੰਦਰ ਹੈਰੀ, ਕਮਲਜੀਤ ਕੰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਵਿਦਿਆਰਥ ਨੂੰ 'ਵਰਸਿਟੀ ਪ੍ਰੀਖਿਆਵਾਂ 'ਚ ਪਹਿਲਾ ਸਥਾਨ ਪ੍ਰਾਪਤ



**ਜਲੰਧਰ ( ਇਕਬਾਲ ਸਿੰਘ ਉੱਭੀ )**- ਪੀ.ਸੀ.ਐਮ.ਐਸ.ਡੀ. ਕਾਲਜ ਦੇ ਬੀ.ਕਾਮ ਫਾਈਨੈਂਸ਼ੀਅਲ ਸਰਵਿਸਿਜ਼ ਸਮੈਸਟਰ ਛੇਵੇਂ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਗਾਰਗੀ ਨੇ 2050 ਅੰਕਾਂ ਵਿੱਚੋਂ 1696 (82.73%) ਦੇ ਪ੍ਰਭਾਵਸ਼ਾਲੀ ਸਕੋਰ ਨਾਲ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਆਪ ਨੂੰ ਵੱਖਰਾ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਨੇ ਸੰਸਥਾ ਦਾ ਮਾਣ ਵਧਾਇਆ ਹੈ।

ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ, ਡਾ. ਪੂਜਾ ਪਰਾਸ਼ਰ ਨੇ ਗਾਰਗੀ ਨੂੰ ਉਸ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ ਅਤੇ ਉਸ ਦੀ ਲਗਾਤਾਰ ਸਫਲਤਾ ਦੀ ਕਾਮਨਾ ਕੀਤੀ।

# ਸਥਾਨਕ ਸਰਕਾਰਾਂ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਫੰਡਾਂ ਦੀ ਵਰਤੋਂ ਕਰਨ ਦੀਆਂ ਹਦਾਇਤਾਂ



**ਜਲੰਧਰ, ( ਸ਼ੈਲੀ ਐਲਬਰਟ )**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਤੇ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਂਲ ਪੇਂਡੂ ਵਿਕਾਸ ਪ੍ਰੋਜੈਕਟਾਂ, ਖਾਸ ਕਰਕੇ 15ਵੇਂ ਵਿੱਤ ਕਮਿਸ਼ਨ, ਮਗਨਰੇਗਾ ਤਹਿਤ ਫੰਡਾਂ ਦੀ ਵਰਤੋਂ ਅਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਵਲੋਂ ਆਪਣੇ ਅਖਤਿਆਰੀ ਫੰਡਾਂ ਵਿਚੋਂ ਜਾਰੀ ਗਰਾਂਟਾਂ ਦੀ ਵਰਤੋਂ ਦਾ ਜਾਇਜ਼ਾ ਲਿਆ ਗਿਆ।ਉਨ੍ਹਾਂ ਵਲੋਂ ਪਿੰਡਾਂ ਵਿੱਚ ਗੰਦੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਥਾਪਰ ਮਾਡਲ ਦੀ ਤਰਜ਼ 'ਤੇ ਪਿੰਡਾਂ ਵਿੱਚ ਛੱਪੜਾਂ ਦੇ ਨਵੀਨੀਕਰਨ 'ਤੇ ਜ਼ੋਰ ਦਿੱਤਾ ਗਿਆ।ਇਸ ਪ੍ਰੋਜੈਕਟ ਤਹਿਤ ਛੱਪੜਾਂ ਦੇ ਪਾਣੀ ਨੂੰ ਖੇਤੀਬਾੜੀ ਲਈ ਵਰਤਿਆ ਜਾਵੇਗਾ, ਜਿਸ ਨਾਲ ਨਾ ਸਿਰਫ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਮਦਦ ਮਿਲੇਗੀ ਸਗੋਂ ਪਿੰਡਾਂ ਨੂੰ ਸਾਫ ਸੁਥਰਾ ਰੱਖਣ ਵਿੱਚ ਵੀ ਮਦਦ ਮਿਲੇਗੀ । ਉਨ੍ਹਾਂ ਵਲੋਂ ਪਿੰਡਾਂ ਵਿੱਚ ਨਵੇਂ ਕਮਿਊਨਟੀ ਹਾਲਾਂ ਨੂੰ ਉਸਾਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਕਿਉਂਕਿ ਇਸ ਨਾਲ ਲੋਕਾਂ ਨੂੰ ਆਪਣੇ ਸਮਾਜਿਕ ਪ੍ਰੋਗਰਾਮ ਕਰਨ ਲਈ ਢੁੱਕਵੀਆਂ ਥਾਵਾਂ ਮਿਲ ਸਕਣਗੀਆਂ।ਪੇਂਡੂ ਖੇਤਰਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਵਿਕਾਸ ਪ੍ਰੋਜੈਕਟਾਂ ਲਈ ਨਵੀਆਂ ਤਜਵੀਜ਼ਾਂ ਭੇਜਣ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਆਪਣੇ-ਆਪਣੇ ਹਲਕੇ ਨਾਲ ਸਬੰਧਤ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ ਨਵੀਆਂ ਤਜਵੀਜ਼ਾਂ ਸੌਂਪਣ ਲਈ ਵੀ ਹਦਾਇਤਾਂ ਕੀਤੀਆਂ ਗਈਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ ) ਲਖਵਿੰਦਰ ਸਿੰਘ ਰੰਧਾਵਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਵੰਦੇ ਭਾਰਤ ਟ੍ਰੇਨ ਭਾਰਤ ਦੇ ਤੇਜ਼ ਵਿਕਾਸ ਦੀ ਗਾਥਾ : ਮੁੱਖ ਮੰਤਰੀ ਸੈਨੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਪਿਛਲੇ 10 ਸਾਲ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਵਿਚ ਤੇਜ਼ ਗਤੀ ਨਾਲ ਵਿਕਾਸ ਹੋਇਆ ਹੈ ਅਤੇ ਵੰਦੇ ਭਾਰਤ ਵਰਗੀ ਟ੍ਰੇਨ ਇਸ ਦਾ ਉਦਾਹਰਨ ਹੈ। ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਅੱਜ ਉਹ ਵੰਦੇ ਭਾਰਤ ਟ੍ਰੇਨ ਵਿਚ ਯਾਤਰਾ ਕਰ ਰਹੇ ਹਨ।ਮੁੱਖ ਮੰਤਰੀ ਅੱਜ ਚੰਡੀਗੜ੍ਹ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ-ਅਜਮੇਰ ਵੰਦੇ ਭਾਰਤ ਟ੍ਰੇਨ ਤੋਂ ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਝੂਠ ਬੋਲ ਕੇ ਦੇਸ਼ ਕਮਜ਼ੋਰ ਕਰਨ ਦਾ ਕੰਮ ਕੀਤਾ ਹੈ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਮਜ਼ਬੂਤ ਹੋਇਆ ਹੈ। ਕਾਂਗਰਸ ਦੇ ਹਰਿਆਣਾ ਮੰਗੇ ਹਿਸਾਬ ਮੁਹਿੰਮ ਦੇ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਭੁਪੇਂਦਰ ਸਿੰਘ ਹੁੱਡਾ ਪਹਿਲਾਂ ਆਪਣੇ 10 ਸਾਲ ਦੇ ਕਾਰਜਕਾਲ ਦਾ ਹਿਸਾਬ ਦੇਣ।ਉਨ੍ਹਾਂ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਵਿਚ ਗਰੀਬ ਵਿਅਕਤੀ ਨੂੰ ਥਾਣਿਆਂ ਵਿਚ ਐਫ ਆਈ ਆਰ ਤਕ ਨਹੀਂ ਦਰਜ ਹੁੰਦੀ ਸੀ। ਗਰੀਬਾਂ ਨੂੰ ਨੌਕਰੀ ਨਹੀਂ ਮਿਲਦੀ ਸੀ, ਕਿਸਾਨਾਂ ਨੂੰ ਫਸਲ ਖਰਾਬੇ ਦਾ ਸਹੀ ਮੁਆਵਜ਼ਾ ਨਹੀਂ ਮਿਲਦਾ ਸੀ ਅਤੇ ਫਸਲਾਂ ਦੀ ਐਮਐਸਪੀ ਵੀ ਨਹੀਂ ਮਿਲਦੀ ਸੀ। ਅੱਜ 14 ਫਸਲਾਂ ਦੀ ਹਰਿਆਣਾ ਵਿਚ ਐਮਐਸਪੀ 'ਤੇ ਖਰੀਦ ਹੁੰਦੀ ਹੈ। ਗਰੀਬ ਤੋਂ ਗਰੀਬ ਵਿਅਕਤੀ ਨੂੰ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ। ਇਕ ਹੋਰ ਸੁਆਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਲੋਕ ਸਭਾ ਚੋਣ ਵਿਚ ਰਾਹੁਲ ਗਾਂਧੀ ਨੇ ਪਵਿੱਤਰ ਸੰਵਿਧਾਨ 'ਤੇ ਵੱਡਾ ਝੂਠ ਬੋਲ ਕੇ ਅਪਮਾਨ ਕੀਤਾ । ਰੇਲਵੇ ਸਟੇਸ਼ਨ ਪਹੁੰਚਣ 'ਤੇ ਸਟੇਸ਼ਨ ਸੁਪਰਡੈਂਟ ਡੀ ਕੇ ਸਿੰਘ ਅਤੇ ਸੰਜੀਵ ਕੁਮਾਰ ਚੌਧਰੀ ਨੇ ਮੁੱਖ ਮੰਤਰੀ ਦਾ ਸਵਾਗਤ ਕੀਤਾ ਅਤੇ ਪਲੇਟਫਾਰਮ ਤਕ ਉਨ੍ਹਾਂ ਦੀ ਨਿਗਰਾਨੀ ਕੀਤੀ।

# ਐੱਲ ਪੀ ਯੂ ਨੂੰ ਸ਼੍ਰੇਣੀ-1 ਗ੍ਰੇਡਿਡ ਆਟੋਨਾਮੀ ਦਾ ਦਰਜਾ



**ਜਲੰਧਰ (ਸ਼ੈਲੀ ਐਲਬਰਟ)**- ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੂੰ ਸ਼੍ਰੇਣੀ-1 ਗ੍ਰੇਡਿਡ ਆਟੋਨਾਮੀ ਦਾ ਦਰਜਾ ਦਿੱਤਾ ਹੈ। ਇਹ ਕਦਮ ਭਾਰਤ ਵਿੱਚ ਉੱਚ ਸਿੱਖਿਆ ਵਿੱਚ ਮਿਆਰਾਂ ਨੂੰ ਨਿਰਧਾਰਤ ਕਰਨ, ਉਤਸ਼ਾਹਤ ਕਰਨ ਅਤੇ ਕਾਇਮ ਰੱਖਣ ਲਈ ਯੂ ਜੀ ਸੀ ਦੇ ਆਦੇਸ਼ਾਂ 'ਤੇ ਕੀਤਾ ਗਿਆ ਹੈ। ਯੂ ਜੀ ਸੀ ਤੋਂ ਇਹ ਵੱਕਾਰੀ ਮਾਨਤਾ, ਅਕਾਦਮਿਕ ਉੱਤਮਤਾ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਲਈ ਐਲ ਪੀ ਯੂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਸ਼੍ਰੇਣੀ-1 ਨੂੰ ਯੂ ਜੀ ਸੀ ਦੁਆਰਾ ਉਨ੍ਹਾਂ ਦੀ ਸ਼ਾਨਦਾਰ ਦਰਜਾਬੰਦੀ ਅਤੇ 3.51 ਜਾਂ ਇਸ ਤੋਂ ਵੱਧ ਦੇ ਪ੍ਰਭਾਵਸ਼ਾਲੀ ਨੇਕਸਕੋਰ ਦੇ ਅਧਾਰ 'ਤੇ ਉੱਚ ਪੱਧਰੀ ਸੰਸਥਾਵਾਂ ਲਈ ਮਾਨਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ, ਇਹ ਯੂਨੀਵਰਸਿਟੀਆਂ ਲਗਾਤਾਰ ਵੱਕਾਰੀ ਚੋਟੀ ਦੀਆਂ 500 ਗਲੋਬਲ ਰੈਂਕਿੰਗਾਂ ਵਿੱਚ ਸ਼ਾਮਲ ਹੁੰਦੀਆਂ ਹਨ, ਵਿਸ਼ਵਵਿਆਪੀ ਪ੍ਰਸਿੱਧੀ ਵਾਲੀਆਂ ਸੰਸਥਾਵਾਂ ਵਜੋਂ ਆਪਣੀ ਸਾਖ ਨੂੰ ਹੋਰ ਮਜ਼ਬੂਤ ਕਰਦੀਆਂ ਹਨ।ਸ਼੍ਰੇਣੀ-1 ਗ੍ਰੇਡਿਡ ਆਟੋਨਾਮੀ ਦਾ ਸਨਮਾਨ ਐਲ ਪੀ ਯੂ ਨੂੰ ਵਧੇਰੇ ਅਕਾਦਮਿਕ ਆਜ਼ਾਦੀ ਦੀ ਵਰਤੋਂ ਕਰਨ ਅਤੇ ਕਈ ਵਿਸ਼ੇਸ਼ ਅਧਿਕਾਰਾਂ ਦਾ ਹੱਕ ਦਿੰਦਾ ਹੈ। ਐਲ ਪੀ ਯੂ ਹੁਣ ਨਵੇਂ ਪ੍ਰੋਗਰਾਮ ਲਾਂਚ ਕਰ ਸਕਦਾ ਹੈ ਅਤੇ ਵਿਦਿਆਰਥੀਆਂ ਦੀਆਂ ਵਿਭਿੰਨ ਵਿਦਿਅਕ ਲੋੜਾਂ ਨੂੰ ਪੂਰਾ ਕਰਦੇ ਹੋਏ ਓਪਨ ਐਂਡ ਡਿਸਟੈਂਸ ਲਰਨਿੰਗ ਮੌਕਿਆਂ ਦਾ ਵਿਸਤਾਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਯੂਨੀਵਰਸਿਟੀ ਯੂ ਜੀ ਸੀ ਤੋਂ ਮਨਜ਼ੂਰੀ ਲਏ ਬਿਨਾਂ, ਆਫ-ਕੈਂਪਸ ਸੈਂਟਰ, ਰਿਸਰਚ ਪਾਰਕ ਅਤੇ ਇਨੋਵੇਸ਼ਨ ਸੈਂਟਰ ਸਥਾਪਤ ਕਰ ਸਕਦੀ ਹੈ, ਨਾਲ ਹੀ ਵਿਦੇਸ਼ੀ ਫੈਕਲਟੀ ਮੈਂਬਰਾਂ ਦੀ ਭਰਤੀ ਵੀ ਕਰ ਸਕਦੀ ਹੈ।ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਪੂਰੇ ਐਲ ਪੀ ਯੂ ਪਰਵਾਰ ਨੂੰ ਵਧਾਈ ਦਿੱਤੀ। ਉਨ੍ਹਾਂ ਇਸ ਸ਼ਾਨਦਾਰ ਪ੍ਰਾਪਤੀ ਦਾ ਸਿਹਰਾ ਐਲ ਪੀ ਯੂ ਦੇ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਦ੍ਰਿੜ ਸਮਰਪਣ ਨੂੰ ਦਿੱਤਾ, ਜਿਸ ਨੂੰ ਉੱਚ ਦਰਜੇ ਦੇ ਬੈਂਚਮਾਰਕ, ਵੱਕਾਰੀ 1++ ਗ੍ਰੇਡ ਦੀ ਪ੍ਰਾਪਤੀ ਦੁਆਰਾ ਮਾਨਤਾ ਦਿੱਤੀ ਗਈ ਸੀ। ਹਾਲ ਹੀ ਵਿੱਚ ਐਲ ਪੀ ਯੂ ਨੇ ਭਾਰਤੀ ਯੂਨੀਵਰਸਿਟੀਆਂ ਵਿੱਚੋਂ ਚੌਥਾ ਸਥਾਨ ਅਤੇ ਵਿਸ਼ਵ ਪੱਧਰ 'ਤੇ 126ਵਾਂ ਸਥਾਨ ਪ੍ਰਾਪਤ ਕੀਤਾ ਹੈ ਜੋ ਕਿ ਬਹੁਤ ਹੀ ਵੱਕਾਰੀ ਵਿਸ਼ਵ ਯੂਨੀਵਰਸਿਟੀ ਰੈਂਕਿੰਗਜ਼ ਫਾਰ ਇਨੋਵੇਸ਼ਨ-2024 ਵੱਲੋਂ ਦਿਤਾ ਗਿਆ ਹੈ।

# ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ 'ਚ 32ਵੀਂ ਖੇਤਰੀ ਅਥਲੈਟਿਕਸ ਮੀਟ ਸ਼ੁਰੂ




**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਨਵੋਦਿਆ ਵਿਦਿਆਲਿਆ ਸਮਿਤੀ ਚੰਡੀਗੜ੍ਹ ਰੀਜਨ ਦੀ ਰਹਿਨੁਮਾਈ ਹੇਠ ਪੰਜਾਬ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਜਵਾਹਰ ਨਵੋਦਿਆ ਵਿਦਿਆਲਿਆਂ ਦੇ ਖਿਡਾਰੀਆਂ ਦੀ 32ਵੀਂ ਖੇਤਰੀ ਨਵੋਦਿਆ ਵਿਦਿਆਲਿਆ ਸਮਿਤੀ ਅਥਲੈਟਿਕਸ ਮੀਟ ਪੀ ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਚ ਅੱਜ ਸ਼ੁਰੂ ਹੋਈ। ਇਸ ਦਾ ਉਦਘਾਟਨ ਮੁੱਖ ਮਹਿਮਾਨ ਮ੍ਰਿਦੁਲਾ ਸ਼ਰਮਾ ਪ੍ਰਿੰਸੀਪਲ ਸ ਸ ਸ ਸ ਫਲਾਹੀ ਨੇ ਕੀਤਾ। ਪ੍ਰਿੰਸੀਪਲ ਰੰਜੂ ਦੁੱਗਲ ਨੇ ਆਏ ਹੋਏ ਖਿਡਾਰੀਆਂ ਅਤੇ ਮਹਿਮਾਨਾਂ ਨੂੰ ਸਕੂਲ ਦੀਆਂ ਪ੍ਰਾਪਤੀਆਂ ਦੀ ਰਿਪੋਰਟ ਪੇਸ਼ ਕਰਕੇ ਜੀ ਆਇਆਂ ਕਿਹਾ ਅਤੇ ਇਸ ਮੀਟ ਨੂੰ ਕਾਮਯਾਬ ਕਰਨ ਲਈ ਸਾਰੇ ਖਿਡਾਰੀਆਂ ਨੂੰ ਖੇਡ ਦੀ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ ।ਇਸ ਮੌਕੇ ਸੁਰਜੀਤ ਲਾਲ ਸਰਪੰਚ ਗ੍ਰਾਮ ਪੰਚਾਇਤ ਫਲਾਹੀ, ਸੰਜੀਵ ਕੁਮਾਰ, ਜਸਵਿੰਦਰ ਸਿੰਘ ਥਿਆੜਾ, ਰਜਨੀ ਪਠਾਣੀਆ, ਪ੍ਰਿਅੰਕਾ, ਚੰਚਲ ਸਿੰਘ, ਸੀਤਾ ਰਾਮ ਬਾਂਸਲ, ਰਕੇਸ਼ ਸੋਨੀ, ਗਣੇਸ਼ ਕੁਮਾਰ, ਸੰਦੀਪ ਸ਼ਰਮਾ ,ਉਮੇਸ਼ ਭਾਰਦਵਾਜ, ਭਾਰਤ ਜਸਰੋਟੀਆ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ ਗਿਆਨੀ, ਦਿਨੇਸ਼ ਸ਼ਰਮਾ, ਸੁਰਿੰਦਰ ਸਿੰਘ, ਗੀਤਿਕਾ ਸ਼ਰਮਾ, ਸੋਨਿਕਾ ਵਸ਼ਿਸ਼ਟ, ਸੁਸ਼ਮਾ ਭਾਟੀ, ਸੁਸ਼ਮਾ ਸੁਮਨ, ਸੰਤੋਸ਼ ਯਾਦਵ, ਮੁਹੰਮਦ ਯਕੀ, ਸ਼ਿਲਪਾ ਰਾਣੀ, ਦੀਪਿਕਾ ਸ਼ਰਮਾ, ਪ੍ਰੇਮ ਲਤਾ, ਹੇਮ ਰਾਜ, ਅਰੁਨਾ ਸ਼ਰਮਾ, ਧਰੁਵ ਚੌਹਾਨ, ਅੰਕੁਰ, ਮਨੂੰ ਅਤੇ ਖਿਡਾਰੀ ਸ਼ਾਮਿਲ ਸਨ।ਪਹਿਲੇ ਦਿਨ 400 ਮੀਟਰ ਦੌੜ ਦੇ ਮੁਕਾਬਲਿਆਂ ਵਿਚ 14 ਸਾਲ ਵਰਗ ਵਿਚ ਮੁਹੰਮਦ ਅਰਸਾਲਨ ਜੰਮੂ-ਕਸ਼ਮੀਰ ਕਲੱਸਟਰ ਇਕ ਅਤੇ ਦੀਪਿਕਾ ਪੰਜਾਬ ਕਲੱਸਟਰ ਦੋ, 17 ਸਾਲ ਵਰਗ ਵਿਚ ਸੰਧਿਆ ਪੰਜਾਬ ਕਲੱਸਟਰ ਇਕ, ਸ਼ੇਖ ਇਜ਼ਹਾਰ ਜੰਮੂ ਕਸ਼ਮੀਰ ਕਲੱਸਟਰ ਇਕ, 19 ਸਾਲ ਵਰਗ ਵਿਚ ਅਰੁਨ ਪੰਜਾਬ ਕਲੱਸਟਰ ਦੋ ਅਤੇ ਸਿਮਰਨਜੀਤ ਕੌਰ ਪੰਜਾਬ ਕਲੱਸਟਰ ਇਕ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਪੰਜਾਬ ਵਾਸੀਆਂ ਦੀਆਂ ਸਿਹਤ ਸਹੂਲਤਾਂ ਨੂੰ ਲੈ ਕੇ ਮੁੱਖ ਮੰਤਰੀ ਕਰ ਰਹੇ ਵੱਡੇ ਉਪਰਾਲੇ : ਜੱਗੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਜਗਜੀਵਨ ਜੱਗੀ ਨੇ ਕਰਦਿਆਂ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਸਿਹਤ ਸਹੂਲਤਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਵਿਕਾਸ ਹੋਇਆ ਹੈ। ਸਰਕਾਰ ਬਣਨ ਉਪਰੰਤ ਭਗਵੰਤ ਮਾਨ ਵੱਲੋਂ ਜਿੱਥੇ ਹਸਪਤਾਲਾਂ ਦੇ ਵਿੱਚ ਵੱਡੇ ਪੱਧਰ 'ਤੇ ਸੁਧਾਰ ਲਿਆਂਦਾ ਹੈ ਉੱਥੇ ਮੁਹੱਲਾ ਕਲੀਨਿਕ ਖੋਲ ਕੇ ਆਮ ਲੋਕਾਂ ਨੂੰ ਮਹਿੰਗੀਆਂ ਦਵਾਈਆਂ ਮੁਫਤ ਵਿੱਚ ਉਪਲਬਧ ਕਰਾਈਆਂ ਹਨ। ਇਸ ਮੌਕੇ ਉਹਨਾਂ ਨਾਲ ਆਮ ਆਦਮੀ ਪਾਰਟੀ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ ਅਤੇ ਬੇਟ ਖੇਤਰ ਦੇ ਪ੍ਰਧਾਨ ਰਜਿੰਦਰ ਸਿੰਘ ਮਾਰਸ਼ਲ ਹਾਜ਼ਰ ਸਨ। ਜੱਗੀ ਨੇ ਕਿਹਾ ਕਿ ਹਾਲ ਹੀ ਵਿੱਚ ਭਗਵੰਤ ਮਾਨ ਵੱਲੋਂ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਡੀ ਗਿਣਤੀ ਵਿੱਚ ਐਂਬੂਲੈਂਸ ਪੰਜਾਬ ਵਾਸੀਆਂ ਨੂੰ ਉਪਲਬਧ ਕਰਵਾਈਆਂ ਗਈਆਂ ਹਨ ਜੋ ਕਿ ਸਰਕਾਰ ਦੀ ਇੱਕ ਵੱਡੀ ਪ੍ਰਾਪਤੀ ਹੈ। ਮਾਨ ਪਹਿਲੇ ਅਜਿਹੇ ਇਮਾਨਦਾਰ ਮੁੱਖ ਮੰਤਰੀ ਹਨ ਜਿਨ੍ਹਾਂ ਨੇ ਲੋਕ ਦਰਦ ਨੂੰ ਪਹਿਚਾਣਿਆ ਅਤੇ ਉਸ ਨੂੰ ਦੂਰ ਕਰਨ ਲਈ ਉਪਰਾਲੇ ਸ਼ੁਰੂ ਕੀਤੇ ਹਨ। ਹੁਣ ਜਿੱਥੇ ਬੇਰੁਜ਼ਗਾਰੀ ਨੂੰ ਠੱਲ੍ਹ ਪਈ ਹੈ ਉੱਥੇ ਨਸ਼ਿਆਂ ਖਿਲਾਫ ਵੀ ਸਰਕਾਰ ਵੱਲੋਂ ਵਿਸ਼ੇਸ਼ ਅਭਿਆਨ ਛੇੜਿਆ ਗਿਆ ਹੈ ।

ਇਹਨਾਂ ਸਾਰੀਆਂ ਗੱਲਾਂ ਨੂੰ ਦੇਖਦੇ ਹੋਏ ਉਹਨਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦਾ ਸਾਥ ਦੇਣ ਤਾਂ ਜੋ ਕੇਂਦਰ ਵੱਲੋਂ ਪੰਜਾਬ ਸਰਕਾਰ ਦਾ 5 ਹਜਾਰ ਕਰੋੜ ਰੋਕਿਆ ਗਿਆ ਪੈਸਾ ਮਿਲ ਸਕੇ ਅਤੇ ਵਿਕਾਸ ਕਾਰਜ ਤੇਜ ਗਤੀ ਨਾਲ ਅੱਗੇ ਵੱਧ ਸਕਣ। ਇਸ ਮੌਕੇ ਅਵਤਾਰ ਸਿੰਘ ਤਾਰੀ, ਸੰਜੀਵ ਕੁਮਾਰ, ਸੋਨੂ ਮਾਰਸ਼ਲ, ਦਲਵੀਰ ਸਿੰਘ, ਬਲਵਿੰਦਰ ਸਿੰਘ ਹਾਜ਼ਰ ਸਨ।

# ਵਾਤਾਵਰਣ ਨੂੰ ਸਵੱਛ ਬਣਾਉਣ ਲਈ ਡੇਢ ਕਰੋੜ ਪੌਦੇ ਲਗਾਉਣ ਦਾ ਟੀਚਾ : ਸੈਨੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬੇ ਦੇ ਵਾਤਾਵਰਣ ਨੂੰ ਸਵੱਛ ਅਤੇ ਸੁੰਦਰ ਬਣਾਉਣ ਲਈ ਇਕ ਪੇੜ ਮਾਂ ਦੇ ਨਾਂਅ ਮੁਹਿੰਮ ਦੇ ਤਹਿਤ 1 ਕਰੋੜ 50 ਲੱਖ ਪੌਦੇ ਲਗਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਇਸ ਲਈ ਹਰੇਕ ਨਾਗਰਿਕ ਨੂੰ ਇਕ-ਇਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ, ਇਹ ਵਾਤਾਵਰਣ ਸਰੰਖਣ ਦੀ ਦਿਸ਼ਾ ਵਿਚ ਇਕ ਵੱਡਾ ਕਦਮ ਹੈ।ਮੁੱਖ ਮੰਤਰੀ ਐਤਵਾਰ ਨੂੰ ਦੇਰ ਰਾਤ ਕੁਰੂਕਸ਼ੇਤਰ ਵਿਚ ਅਗਰਵਾਲ ਧਰਮਸ਼ਾਲਾ ਵਿਚ ਸ੍ਰੀ ਵੈਸ਼ਯ ਅਗਰਵਾਲ ਪੰਚਾਇਤ ਵੱਲੋਂ ਪ੍ਰਬੰਧਿਤ ਨਾਗਰਿਕ ਅਭਿਨੰਦਨ ਸਮਾਰੋਹ ਵਿਚ ਬੋਲ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨਾਇਬ ਸਿੰਘ ਸੈਨੀ, ਸਾਂਸਦ ਨਵੀਨ ਜਿੰਦਲ, ਰਾਜ ਮੰਤਰੀ ਸੁਭਾਸ਼ ਸੁਧਾ ਨੇ ਵੈਸ਼ਯ ਅਗਰਵਾਲ ਪੰਚਾਇਤ ਵੱਲੋਂ ਸੈਕਟਰ-8 ਵਿਚ ਬਣਨ ਵਾਲੇ ਏਅਰਕੰਡੀਸ਼ਨ ਅਗਰਵਾਲ ਭਵਨ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰੋਗ੍ਰਾਮ ਵਿਚ ਮੁੱਖ ਮੰਤਰੀ, ਸਾਂਸਦ ਤੇ ਰਾਜ ਮੰਤਰੀ ਨੇ ਕੁੱਲ 31 ਲੱਖ ਰੁਪਏ ਦੇ ਰਕਮ ਦੇਣ ਦਾ ਐਲਾਨ ਕੀਤਾ। ਸੈਨੀ ਨੇ ਕਿਹਾ ਕਿ ਇਕ ਪੇੜ ਮਾਂ ਦੇ ਨਾਂਅ ਮੁਹਿੰਮ ਦੇ ਤਹਿਤ ਕਰਨਾਲ ਵਿਚ ਇਕੱਠੇ 20 ਹਜ਼ਾਰ ਅਤੇ ਕੁਰੂਕਸ਼ੇਤਰ ਵਿਚ 5 ਹਜ਼ਾਰ ਪੌਦੇ ਲਗਾਏ ਗਏ। ਹਰੇਕ ਨਾਗਰਿਕ ਨੂੰ ਇਕ-ਇਕ ਪੌਦਾ ਲਗਾਉਣਾ ਚਾਹੀਦਾ ਹੈ ਅਤੇ ਪੌਦਿਆਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੁਹਿੰਮ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤਾ ਗਿਆ ਸੀ। ਸਾਂਸਦ ਨਵੀਨ ਜਿੰਦਲ ਨੇ ਕਿਹਾ ਕਿ ਧਰਮਖੇਤਰ ਕੁਰੂਕਸ਼ੇਤਰ ਨੂੰ ਪੂਰੀ ਦੁਨੀਆ ਦੇ ਲੋਕ ਜਾਣਨਾ ਅਤੇ ਦੇਖਣਾ ਚਾਹੁੰਦੇ ਹਨ। ਇਸ ਧਰਮਸਥਲੀ ਨੂੰ ਕੇਂਦਰ ਅਤੇ ਰਾਜ ਸਰਕਾਰ ਨੇ ਸੈਰ-ਸਪਾਟਾ ਹੱਬ ਵਜੋਂ ਵਿਕਸਿਤ ਕਰਨ ਦਾ ਕੰਮ ਕੀਤਾ ਹੈ। ਰਾਜ ਮੰਤਰੀ ਸੁਭਾਸ਼ ਸੁਧਾ ਨੇ ਮੁੱਖ ਮੰਤਰੀ ਦਾ ਨਾਗਰਿਕ ਅਭਿਨੰਦਨ ਪ੍ਰੋਗ੍ਰਾਮ ਵਿਚ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਭਵਨ ਯਕੀਨੀ ਹੀ ਸਮਾਜ ਲਈ ਇਕ ਖਿੱਚ ਦਾ ਕੇਂਦਰ ਬਣੇਗਾ।

ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਨੇ ਥਾਨੇਸਰ ਹਲਕਾ ਦੇ ਵਿਕਾਸ 'ਤੇ ਪਿਛਲੇ 10 ਸਾਲਾਂ ਵਿਚ ਲਗਭਗ 5 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਹਨ ਪ੍ਰੋਗ੍ਰਾਮ ਵਿਚ ਸ੍ਰੀ ਵੈਸ਼ਯ ਅਗਰਵਾਲ ਪੰਚਾਇਤ ਦੇ ਪ੍ਰਧਾਨ ਸਤਪ੍ਰਕਾਸ਼ ਗੁਪਤਾ ਸਮੇਤ ਕਈ ਮਾਣਯੋਗ ਲੋਕ ਮੌਜੂਦ ਸਨ।

# ਸਲਾਨਾ 15 ਕਰੋੜ 90 ਲੱਖ ਦਾ ਬਜਟ ਸਰਬਸੰਮਤੀ ਨਾਲ ਹੋਇਆ ਪਾਸ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਗਰ ਕੌਂਸਲ ਨਵਾਂਸ਼ਹਿਰ ਦੀ ਬਜਟ ਮੀਟਿੰਗ ਚੇਅਰਮੈਨ ਲਲਿਤ ਮੋਹਨ ਪਾਠਕ ਦੀ ਅਗਵਾਈ ਹੇਠ ਕੀਤੀ ਗਈ।ਜਿਸ ਵਿੱਚ ਡਾ. ਨਛੱਤਰ ਪਾਲ ਹਲਕਾ ਵਿਧਾਇਕ ਨਵਾਂਸ਼ਹਿਰ ਵਿਸ਼ੇਸ਼ ਤੌਰ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਸਲਮ ਏਰੀਆ ਵਿੱਚ ਕੂੜੇ ਦੇ ਡੰਪ 'ਤੇ ਮਿੱਟੀ ਪਾਉਣ ਦਾ ਵਿਰੋਧ ਕਰਨ 'ਤੇ ਵਾਰਡ ਕੌਂਸਲਰ ਚੇਤ ਰਾਮ ਰਤਨ ਅਤੇ ਕਮਲਜੀਤ ਲਾਲ, ਮੱਖਣ ਸਿੰਘ, ਸ਼ੀਸ਼ ਕੌਰ, ਗੁਰਮੁਖ ਸਿੰਘ ਆਦਿ ਇਨ੍ਹਾਂ ਕੌਂਸਲਰਾਂ ਵਲੋਂ ਐਸ ਸੀ ਵਾਰਡਾਂ ਵਿੱਚ ਕੂੜੇ ਦੇ ਡੰਪ ਦਾ ਵਿਰੋਧ ਨਾ ਸਹਾਰਦੇ ਹੋਏ ਮੀਟਿੰਗ ਵਿਚੋਂ ਵਾਕ-ਆਊਟ ਕਰ ਗਏ। ਉਨ੍ਹਾਂ ਕਿਹਾ ਕਿ ਐਸ ਸੀ ਵਾਰਡਾਂ ਦੇ ਵਿਕਾਸ ਕਾਰਜਾਂ ਦਾ ਵਿਰੋਧ ਕਰਨ ਵਾਲਿਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤਾ ਜਾਵੇ।ਬਜਟ ਸੈਸ਼ਨ 24-25 ਵਿੱਚ 15 ਕਰੋੜ 90 ਲੱਖ ਰੁਪਏ ਦਾ ਬਜਟ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਮੀਟਿੰਗ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਹਲਕਾ ਵਿਧਾਇਕ ਡਾ. ਨਛੱਤਰ ਪਾਲ ਨਵਾਂਸ਼ਹਿਰ ਵਲੋਂ ਬਜਟ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਨ 'ਤੇ ਸਮੁੱਚੇ ਕੌਂਸਲਰਾਂ ਵਲੋਂ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ। ਉਨ੍ਹਾਂ ਰੇਲਵੇ ਸਟੇਸ਼ਨ ਨੂੰ ਜਾਣ ਵਾਲੀ ਸੜਕ ਬਾਰੇ ਕੌਂਸਲਰਾਂ ਅਤੇ ਸ਼ਹਿਰੀ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਸੜਕ ਤਿੰਨ ਮਹੀਨਿਆਂ ਅੰਦਰ ਕੰਪਲੀਟ ਹੋਵੇਗੀ। ਉਨ੍ਹਾਂ ਕੌਂਸਲਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿਕਾਸ ਕਾਰਜਾਂ ਦੇ ਟੈਂਡਰ ਪੰਦਰਾਂ ਦਿਨਾਂ ਅੰਦਰ ਅਲਾਟ ਕੀਤੇ ਜਾਣ। ਜਿਹੜਾ ਠੇਕੇਦਾਰ ਕੰਮ ਕਰਨ ਵਿੱਚ ਜਾਣਬੁੱਝ ਕੇ ਦੇਰੀ ਕਰੇਗਾ।ਉਸ 'ਤੇ ਕਾਨੂੰਨੀ ਕਾਰਵਾਈ ਕਰਨ ਨੂੰ ਯਕੀਨੀ ਬਣਾਇਆ ਜਾਵੇ।ਦੂਜੀ ਮੀਟਿੰਗ ਵਿੱਚ 12 ਮਤੇ ਤੇ ਦੋ ਟੇਬਲ ਕੰਮਾਂ ਨੂੰ ਸਰਬਸੰਮਤੀ ਨਾਲ ਪਾਸ਼ ਕੀਤਾ ਗਿਆ। ਵਾਰਡ ਕੌਂਸਲਰ ਚੇਤ ਰਾਮ ਰਤਨ ਵਲੋਂ ਨਗਰ ਕੌਂਸਲ, ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਸਰਕਾਰ ਅਤੇ ਸਮੂਹ ਹਾਜ਼ਰ ਕੌਂਸਲਰਾਂ ਦਾ ਕੂੜੇ ਵਾਲੇ ਡੰਪ 'ਤੇ ਮਿੱਟੀ ਪਾਉਣ ਤੋਂ ਬਾਅਦ 500 ਤੋਂ ਵੱਧ ਬੂਟੇ ਅਤੇ ਹਰਾ ਘਾਹ ਲਾ ਕੇ ਮਿਊਂਸਪਲ ਗਾਰਡਨ ਪਾਰਕ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ ।ਇਸ ਮੌਕੇ ਜਿੰਦਰਜੀਤ ਕੌਰ, ਪਰਮਜੀਤ ਕੌਰ ਸੈਣੀ, ਬਲਵਿੰਦਰ ਕੌਰ, ਪ੍ਰਿਥਵੀ ਚੰਦ, ਸਿਮਰਨ ਸਿੰਘ ਢੀਂਡਸਾ ਈ ਓ, ਹਰਜਿੰਦਰ ਸਿੰਘ ਸੇਠੀ ਐਮ ਈ, ਜਸਪਾਲ, ਭੂਸ਼ਨ ਕੁਮਾਰ, ਦੀਪਮਾਲਾ ਸੈਨਟਰੀ ਇੰਸਪੈਕਟਰ, ਤ੍ਰਿਪਤਾ ਸਿੰਘ ਜੇ ਈ, ਚੇਅਰਮੈਨ,ਆਦਿ ਹਾਜ਼ਰ ਸਨ।

# ਗੁਰਦੁਆਰਾ ਬੋਰਡ ਚੋਣਾਂ ਸੰਬੰਧੀ ਫਾਰਮ ਭਰਨ ਦੀ ਆਖਰੀ ਦਿਨ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਕਮਿਸ਼ਨਰ ਗੁਰਦੁਆਰਾ ਇਲੈਕਸ਼ਨ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ, 1959 ਦੇ ਨਿਯਮ 6 ਤੋਂ 12 ਅਨੁਸਾਰ ਵੋਟਰ ਸੂਚੀ ਤਿਆਰੀ ਸਬੰਧੀ ਪ੍ਰੋਗਰਾਮ 21, ਅਕਤੂਬਰ, 2023 ਤੋਂ ਫਾਰਮ ਭਰੇ ਜਾ ਰਹੇ ਹਨ। ਜ਼ਿਲ੍ਹਾ ਚੋਣ ਅਫਸਰ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਫਾਰਮ ਭਰਨ ਦੀ ਅੰਤਿਮ ਤਾਰੀਖ ਮਿਤੀ 31 ਜੁਲਾਈ ਹੈ।

ਉਨ੍ਹਾਂ ਕਿਹਾ ਜਿਨ੍ਹਾਂ ਨੇ ਹੁਣ ਤੱਕ ਫਾਰਮ ਨਹੀਂ ਭਰੇ ਉਹ ਆਪਣੇ ਫਾਰਮ 31 ਜੁਲਾਈ ਤੱਕ ਰਿਵਾਇਜ਼ਿੰਗ ਅਥਾਰਟੀ ਅਫ਼ਸਰਾਂ ਕੋਲ ਜਾ ਕੇ ਭਰ ਸਕਦੇ ਹਨ।

# 2 ਕਿੱਲੋਗਰਾਮ ਦੇ ਕਰੀਬ ਹੈਰੋਇਨ ਸਮੇਤ 11 ਗ੍ਰਿਫ਼ਤਾਰ



ਸਾਹਿਬਜ਼ਾਦਾ ਅਜੀਤ ਸਿੰਘ ਨਗਰ 29 ਜੁਲਾਈ (ਗੁਰਜੀਤ ਬਿੱਲਾ)-ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ, ਐਸ.ਟੀ.ਐਫ, ਪੰਜਾਬ ਅਤੇ ਨੀਲਾਭ ਕਿਸ਼ੋਰ, ਏ ਡੀ.ਜੀ.ਪੀ. ਐਸ.ਟੀ.ਐਫ, ਪੰਜਾਬ ਦੇ ਦਿਸ਼ਾ ਨਿਰਦੇਸ਼ ਹੇਠ ਅਕਾਸ਼ਦੀਪ ਸਿੰਘ ਔਲਖ ਐਸ.ਪੀ, ਐਸ.ਟੀ.ਐਫ, ਰੂਪਨਗਰ ਰੇਂਜ ਦੀ ਨਿਗਰਾਨੀ ਅਤੇ ਹਰਵਿੰਦਰਪਾਲ ਸਿੰਘ ਡੀ.ਐਸ.ਪੀ. ਐਸ.ਟੀ.ਐਫ, ਆਪਰੇਸ਼ਨ ਦੀ ਅਗਵਾਈ ਹੇਠ ਸਪੈਸ਼ਲ ਟਾਸਕ ਫੋਰਸ ਵੱਲੋਂ ਨਸ਼ਾ ਤਸਕਰੀ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ ਕੱਸਦੇ ਹੋਏ ਥਾਣਾ ਐਸ.ਟੀ.ਐਫ, ਮੋਹਾਲੀ ਦੀ ਟੀਮ ਨੂੰ ਇੱਕ ਵੱਡੀ ਸਫਲਤਾ ਪ੍ਰਾਪਤ ਹੋਈ ਹੈ। ਜਦੋਂ ਐਸ.ਟੀ ਐਫ ਟੀਮ ਵੱਲੋਂ ਸਿਪਾਹੀ ਗੁਰਮੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਪਿੰਡ ਬੀਹਲੇਵਾਲਾ ਥਾਣਾ ਸਾਦਿਕ ਜਿਲ੍ਹਾ ਫਰੀਦਕੋਟ (ਜੋ ਕਿ ਜ਼ਿਲ੍ਹਾ ਫਰੀਦਕੋਟ ਵਿਖੇ ਤਾਇਨਾਤ ਹੈ) ਅਤੇ ਨਵਦੀਪ ਕੌਰ ਉਰਫ ਨਵ ਪਤਨੀ ਗੁਰਿੰਦਰ ਸਿੰਘ ਉਰਫ ਸ਼ੈਲੀ ਵਾਸੀ ਵਾਰਡ ਨੰ: 5 ਤਲਵੰਡੀ ਭਾਈ ਕੇ, ਥਾਣਾ ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ ਨੂੰ 440 ਗ੍ਰਾਮ ਹੈਰੋਇਨ ਅਤੇ ਕਾਰ ਨੰ: ਸੀ.ਐਚ-01-ਸੀ.ਬੀ.-6900 ਮਾਰਕਾ ਪੋਲੋ ਵੋਲਸਵੈਗਨ ਰੰਗ ਚਿੱਟਾ ਸਮੇਤ ਗ੍ਰਿਫਤਾਰ ਕੀਤਾ ਹੈ। ਜਿਨ੍ਹਾਂ ਖਿਲਾਫ ਮੁਕੱਦਮਾ ਸੈਕਟਰ-79, ਐਸ.ਏ.ਐਸ ਨਗਰ ਦਰਜ ਕੀਤਾ ਗਿਆ। ਅਕਾਸ਼ਦੀਪ ਸਿੰਘ ਔਲਖ ਐਸ.ਪੀ ਐਸ.ਟੀ.ਐਫ, ਰੂਪਨਗਰ ਰੇਂਜ ਵੱਲੋਂ ਇਸ ਮੁਕੱਦਮੇ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵਦੀਪ ਕੌਰ ਉਰਫ ਨਵ ਦੀ ਮੁਢਲੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਉਕਤ ਹੈਰੋਇਨ ਗਗਨਦੀਪ ਉਰਫ ਗਗਨ ਅਤੇ ਸੰਦੀਪ ਉਰਫ ਟੀਟਾ ਵਾਸੀਆਨ ਫਗਵਾੜਾ ਪਾਸੋਂ ਲੈ ਕੇ ਆਏ ਸਨ। ਜਿਨ੍ਹਾਂ ਨੂੰ ਮਿਤੀ 20 ਜੁਲਾਈ ਨੂੰ ਮੁਕੱਦਮੇ ਵਿੱਚ ਨਾਮਜ਼ਦ ਕੀਤਾ ਗਿਆ ਅਤੇ ਗਗਨਦੀਪ ਉਰਫ ਗਗਨ ਪਾਸੋਂ 20 ਜੁਲਾਈ ਨੂੰ 1 ਕਿੱਲੋ 500 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਮੁਕੱਦਮੇ ਵਿੱਚ ਉਕਤਾਨ ਦੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਹੈਰੋਇਨ ਦੀ ਇਸ ਤਸਕਰੀ ਵਿੱਚ ਇਨ੍ਹਾਂ ਨਾਲ ਗੁਰਵਿੰਦਰ ਸਿੰਘ ਉਰਫ ਸ਼ੈਲੀ ਪੁੱਤਰ ਗੁਰਦੇਵ ਸਿੰਘ, ਰਣਦੀਪ ਕੌਰ ਪਤਨੀ ਸੋਹਨ ਲਾਲ ਉਰਫ ਕਾਲਾ, ਸੋਹਨ ਲਾਲ ਉਰਫ ਕਾਲਾ ਪੁੱਤਰ ਮਲਕੀਤ ਸਿੰਘ, ਰਜਨੀਸ਼ ਉਰਫ ਪ੍ਰੀਤ ਪੁੱਤਰ ਨਰਿੰਦਰ ਕੁਮਾਰ ਵੀ ਸ਼ਾਮਿਲ ਹਨ ਜੋ ਜੇਲ੍ਹ ਵਿੱਚ ਬੰਦ ਹਨ। ਜਿਨ੍ਹਾਂ ਨੂੰ ਮੁਕੱਦਮੇ ਵਿੱਚ ਪ੍ਰਡਕਸ਼ਨ ਵਾਰੰਟ ਤੇ ਲਿਆ ਕੇ ਪੁੱਛਗਿੱਛ ਕੀਤੀ ਗਈ ਹੈ ਅਤੇ ਇਹਨਾ ਸਬੰਧੀ ਹੋਰ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਨਵਦੀਪ ਕੌਰ ਅਤੇ ਸਿਪਾਹੀ ਗੁਰਮੀਤ ਸਿੰਘ ਉਕਤਾਨ ਵੱਲੋਂ ਪੁੱਛਗਿੱਛ ਦੌਰਾਨ ਇਹ ਵੀ ਦੱਸਿਆ ਕਿ ਗਗਨਦੀਪ ਉਰਫ ਗਗਨ ਪਾਸੋਂ ਉਹ 500 ਗ੍ਰਾਮ ਹੈਰੋਇਨ ਲੈ ਕੇ ਆਏ ਸਨ। ਜਿਸ ਵਿੱਚੋਂ 30 ਗ੍ਰਾਮ ਹੈਰੋਇਨ ਉਨ੍ਹਾਂ ਨੇ ਅੱਗੇ ਗੁਲਸ਼ਨ ਕੌਰ ਅਤੇ ਲਵਪ੍ਰੀਤ ਸਿੰਘ ਉਰਫ ਲਵਲੀ ਵਾਸੀਆਨ ਜਲੰਧਰ ਨੂੰ ਵੇਚ ਦਿੱਤੀ ਸੀ ਜੋ ਇਨ੍ਹਾਂ ਦੋਵਾਂ ਨੂੰ ਮੁਕੱਦਮੇ ਵਿੱਚ ਨਾਮਜ਼ਦ ਕਰਕੇ 24 ਜੁਲਾਈ ਨੂੰ ਮੁਕੱਦਮੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਹੁਣ ਤੱਕ ਉਕਤ ਮੁਕੱਦਮੇ ਵਿੱਚ 11 ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।ਇਸ ਤੋਂ ਇਲਾਵਾ 27 ਜੁਲਾਈ ਨੂੰ ਮੁੱਖ ਅਫਸਰ, ਥਾਣਾ ਐਸ ਟੀ.ਐਫ, ਸੈਕਟਰ-79, ਮੋਹਾਲੀ ਨੂੰ ਇਤਲਾਹ ਮਿਲੀ ਸੀ ਕਿ ਮੋਹਿਤ ਕੁਮਾਰ ਪੁੱਤਰ ਮੁਨੂ ਲਾਲ ਅਤੇ ਬੱਬਲੂ ਪੁੱਤਰ ਰਾਮ ਦੇਵ ਵਾਸੀ ਬਸੀਰਪੁਰਾ ਜਲੰਧਰ ਜੋ ਕਿ ਦਿੱਲੀ ਤੋਂ ਸਸਤੇ ਭਾਅ ਤੇ ਹੈਰੋਇਨ ਲਿਆ ਕੇ ਮੋਹਾਲੀ, ਚੰਡੀਗੜ੍ਹ ਦੇ ਏਰੀਆ ਵਿੱਚ ਆਪਣੇ ਗਾਹਕਾਂ ਨੂੰ ਸਪਲਾਈ ਕਰਦੇ ਹਨ। ਇਸ ਸੂਚਨਾ 'ਤੇ ਕੰਮ ਕਰਦੇ ਹੋਏ ਦੋਨੋ ਵਿਅਕਤੀਆਂ ਨੂੰ ਸੈਕਟਰ-105 ਐਮਾਰ ਸਿਟੀ ਦੇ ਨੇੜੇ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਪਾਸੋਂ 1 ਕਿਲੋਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ। ਜਿਨ੍ਹਾਂ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਹੈਰੋਇਨ ਸੋਨੀਪਤ ਕਿਸੇ ਵਿਅਕਤੀ ਜਿਨ੍ਹਾ ਦਾ ਇਨ੍ਹਾਂ ਨੂੰ ਕੋਈ ਨਾਮ ਪਤਾ ਨਹੀਂ ਪਤਾ। ਮੋਹਿਤ ਅਤੇ ਬੱਬਲੂ ਨੂੰ ਇਹ ਹੈਰੋਇਨ ਦੀ ਸਪਲਾਈ ਲੈਣ ਲਈ ਮੋਹਿਤ ਕੁਮਾਰ ਦੇ ਭਰਾ ਦੀਪਕ ਵਾਸੀ ਜਲੰਧਰ ਨੇ ਭੇਜਿਆ ਸੀ। ਜਿਸ 'ਤੇ ਵੀ ਪਹਿਲਾਂ ਮੁਕੱਦਮਾ ਦਰਜ ਹੈ ਜੋ ਹੁਣ ਘਰੋ ਭੱਜਿਆ ਹੋਇਆ ਹੈ। ਜਿਨ੍ਹਾਂ ਖਿਲਾਫ ਮੁਕੱਦਮਾ ਥਾਣਾ ਐਸ.ਟੀ.ਐਫ, ਸੈਕਟਰ-79, ਐਸ.ਏ.ਐਸ ਨਗਰ ਦਰਜ ਕੀਤਾ ਗਿਆ ਹੈ।

# ਲੋਕ-ਪੱਖੀ ਕਲਾਕਾਰ ਕਾਲਾਦਾਸ ਦਹਾੜੀਆ 'ਤੇ ਛਾਪੇਮਾਰੀ ਦਹਿਸ਼ਤ ਪਾਊ ਤੇ ਗੈਰ-ਕਾਨੂੰਨੀ

ਜਲੰਧਰ: (ਕੇਸਰ)-ਜਮਹੂਰੀ ਅਧਿਕਾਰ ਸਭਾ ਪੰਜਾਬ ਇੱਕ ਹਰਮਨ ਪਿਆਰੇ ਕਲਾਕਾਰ ਅਤੇ ਪੀ ਯੂ ਸੀ ਐਲ ਦੇ ਛੱਤੀਸ਼ਗੜ੍ਹ ਦੇ ਪ੍ਰਮੁੱਖ ਆਗੂ ਕਾਲਾਦਾਸ ਦਹਾੜੀਆ ਉੱਤੇ ਐਨ ਆਈ ਏ ਵੱਲੋਂ ਕਾਨੂੰਨੀ ਅਤੇ ਸੰਵਿਧਾਨਕ ਵਿਵਸਥਾਵਾਂ ਦੀ ਨੰਗੀ ਚਿੱਟੀ ਉਲੰਘਣਾ ਕਰਕੇ ਕੀਤੀ ਛਾਪੇਮਾਰੀ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਇਹ ਕਾਰਵਾਈ ਲੋਕ ਪੱਖੀ ਕਾਰਕੁਨਾਂ ਅੰਦਰ ਦਹਿਸ਼ਤ ਪਾਊ ਕਦਮ ਹੈ। ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਨ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਐਨ ਆਈ ਏ ਵੱਲੋਂ 25 ਜੁਲਾਈ ਨੂੰ ਸਵੇਰੇ ਸਾਢੇ ਪੰਜ ਵਜੇ ਕਾਲਾਦਾਸ ਦੇ ਘਰੇ ਛਾਪਾ ਮਾਰਿਆ ਜੋ ਚਾਰ ਘੰਟੇ ਜਾਰੀ ਰਿਹਾ। ਤਲਾਸ਼ੀ ਦੌਰਾਨ ਕਾਲਾਦਾਸ ਦੀਆਂ ਕਿਤਾਬਾਂ, ਫਰਸ਼ ਦੀਆਂ ਦਰੀਆਂ ਅਤੇ ਜੀਵਨ ਸਾਥਣ ਨੀਰਾ ਭੈਣ ਦੀਆਂ ਸਾੜ੍ਹੀਆਂ ਦੀਆਂ ਤਹਿਆਂ, ਵੱਖ ਵੱਖ ਪ੍ਰੋਗਰਾਮਾਂ ਦੇ ਪੋਸਟਰਾਂ ਅਤੇ ਬੈਨਰਾਂ ਤੱਕ ਨੂੰ ਫਰੋਲਿਆ ਗਿਆ। ਇਸ ਤਲਾਸ਼ੀ ਬਾਰੇ ਕੋਈ ਵਰੰਟ ਜਾਂ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਨਾ ਹੀ ਕਾਲਾਦਾਸ ਦੇ ਕਿਸੇ ਵਕੀਲ ਨੂੰ ਦਾਖਲ ਹੋਣ ਦਿੱਤਾ ਅਤੇ ਉਸ ਦੇ ਕਈ ਗਵਾਂਢੀਆਂ ਦੇ ਘਰਾਂ ਨੂੰ ਬਾਹਰੋਂ ਜੰਦਰੇ ਲਾ ਦਿੱਤੇ ਅਤੇ ਬਾਰੀਆਂ ਵਿੱਚੋਂ ਦੇਖਣ ਵਾਲਿਆਂ ਨੂੰ ਤਾੜਿਆ ਗਿਆ। ਸਵੇਰੇ ਥੋੜ੍ਹੇ ਸਮੇਂ ਲਈ ਆਉਂਦੀ ਪਾਣੀ ਸਪਲਾਈ ਤੋਂ ਪਾਣੀ ਭਰਨ ਤੋਂ ਵੀ ਰੋਕਿਆ ਗਿਆ। ਇਹ ਹੈਸ਼ ਵੈਲਊ ਦੀ ਕੋਈ ਰਸੀਦ ਦਿੱਤੇ ਬਗੈਰ ਹੀ ਉਸ ਦੇ ਫੋਨ, ਪੁਰਾਣਾ ਲੈਪਟਾਪ ਅਤੇ ਪੰਜ ਪੈਨ ਡਰਾਈਵਾਂ ਨੂੰ ਪੁਲਸ ਨਾਲ ਲੈ ਗਈ ਜੋ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਹੈ। ਅਧਿਕਾਰੀਆਂ ਨੇ ਤਲਾਸ਼ੀ ਵੇਲੇ ਦੱਸਿਆ ਕਿ ਉਸ ਖਿਲਾਫ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਇਤਲਾਹ ਮਿਲੀ ਹੈ। ਅੰਤ ਵਿੱਚ ਐਨ ਆਈ ਏ ਅਧਿਕਾਰੀਆਂ ਵੱਲੋਂ ਉਸ ਨੂੰ ਪਹਿਲੀ ਅਗਸਤ 2023 ਨੂੰ ਐਨ ਆਈ ਦੇ 2023 ਦੇ ਕੇਸ ਯੂ ਏ ਪੀ ਏ ਦੀ ਧਾਰਾ 10 ਅਤੇ 13 ਤਹਿਤ ਕੇਸ ਆਰ ਸੀ 03/2023/ਐਨ ਆਈ ਏ/ਆਰ ਐਨ ਸੀ, ਮਿਤੀ 23/08/2023 ਸੀ ਐਨ ਏ 17 ਵਿੱਚ ਇੱਕ ਗਵਾਹ ਵਜੋਂ ਹਾਜ਼ਰ ਹੋਣ ਦਾ ਮੀਮੋ ਦਿੱਤਾ ਗਿਆ। ਕਾਲਾਦਾਸ ਇੱਕ ਨਾਮੀ ਕਲਾਕਾਰ ਹੈ ਅਤੇ ਛੱਤੀਸ਼ਗੜ੍ਹ ਮੁਕਤੀ ਮੋਰਚਾ ਦਾ ਕਾਰਕੁਨ ਜਿਸ ਦਾ ਮੁੱਢ ਮਰਹੂਮ ਆਗੂ ਸ਼ੰਕਰ ਗੁਹਾ ਨਿਯੋਗੀ ਨੇ ਬੰਨ੍ਹਿਆ ਸੀ ਅਤੇ ਉਹ ਪੀ ਯੂ ਸੀ ਐਲ ਦੀ ਕੌਮੀ ਕੌਂਸਲ ਦਾ ਮੈਂਬਰ ਅਤੇ ਛੱਤੀਸ਼ਗੜ੍ਹ ਯੂਨੀਅਨ ਦਾ ਮੀਤ ਪ੍ਰਧਾਨ ਤੋਂ ਇਲਾਵਾ ਕੌਮੀ ਕੋਆਰਡੀਨੇਟਰ ਵੀ ਹੈ। ਸਭਾ ਸਮਝਦੀ ਹੈ ਕਿ ਮੋਦੀ ਸਰਕਾਰ ਲੋਕਾਂ ਦੇ ਮਸਲਿਆ ਨੂੰ ਹੱਲ ਕਰਨ ਵਾਲੀਆਂ ਨੀਤੀਆਂ ਲਾਗੂ ਕਰਨ ਦੀ ਬਜਾਏ ਕਾਰਪੋਰਟ ਪੱਖੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ। ਇਸ ਦੀ ਤਾਜ਼ਾ ਉਦਾਹਰਨ ਸਰਕਾਰ ਵੱਲੋਂ ਪੇਸ਼ ਕੀਤਾ ਤਾਜ਼ਾ ਬਜਟ ਹੈ। ਇਸ ਲਈ ਉਹ ਲੋਕ ਪੱਖੀ ਕਾਰਕੁਨਾ, ਕਲਾਕਾਰਾਂ ਨੂੰ ਦਹਿਸ਼ਤ ਜ਼ਦਾ ਕਰਨ ਦੇ ਰਾਹ ਪਈ ਹੋਈ ਹੈ। ਪਹਿਲਾਂ ਉਸ ਨੇ ਮਸ਼ਹੂਰ ਲੇਖਕਾ ਅਰੁੰਧਤੀ ਰਾਏ ਅਤੇ ਪ੍ਰੋ ਸ਼ੌਕਤ ਹੁਸੈਨ ਉਪਰ ਯੂ ਏ ਪੀ ਏ ਤਹਿਤ ਕੇਸ ਚਲਾਉਣ ਦੀ ਮਨਜ਼ੂਰੀ ਦਿੱਤੀ ਹੈ ਅਤੇ ਪੁਲਸ ਰਾਜ ਸਥਾਪਤ ਕਰਨ ਵਾਲੇ ਤਿੰਨ ਨਵੇਂ ਫੌਜਦਾਰੀ ਕਾਨੂੰਨ ਲਾਗੂ ਕੀਤੇ ਹਨ।

ਕਾਲਾਦਾਸ ਦਹਾੜੀਆ ਉਪਰ ਛਾਪੇਮਾਰੀ ਵੀ ਇਨ੍ਹਾ ਕਦਮਾਂ ਦਾ ਹੀ ਹਿੱਸਾ ਹੈ ਅਤੇ ਸਭਾ ਇਸ ਦੀ ਸਖਤ ਨਿਖੇਧੀ ਕਰਦੀ ਹੈ। ਸਭਾ ਸਾਰੀਆਂ ਲੋਕ ਪੱਖੀ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ ਪਸੰਦ ਲੋਕਾਂ ਨੂੰ ਸਰਕਾਰ ਦੀਆਂ ਇਨ੍ਹਾਂ ਫਾਸ਼ੀਵਾਦੀ ਨੀਤੀਆਂ ਅਤੇ ਕਦਮਾਂ ਤੋਂ ਵਿਸ਼ਾਲ ਲੋਕਾਈ ਨੂੰ ਜਾਗਰੂਕ ਕਰਨ ਅਤੇ ਵਿਸ਼ਾਲ ਵਿਰੋਧ ਲਾਮਬੰਦ ਕਰਨ ਦਾ ਸੱਦਾ ਦਿੰਦੀ ਹੈ।

# ਸਕੂਲ ਭਲਾਣ ਦੇ ਵਿਦਿਆਰਥੀਆਂ ਸਾਇੰਸ ਸਿਟੀ ਦਾ ਲਗਾਇਆ ਟੂਰ




ਭਲਾਣ (ਹਰਭਜਨ ਢਿੱਲੋਂ) -ਬੀਤੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਭਲਾਣ ਦੇ ਵਿਦਿਆਰਥੀਆਂ ਵੱਲੋਂ ਮੁੱਖ ਮੰਤਰੀ ਵਿਗਿਆਨ ਯਾਤਰਾ ਤਹਿਤ ਸਾਇੰਸ ਸਿਟੀ ਕਪੂਰਥਲਾ ਦਾ ਟੂਰ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਵਿਗਿਆਨ ਸਬੰਧੀ ਕਈ ਕੁਝ ਨਵਾਂ ਦੇਖਣ ਨੂੰ ਮਿਲਿਆ। ਸਕੂਲ ਇੰਚਾਰਜ ਰਵਿੰਦਰ ਕੁਮਾਰ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਵਿਦਿਆਰਥੀਆਂ ਵਿੱਚ ਵਿਗਿਆਨਕ ਰੁਚੀਆਂ ਦੇ ਵਿਕਾਸ ਅਤੇ ਵਿਗਿਆਨ ਦੀਆਂ ਕਾਢਾਂ ਦਾ ਗਿਆਨ ਦੇਣ ਹਿੱਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਭਲਾਣ ਦੇ ਨੌਂਵੀਂ, ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਤਕਰੀਬਨ 100 ਵਿਦਿਆਰਥੀਆਂ ਵੱਲੋਂ ਸਾਇੰਸ ਸਿਟੀ ਦਾ ਇਹ ਟੂਰ ਲਗਾਇਆ ਗਿਆ।ਇਸ ਮੌਕੇ ਟੂਰ ਇੰਚਾਰਜ ਰਵਿੰਦਰ ਕੁਮਾਰ ਦੇ ਨਾਲ ਲੈਕਚਰਾਰ ਲਲੀਤਾ ਕੌਸ਼ਲ, ਲੈਕਚਰਾਰ ਦੇਵ ਰਾਜ, ਮੈਡਮ ਪੂਨਮ ਰਾਣੀ ਤੇ ਮੈਡਮ ਨੀਰਜ ਪੁਰੀ ਵੀ ਮੌਜੂਦ ਸਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਉਕਤ ਸਕੂਲ ਨੂੰ ਅਤਿ ਆਧੁਨਿਕ ਤਕਨਾਲੋਜੀ ਨਾਲ ਲੈਸ ਕਰਨ ਅਤੇ ਨਵੀਨੀਕਰਨ ਲਈ ਲੱਖਾਂ ਰੁਪਏ ਦੀ ਗ੍ਰਾਂਟ ਦਾ ਵੀ ਬੀਤੇ ਸਮੇਂ ਵਿੱਚ ਐਲਾਨ ਕੀਤਾ ਸੀ ਤੇ ਗ੍ਰਾਂਟ ਦੀ ਪਹਿਲੀ ਕਿਸ਼ਤ ਵੀ ਸਕੂਲ ਨੂੰ ਮਿਲ ਚੁੱਕੀ ਹੈ ਤੇ ਜਲਦੀ ਹੀ ਸਕੂਲ ਦੇ ਨਵੀਨੀਕਰਨ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ।ਸਿੱਖਿਆ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਜਿੱਥੇ ਸੂਬੇ ਦਾ ਸਮੁੱਚਾ ਸਿੱਖਿਆ ਢਾਂਚਾ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਨਿਰੰਤਰ ਪੁਲਾਂਘਾਂ ਪੁੱਟ ਰਿਹਾ ਹੈ, ਉਥੇ ਹੀ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਇਤਿਹਾਸ ਰਚ ਰਹੇ ਹਨ।ਹੁਣ ਤੱਕ ਸੂਬੇ ਵਿੱਚ ਕਈ ਸਕੂਲ ਆਫ ਐਮੀਨੈਂਸ ਦੀ ਅਤਿ ਆਧੁਨਿਕ ਇਮਾਰਤਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕ ਅਰਪਣ ਕਰ ਚੁੱਕੇ ਹਨ। ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਸਿੰਘਾਪੁਰ ਵਿੱਚ ਹੈਡਮਾਸਟਰ ਆਈ.ਆਈ.ਐਮ ਅਹਿਮਦਾਬਾਦ ਵਿੱਚ ਸਿਖਲਾਈ ਲੈ ਚੁੱਕੇ ਹਨ।ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਪਾਨ ਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਭੇਜਣ ਦੀ ਤਿਆਰੀ ਹੋ ਰਹੀ ਹੈ।ਸਰਕਾਰੀ ਸਕੂਲਾਂ ਵਿੱਚ ਵਿੱਦਿਆ ਨੂੰ ਹੋਰ ਨਿਖਾਰਨ ਲਈ ਬੁਨਿਆਦੀ ਢਾਂਚੇ ਤੇ ਰੱਖ ਰਖਾਓ ਵਾਸਤੇ ਕੈਂਪਸ ਮੈਨੇਜਰ, ਸੁਰੱਖਿਆ ਗਾਰਡ, ਚੌਕੀਦਾਰ, ਦਰਜਾ-4 ਕਰਮਚਾਰੀ ਭਰਤੀ ਕੀਤੇ ਜਾ ਰਹੇ ਹਨ।ਹਜ਼ਾਰਾਂ ਅਧਿਆਪਕ ਰੈਗੂਲਰ ਕੀਤੇ ਗਏ ਹਨ।ਸਕੂਲਾਂ ਦੇ ਵਿਕਾਸ ਅਤੇ ਕਰੋੜਾਂ ਰੁਪਏ ਖਰਚ ਹੋ ਰਹੇ ਹਨ।ਵਿਦਿਆਰਥੀਆਂ ਲਈ ਟ੍ਰਾਂਸਪੋਰਟੇਸ਼ਨ ਦੀ ਵਿਵਸਥਾ ਕੀਤੀ ਜਾ ਰਹੀ ਹੈ।ਅਧਿਆਪਕਾਂ ਨੂੰ ਯੋਗਤਾ ਅਨੁਸਾਰ ਮਾਣ ਸਨਮਾਨ ਮਿਲ ਰਿਹਾ ਹੈ ਉੱਥੇ ਹੀ ਬਿਜ਼ਨਸ ਬਲਾਸਟਰ ਵਿਦਿਆਰਥੀਆਂ ਦਾ ਹੁਨਰ ਨਿਖਾਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ।ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸੂਬੇ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰ ਰਹੇ ਹਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



ਐਸ ਏ ਐਸ ਨਗਰ (ਗੁਰਜੀਤ ਬਿੱਲਾ)-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਅੱਠਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ । ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਮਹਿਤਾਬ ਸਿੰਘ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਅੱਠਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਰਾਜਬੀਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲੇ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸਤਨਾਮ ਸਿੰਘ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਵਾਲਿਆਂ ਤੋਂ ਇਲਾਵਾ ਭਾਈ ਲਵਪ੍ਰੀਤ ਸਿੰਘ ਪਟਿਆਲੇ ਵਾਲੇ, ਭਾਈ ਮਨਪ੍ਰੀਤ ਸਿੰਘ ਗੁਰਮਤਿ ਪ੍ਰਚਾਰ ਜੱਥਾ, ਭਾਈ ਧਰਮ ਸਿੰਘ ਮਾਹੀ, ਭਾਈ ਮਨਦੀਪ ਸਿੰਘ, ਭਾਈ ਜਸਵੰਤ ਸਿੰਘ ਭਾਈ ਸੰਤੋਖ ਸਿੰਘ, ਭਾਈ ਅਰਵਿੰਦਰ ਸਿੰਘ, ਭਾਈ ਸੰਦੀਪ ਸਿੰਘ ਸ਼ੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲੇ, ਭਾਈ ਗੁਰਵਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਦਿਲਬਾਗ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਹਰਬਖਸ਼ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਤੀਆਂ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਤੀਆਂ ਤ੍ਰਿੰਜਣ ਸੰਸਥਾ ਕੋਲੰਬੀਆ (ਯੂ ਐਸ ਏ ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਦਾ ਤਿਉਹਾਰ ਸਾਊਥ ਕੈਰਲੀਨਾ ਦੇ ਵੈਸਟ ਕੋਲੰਬੀਆ ਸ਼ਹਿਰ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਤਿਰੰਜਣ ਦੀ ਮੈਂਬਰ ਬਲਬੀਰ ਕੌਰ ਝਿੱਕਾ ਨੇ ਦੱਸਿਆ ਕਿ ਪੰਜਾਬ ਦੀਆਂ ਕੁੜੀਆਂ ਤੇ ਔਰਤਾਂ ਵੱਲੋਂ ਜੋ ਰਵਾਇਤੀ ਤਿਉਹਾਰ ਪਹਿਲਾਂ ਪਿੱਪਲਾਂ ਦੀ ਸੰਘਣੀ ਛਾਂ ਹੇਠ ਪੀਘਾਂ ਝੂਟ ਕੇ ਮਨਾਇਆ ਜਾਂਦਾ ਸੀ, ਹੁਣ ਇਹ ਸਮੇਂ ਦੇ ਹਿਸਾਬ ਨਾਲ ਪੈਲੇਸ ਵਗੈਰਾ ਵਿਚ ਆਯੋਜਿਤ ਕੀਤਾ ਜਾਣ ਲੱਗ ਪਿਆ ਹੈ।ਇਹ ਤਿਉਹਾਰ ਪੰਦਰਾਂ ਦਿਨ ਚਲਦਾ ਰਹਿੰਦਾ ਹੈ।ਤੀਆਂ ਤੋਂ ਇਕ ਦਿਨ ਪਹਿਲਾਂ ਦੂਜ ਵਾਲੇ ਦਿਨ ਮੁਟਿਆਰਾਂ, ਕੁੜੀਆਂ,ਬੱਚੀਆਂ ਮਹਿੰਦੀ ਲਗਾਉਂਦੀਆਂ ਹਨ ਅਤੇ ਅਗਲੇ ਦਿਨ ਸਾਰੀਆਂ ਇਕੱਠੀਆਂ ਹੋ ਕੇ ਗਿੱਧਾ ,ਬੋਲੀਆਂ ,ਭੰਗੜੇ ਪਾ ਕੇ ਅਤੇ ਪੀਘਾਂ ਝੂਟ ਕੇ ਅਪਣੇ ਜਸ਼ਨ ਮਨਾਉਂਦੀਆਂ ਹਨ ।ਇਸ ਮੌਕੇ ਤ੍ਰਿੰਜਣ ਸੰਸਥਾ ਦੀਆਂ ਸਮੂਹ ਮੈਂਬਰਾਂ ਤੇ ਅਹੁੱਦੇਦਾਰਾਂ ਸਰਬਜੀਤ ਕੌਰ, ਮਨਜੀਤ ਕੌਰ,ਕੁਲਵਿੰਦਰ ਕੌਰ ,ਹਰਪਾਲ ਕੌਰ , ਪਲਵੀ ਨੰਦਾ ਨੇ ਸਾਰੀਆਂ ਭੈਣਾਂ ਨੂੰ ਵਧਾਈ ਦਿੱਤੀ।

# 'ਇੱਕ ਪੇੜ ਮਾਂ ਦੇ ਨਾਂਅ' ਮੁਹਿੰਮ ਸ਼ੁਰੂ




ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)- ਸਥਾਨਕ ਪੀ. ਟੀ. ਐਮ ਆਰੀਆ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵਲੋਂ ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਦੀ ਅਗਵਾਈ ਹੇਠ ਏਕ ਪੇਡ ਮਾਂ ਕੇ ਨਾਮ ਮੁਹਿੰਮ ਤਹਿਤ 100 ਬੂਟੇ ਲਗਾਏ ਗਏ। ਇਸ ਦਾ ਉਦੇਸ਼ ਕਾਲਜ ਕੈਂਪਸ ਅਤੇ ਨੇੜੇ ਦੀਆਂ ਸੜਕਾਂ ਨੂੰ ਹਰਿਆ-ਭਰਿਆ ਰੱਖਣਾ ਤੇ ਕੁਦਰਤੀ ਸਰੋਤਾਂ, ਰੁੱਖਾਂ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। ਇਸ ਦੇ ਨਾਲ ਹੀ ਵਲੰਟੀਅਰਾਂ ਨੇ ਵੀ ਆਪਣੇ ਆਪਣੇ ਘਰਾਂ ਵਿੱਚ ਪੌਦੇ ਲਗਾਏ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਅਤੇ ਵਲੰਟੀਅਰ ਸ਼ਾਮਲ ਹੋਏ।

# ਏਕ ਪੇਡ ਮਾਂ ਕੇ ਨਾਮ ਵਿਸ਼ੇ ਤਹਿਤ ਲੰਗੜੋਆ ਸਕੂਲ ਵਿਖੇ ਬੂਟਾ ਲਾਇਆ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੰਗੜੋਆ ਵਿਖੇ ਡਾ. ਰਣਜੀਤ ਕੌਰ ਪ੍ਰੋਗਰਾਮ ਅਫਸਰ ਪੰਜਾਬ ਸਟੇਟ ਕੌਂਸਲ ਆਫ ਸਾਇੰਸ ਤੇ ਟੈਕਨੋਲੋਜੀ ਚੰਡੀਗੜ੍ਹ ਵੱਲੋਂ ਵਿਸ਼ੇਸ਼ ਤੌਰ 'ਤੇ ਪੁੱਜ ਕੇ ਏਕ ਪੇਡ ਮਾਂ ਕੇ ਨਾਮ ਵਿਸ਼ੇ ਤਹਿਤ ਬੂਟਾ ਲਗਾਇਆ ਗਿਆ। ਡਾਕਟਰ ਰਣਜੀਤ ਕੌਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਰੁੱਖ ਹੀ ਮਨੁੱਖ ਦਾ ਜੀਵਨ ਹਨ। ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ ਤਾਂ ਕਿ ਵਧ ਰਹੀ ਗਲੋਬਲ ਵਾਰਮਿੰਗ ਤੇ ਧਰਤੀ ਦੀ ਤਪਸ਼ ਨੂੰ ਰੋਕਿਆ ਜਾ ਸਕੇ। ਇਸ ਮੌਕੇ ਸੰਸਥਾ ਦੇ ਮੁਖੀ ਡਾ. ਸੁਰਿੰਦਰ ਪਾਲ ਅਗਨੀਹੋਤਰੀ ਨੇ ਮੈਡਮ ਰਣਜੀਤ ਕੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਕਿਹਾ ਕਿ ਵਾਤਾਵਰਣ ਅਤੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਅਜੋਕੇ ਸਮੇਂ ਵਿੱਚ ਰੁੱਖ ਲਗਾਉਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਸਾਫ ਆਕਸੀਜਨ ਪ੍ਰਾਪਤ ਹੋ ਸਕੇ।ਇਸ ਲਈ ਸਾਨੂੰ ਹਰ ਇੱਕ ਨੂੰ ਆਪਣਾ ਫਰਜ਼ ਸਮਝ ਦੇ ਹੋਏ ਪੌਦਾ ਲਗਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਮਾਪੇ-ਅਧਿਆਪਕ ਮਿਲਣੀ



ਸੁਲਤਾਨਪੁਰ ਲੋਧੀ, ( ਹਨੀ )- ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂ ਅਰੋੜਾ ਦੀ ਅਗਵਾਈ ਹੇਠ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਮਾਪਿਆਂ ਨੇ ਭਾਗ ਲਿਆ। ਇਸ ਦੌਰਾਨ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਸਾਰੀਆਂ ਹੀ ਜਮਾਤਾਂ ਦਾ ਪ੍ਰੀਊਡਿਕ-1 ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਅਧਿਆਪਕਾਂ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਤੋਂ ਮਾਪਿਆਂ ਨੂੰ ਜਾਣੂ ਕਰਵਾਇਆ ਅਤੇ ਪ੍ਰੀਖਿਆ ਦੇ ਨਤੀਜਿਆਂ ਨੂੰ ਮਾਪਿਆਂ ਨਾਲ ਸਾਂਝਾ ਕੀਤਾ। ਪ੍ਰਿੰਸੀਪਲ ਅਰੋੜਾ ਨੇ ਸ਼ਾਨਦਾਰ ਨਤੀਜਿਆਂ ਦੇ ਲਈ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਪ੍ਰੀਖਿਆਵਾਂ ਦੇ ਸ਼ਾਨਦਾਰ ਨਤੀਜੇ ਆਉਣ 'ਤੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

# ਆਦਰਸ਼ ਸਕੂਲ ਲੋਦੀਪੁਰ ਦੇ ਵਿਦਿਆਰਥੀ ਨੇ ਪ੍ਰਾਪਤ ਕੀਤਾ ਪਹਿਲਾ ਸਥਾਨ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਪ੍ਰਿੰਸੀਪਲ ਅਵਤਾਰ ਸਿੰਘ ਦੜੋਲੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਉਤਸਵ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ ਕਰਵਾਇਆ ਗਿਆ, ਜਿਸ ਵਿੱਚ ਆਦਰਸ਼ ਸਕੂਲ ਲੋਦੀਪੁਰ ਦੇ 2 ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚੋ ਅਨੁਰਾਗ ਭਾਰਦਵਾਜ ਦਸਵੀਂ ਜਮਾਤ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਸਮੂਹ ਸਕੂਲ ਸਟਾਫ ਨੇ ਵਿਦਿਆਰਥੀ ਨੂੰ ਸਨਮਾਨਤ ਕੀਤਾ।ਇਸ ਮੌਕੇ ਲੈਕ. ਚਰਨਜੀਤ ਸਿੰਘ, ਬਲਕਾਰ ਸਿੰਘ, ਮਨਿੰਦਰ ਕੌਰ, ਮੁਕੇਸ਼ ਕੁਮਾਰ, ਤਪਿੰਦਰ ਕੌਰ, ਅਜਵਿੰਦਰ ਕੌਰ, ਕਮਲਜੀਤ ਕੌਰ, ਸੁਰਿੰਦਰਪਾਲ ਸਿੰਘ, ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ, ਸੁਸ਼ੀਲ ਕੁਮਾਰ, ਗੁਰਨੈਬ ਸੈਣੀ, ਗੁਰਪ੍ਰੀਤ ਸਿੰਘ, ਪਿੰਕੀ ਰਾਣੀ, ਸੁਖਵਿੰਦਰ ਕੌਰ, ਰਾਜਵੀਰ ਕੌਰ, ਤੇਜਵੰਤ ਕੌਰ, ਲਖਵੀਰ ਕੌਰ, ਨਿਰਮਲ ਕੌਰ, ਚਰਨਜੀਤ ਕੌਰ, ਕੁਲਜਿੰਦਰ ਕੌਰ, ਦਵਿੰਦਰ ਕੌਰ, ਪ੍ਰਦੀਪ ਕੌਰ, ਦੀਪ ਸ਼ਿਖਾ ਸੈਣੀ, ਰੀਨਾ ਰਾਣੀ, ਰੋਮਿਲ, ਪਰੇਹਾ, ਨਿਰਮਲ ਸਿੰਘ, ਗੁਰਮੇਲ ਸਿੰਘ ਹਾਜ਼ਰ ਸਨ।

# ਇੰਪੀਰੀਅਲ ਸਕੂਲ 'ਚ ਵਿਸ਼ਵ ਕੁਦਰਤ ਸੰਭਾਲ ਦਿਵਸ ਮਨਾਇਆ




ਆਦਮਪੁਰ (ਪਰਮਜੀਤ ਸਿੰਘ)- ਦੀ ਇੰਪੀਰੀਅਲ ਸਕੂਲ ਗਰੀਨ ਕੈਂਪਸ ਆਦਮਪੁਰ ਵਿੱਚ ਸਕੂਲ ਦੇ ਚੇਅਰਮੈਨ ਜਗਦੀਸ਼ ਲਾਲ, ਡਾਇਰੈਕਟਰ ਜਗਮੋਹਨ ਅਰੋੜਾ, ਸਕੂਲ ਦੇ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ, ਵਾਇਸ ਪ੍ਰਿੰਸੀਪਲ ਪੂਜਾ ਠਾਕੁਰ, ਅਕਾਦਮਿਕ ਸਲਾਹਕਾਰ ਰੇਨੂ ਚੇਹਲ ਅਤੇ ਸਮੂਹ ਸਟਾਫ਼ ਦੀ ਅਧੀਨਗੀ ਹੇਠ ਵਿਸ਼ਵ ਕੁਦਰਤ ਸੰਭਾਲ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਰੁੱਖ ਲਗਾਏ ਗਏ ਅਤੇ ਉਨ੍ਹਾਂ ਨੂੰ ਆਪਣੀ ਕੁਦਰਤ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਗਿਆ।ਸਕੂਲ ਵਲੋਂ ਇਹ ਇੱਕ ਖਾਸ ਉਪਰਾਲਾ ਸੀ। ਸਕੂਲ ਦੇ ਪ੍ਰਿੰਸੀਪਲ ਸਵਿੰਦਰ ਕੌਰ ਮੱਲ੍ਹੀ ਨੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਪਿਆਰ ਕਰਨ ਅਤੇ ਇਸ ਦੀ ਸੰਭਾਲ ਦਾ ਸੰਦੇਸ਼ ਦਿੱਤਾ। ਚੇਅਰਮੈਨ ਜਗਦੀਸ਼ ਲਾਲ ਅਤੇ ਡਾਇਰੈਕਟਰ ਜਗਮੋਹਨ ਅਰੋੜਾ ਨੇ ਵੀ ਸਾਰਿਆਂ ਨੂੰ ਇਕ-ਇਕ ਪੌਦਾ ਲਗਾਉਣ ਲਈ ਕਿਹਾ।

# ਪ੍ਰਬੰਧਕ ਕਮੇਟੀ ਵੱਲੋਂ ਅੱਖਾਂ ਦਾ ਫ੍ਰੀ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



ਆਦਮਪੁਰ (ਪਰਮਜੀਤ ਸਿੰਘ)- ਜਥੇਦਾਰ ਮਨੋਹਰ ਸਿੰਘ ਵੱਲੋਂ ਦੱਸਿਆ ਗਿਆ ਕਿ ਹਮਸਫਰ ਯੂਥ ਕਲੱਬ ਦੀ ਅਗਵਾਈ ਹੇਠ ਜਲੰਧਰ ਸਿਵਲ ਹਸਪਤਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਡਰੋਲੀ ਕਲਾਂ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਵਿਖੇ ਅੱਖਾਂ ਦਾ ਚੈਕਅਪ ਕੈਂਪ ਵਿੱਚ 217 ਮਰੀਜ਼ਾਂ ਦੀ ਅੱਖਾਂ ਦੇ ਚੈਕਅਪ ਕੀਤੇ ਗਏ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਜਿਨ੍ਹਾਂ ਵਿੱਚੋਂ 16 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਜਲੰਧਰ ਸਿਵਲ ਹਸਪਤਾਲ ਅੱਖਾਂ ਦੇ ਵਿਭਾਗ ਵੱਲੋਂ ਬੁੱਧਵਾਰ ਨੂੰ ਕਰਵਾਏ ਜਾਣਗੇ ਅਤੇ ਸਬੰਧੀ ਸੰਪੂਰਨ ਟੈਸਟ ਅਤੇ ਚੈੱਕਅਪ ਮੁਫਤ ਕੀਤੇ ਜਾਣਗੇ। ਸਿਵਲ ਹਸਪਤਾਲ ਜਲੰਧਰ ਅੱਖਾਂ ਦੇ ਵਿਭਾਗ ਦੇ ਮਾਹਿਰ ਡਾਕਟਰ ਗੁਰਪ੍ਰੀਤ ਕੌਰ, ਅਮਰਜੀਤ ਕੌਰ ਨੇ ਦੱਸਿਆ ਕਿ ਹਮਸਫਰ ਯੂਥ ਕਲੱਬ ਪਿਛਲੇ ਕਈ ਸਮੇਂ ਤੋਂ ਅੱਖਾਂ ਦੇ ਵਿਭਾਗ ਸਿਵਲ ਹਸਪਤਾਲ ਜਲੰਧਰ ਦੇ ਨਾਲ ਮਿਲ ਕੇ ਸਮਾਜ ਦੇ ਵਿੱਚ ਅੱਖਾਂ ਦੇ ਚੈੱਕਅਪ ਕੈਂਪ ਅਤੇ ਆਪਰੇਸ਼ਨ ਕੈਂਪ ਦਾ ਆਯੋਜਨ ਕਰ ਰਹੀ ਹੈ ਜਿਨ੍ਹਾਂ ਦੇ ਅਧੀਨ ਪਿੰਡ ਡਰੋਲੀ ਕਲਾਂ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਉਚੇਚੇ ਤੌਰ 'ਤੇ ਪਿੰਡ ਦੇ ਇਲਾਕਾ ਨਿਵਾਸੀਆਂ ਦੇ ਮਰੀਜ਼ਾਂ ਲਈ ਅੱਖਾਂ ਦੇ ਚੈਕਅਪ ਦਾ ਮੁਫਤ ਜਾਂਚ ਕੈਂਪ ਲਗਾਇਆ ਗਿਆ ਜਿਸ ਵਿੱਚ 217 ਮਰੀਜ਼ਾਂ ਦੀਆਂ ਅੱਖਾਂ ਦੇ ਮੁਫਤ ਚੈਕਅਪ ਕੀਤੇ ਗਏ ਅਤੇ ਦਵਾਈਆਂ ਵੰਡੀਆਂ ਗਈਆਂ ਜਿਨਾਂ ਵਿੱਚੋਂ 16 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਸਿਵਲ ਹਸਪਤਾਲ ਜਲੰਧਰ ਵਿਖੇ ਬੁੱਧਵਾਰ ਨੂੰ ਕੀਤੇ ਜਾਣਗੇ। ਆਪਰੇਸ਼ਨ ਦਾ ਸਾਰਾ ਖਰਚਾ ਜਲੰਧਰ ਸਿਵਲ ਹਸਪਤਾਲ ਹਮਸਫਰ ਯੂਥ ਕਲੱਬ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਮਰੀਜ਼ਾਂ ਨੂੰ ਲੈ ਕੇ ਆਉਣ ਤੇ ਜਾਣ ਦਾ ਖਰਚਾ ਵੀ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਵੱਲੋਂ ਕੀਤਾ ਜਾਵੇਗਾ। ਜ਼ਿਲ੍ਹਾ ਮੈਨੇਜਰ ਐਸ ਸੀ ਕਾਰਪੋਰੇਸ਼ਨ ਜਲੰਧਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਹਮਸਫਰ ਯੂਥ ਕਲੱਬ ਨੇ ਨਿਸਵਾਰਥ ਸੇਵਾ ਭਾਵਨਾ ਦੇ ਨਾਲ ਅੱਜ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਜੋ ਕਿ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਦੇ ਪ੍ਰਧਾਨ ਵੱਲੋਂ ਅੱਖਾਂ ਦੇ ਕੈਂਪ ਦਾ ਉਪਰਾਲਾ ਕੀਤਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਜੋ ਵੀ ਪੰਜਾਬ ਸਰਕਾਰ ਵੱਲੋਂ ਐਸ ਕਾਰਪੋਰੇਸ਼ਨ ਜਲੰਧਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਹਨ ਉਨ੍ਹਾਂ ਬਾਰੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਬਹੁਤ ਵੱਡੇ ਉਪਰਾਲੇ ਕਰਨ ਜਾ ਰਿਹਾ ਜਿਨ੍ਹਾਂ ਵੱਲੋਂ ਅੱਜ ਡਰੋਲੀ ਕਲਾਂ ਵਿਖੇ ਕੈਂਪ ਦੌਰਾਨ ਆਉਣ ਵਾਲੇ ਲਾਭਪਾਤਰੀਆਂ ਜ਼ਰੂਰਤਮੰਦਾਂ ਨੂੰ ਸਰਕਾਰੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਚਾਨਣਾ ਵੀ ਪਾਇਆ ਗਿਆ ਜਿਸ ਵਿੱਚ ਹਮਸਫਰ ਯੂਥ ਕਲੱਬ ਦੇ ਪ੍ਰਧਾਨ ਰੋਹਿਤ ਭਾਟੀਆ, ਪੂਨਮ ਭਾਟੀਆ ਡਾਇਰੈਕਟਰ ਸਬੰਧੀ ਵਿਭਾਗ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ਜੋ ਕਿ ਐਮ ਐਸ ਐਮ ਈ ਪੀ ਸੀ ਆਈ ਦੇ ਸਰਕਲ ਡਾਇਰੈਕਟਰ ਤੇ ਅਸਿਸਟੈਂਟ ਡਾਇਰੈਕਟਰ ਵੀ ਹਨ।ਇਸ ਮੌਕੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ, ਸੈਕਟਰੀ ਰਣਵੀਰ ਪਾਲ, ਲਖਵੀਰ ਸਿੰਘ ਡਰੋਲੀ, ਜਸਵੀਰ ਸਿੰਘ ਵੀਡੀਓ ਡਾਇਰੈਕਟਰ, ਸੁੱਖੀ ਦਾਊਦਪੁਰੀਆ, ਪ੍ਰੀਤ ਅਲਮੀਨੀਅਮ ਆਦਮਪੁਰ, ਸੇਵਾਦਾਰ ਭਾਈ ਸੁਖਜੀਤ ਸਿੰਘ ਸ਼ਹੀਦ ਬਾਬਾ ਮਤੀ ਸਾਹਿਬ ਜੀ ਦੀ ਸੇਵਾ ਸੋਸਾਇਟੀ ਡਰੋਲੀ ਕਲਾਂ, ਪ੍ਰਧਾਨ ਬੂਟਾ ਸਿੰਘ ਬਾਬਾ ਭਟੋਆ ਦਰਬਾਰ, ਡਾਕਟਰ ਅਸ਼ਵਨੀ ਗੌਤਮ ਗੈਸ ਏਜੰਸੀ, ਰਣਜੀਤ ਕੌਰ, ਰਾਜਵਿੰਦਰ ਕੌਰ, ਪੂਨਮ ਭਾਟੀਆ, ਰੋਹਿਤ ਭਾਟੀਆ, ਬਲਵੀਰ ਕੁਮਾਰ, ਹਰਵਿੰਦਰ ਕੁਮਾਰ ਤੇ ਅਨੇਕਾਂ ਪਤਵੰਤੇ ਸੱਜਣਾਂ ਨੇ ਹਾਜ਼ਰੀ ਭਰੀ।

# ਭੁੰਗਰਨੀ ਵਿਖੇ ਸਿੱਖ ਮਿਸ਼ਨਰੀ ਕਾਲਜ ਨੇ ਧਾਰਮਿਕ ਮੁਕਾਬਲੇ ਕਰਵਾਏ




ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਜਲੰਧਰ ਜੋਨ ਵਲੋਂ ਬੱਚਿਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਭਰਨ ਲਈ ਇੰਟਰ ਸਰਕਲ ਮੁਕਾਬਲੇ ਇਤਿਹਾਸਕ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ ਪਿੰਡ ਭੂੰਗਰਨੀ ਵਿਖੇ ਕਰਵਾਏ ਗਏ।ਇਸ ਵਿੱਚ ਵੱਖ-ਵੱਖ ਸਰਕਲਾਂ ਦੇ 60 ਬੱਚਿਆਂ ਵਲੋਂ ਭਾਗ ਲਿਆ ਗਿਆ।ਇਨ੍ਹਾਂ ਮੁਕਾਬਲਿਆਂ ਵਿੱਚ ਕੀਰਤਨ ਗਾਇਨ, ਕਵਿਤਾ ਉਚਾਰਣ,ਭਾਸ਼ਣ, ਵਾਰਤਾਲਾਪ ਮੁਕਾਬਲੇ ਕਰਵਾਏ ਗਏ। ਬੱਚਿਆਂ ਵਲੋਂ ਬੜੇ ਉਤਸ਼ਾਹ ਅਤੇ ਚੜ੍ਹਦੀ ਕਲਾ ਨਾਲ ਗੁਰਬਾਣੀ ਸ਼ਬਦ, ਮਨੁੱਖ ਦੀਆਂ ਅਜੋਕੀਆਂ ਸਮੱਸਿਆਵਾਂ ਤੇ ਸਿੱਖ ਸਿਧਾਂਤ ਨੂੰ ਪ੍ਰਪੱਕ ਕਰਨ ਵਾਲੇ ਵਾਰਤਾਲਾਪ, ਕਵਿਤਾਵਾਂ, ਭਾਸ਼ਣ ਪੇਸ਼ ਕੀਤੇ ਗਏ। ਪਹਿਲੇ ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ 'ਤੇ ਰੱਜਤ ਸਿੰਘ ਜ਼ੋਨਲ ਆਰਗੇਨਾਈਜਰ ਜਲੰਧਰ ਜ਼ੋਨ,ਗੁਰਵਿੰਦਰ ਸਿੰਘ ਡਿਪਟੀ ਜ਼ੋਨਲ ਆਰਗੇਨਾਈਜ਼ਰ, ਸਵੇਗ ਸਿੰਘ ਸਰਕਲ ਇੰਚਾਰਜ ਕਾਲਰਾ, ਬਲਜੀਤ ਸਿੰਘ ਸਰਕਲ ਇੰਚਾਰਜ ਜਲੰਧਰ, ਅੰਮ੍ਰਿਤਪਾਲ ਕੌਰ, ਮਨਦੀਪ ਸਿੰਘ, ਸੁਰਿੰਦਰ ਸਿੰਘ, ਭਾਈ ਸੁਖਸੈਨ ਸਿੰਘ ਹੈਡ ਗੰਥੀ ਗੁਰਦੁਆਰਾ ਸ੍ਰੀ ਗੁਰੂ ਹਰਿਰਾਇ ਸਾਹਿਬ, ਬਲਬੀਰ ਸਿੰਘ ਮੈਂਬਰ, ਸੁਰਿੰਦਰ ਸਿੰਘ ਨੰਬਰਦਾਰ, ਸਰਵਣ ਸਿੰਘ, ਨਰਿੰਦਰ ਸਿੰਘ, ਸਤਪਾਲ ਸਿੰਘ, ਅਵਤਾਰ ਸਿੰਘ, ਸਤਬੀਰ ਸਿੰਘ, ਸੁਰਿੰਦਰਪਾਲ ਸਿੰਘ, ਬਲਜੀਤ ਸਿੰਘ ਨੰਗਲਸ਼ਾਮਾ ਆਦਿ ਹਾਜ਼ਰ ਸਨ।ਗੁਰਜੀਤ ਸਿੰਘ ਆਜ਼ਾਦ, ਜਸਵੀਰ ਸਿੰਘ ਲੁਧਿਆਣਾ, ਪ੍ਰਭਜੋਤ ਸਿੰਘ ਲੁਧਿਆਣਾ ਤੇ ਹਰਦੀਪ ਸਿੰਘ ਰਾਮਦਿਵਾਲੀ ਨੇ ਜਜਮੈਂਟ ਦੀ ਸੇਵਾ ਨਿਭਾਈ ।

# ਕੋਟਲੀ ਅਰਾਈਆਂ 'ਚ ਮੁਫਤ ਸਪੋਕਨ ਇੰਗਲਿਸ਼ ਕੋਰਸ

ਆਦਮਪੁਰ (ਪਰਮਜੀਤ ਸਿੰਘ)-ਭੁਪਿੰਦਰ ਸਿੰਘ ਹੁੰਦਲ ਵਲੋਂ ਸੰਸਥਾਪਕ ਮੇਰਾ ਪਿੰਡ



360 ਫਾਊਂਡੇਸ਼ਨ ਦੇ ਮੁੱਖ ਸੈਂਟਰ ਵਿਖੇ ਕੋਟਲੀ ਅਰਾਈਆਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ, ਜਿਸ ਅਧੀਨ ਸੰਸਥਾ ਵੱਲੋਂ ਵੱਖ -ਵੱਖ ਤਰੀਕੇ ਨਾਲ ਲੋਕਾਂ ਨੂੰ ਲਾਭ ਪੁਹੰਚਾਉਣ ਲਈ ਹਰ ਸਮੇਂ ਵਧੀਆ ਉਪਰਾਲੇ ਤਹਿਤ ਅੱਜ ਤਿੰਨ ਮਹੀਨੇ ਪਹਿਲੇ ਤੋਂ ਚੱਲ ਰਹੇ ਮੁਫਤ ਇੰਗਲਿਸ਼ ਸਪੀਕਿੰਗ ਕੋਰਸ ਦੇ ਸਮਾਪਤੀ ਸਮਾਰੋਹ ਦੌਰਾਨ ਬੱਚਿਆਂ ਨੂੰ ਸਰਟੀਫ਼ਿਕੇਟ ਵੰਡੇ ਗਏ। ਇਸ ਮੌਕੇ ਸੰਸਥਾ ਦੇ ਸੰਸਥਾਪਕ ਭੁਪਿੰਦਰ ਸਿੰਘ ਹੁੰਦਲ ਵਲੋਂ ਅਮਰੀਕਾ ਤੋਂ ਜੂਮ ਮੀਟਿੰਗ ਰਾਹੀਂ ਸ਼ਾਮਿਲ ਹੋਏ। ਇਸ ਮੌਕੇ ਸੰਸਥਾ ਦੇ ਮੈਨੇਜਰ ਪੀਊਸ਼ ਨਰ, ਸ਼ਰਨਜੀਤ, ਅਮਨਦੀਪ ਸਿੰਘ, ਮਨੀਸ਼ਾ ਨਰ, ਭਾਰਤੀ ਸ਼ਰਮਾ,ਆਦਿ ਸ਼ਾਮਲ ਸਨ।

# ਸਤਲੁਜ ਪ੍ਰੈੱਸ ਕਲੱਬ ਸੁਖਸਲ ਨੇ ਵੱਖ-ਵੱਖ ਕਿਸਮ ਦੇ ਪੌਦੇ ਲਗਾਏ

ਭਲਾਣ (ਹਰਭਜਨ ਢਿੱਲੋਂ)-ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੇ ਉਪਰਾਲੇ ਲਈ ਸਤਲੁਜ ਪ੍ਰੈਸ ਕਲੱਬ ਸੁਖਸਲ ਵੱਲੋਂ ਆਪਣੀ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਮੰਗਲਵਾਰ ਕਰੀਬ 50 ਘਰਾਂ ਵਿੱਚ ਵੱਖ ਵੱਖ ਕਿਸਮ ਦੇ ਪੌਦੇ ਲਗਾਏ ਗਏ ਜਿਨ੍ਹਾਂ ਵਿੱਚ ਨਿੰਮ, ਨਿੰਬੂ, ਆਂਵਲਾ ਅੰਮਰੂਦ, ਅੰਬ, ਸੁਹਾਂਜਨ, ਅਮਲਤਾਸ, ਸ਼ੰਮੀ, ਤੂਹਣੀ, ਦਾਲਚੀਨੀ ਆਦਿ ਅਤੇ ਵੱਖ ਵੱਖ ਕਿਸਮ ਦੇ ਹੋਰ ਹਾਈਬ੍ਰਿਡ ਕਿਸਮ ਦੇ ਪੌਦੇ ਲਗਾਏ ਗਏ। ਕਲੱਬ ਮੈਂਬਰਾਂ ਨੇ ਦੱਸਿਆ ਕਿ ਸਾਡੇ ਕਲੱਬ ਵੱਲੋਂ ਜਿਹੜੇ ਲੋਕ ਬੂਟਿਆਂ ਦੀ ਸਾਂਭ ਸੰਭਾਲ ਕਰ ਸਕਦੇ ਹਨ ਉਨ੍ਹਾਂ ਦੇ ਘਰਾਂ ਵਿੱਚ ਹਰ ਸਾਲ ਨਿਰੰਤਰ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਕਲੱਬ ਦੇ ਸਮੁੱਚੇ ਮੈਂਬਰ ਹਾਜ਼ਰ ਸਨ।



# ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਟੇਲੈਂਟ ਹੰਟ ਸ਼ੋਅ



ਜਲੰਧਰ ( ਸ਼ੈਲੀ ਐਲਬਰਟ) -ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀ ਸੱਭਿਆਚਾਰਕ ਟੀਮ ਨੇ ਸਾਰੀਆਂ ਸਟਰੀਮ ਦੇ ਨਵੇਂ ਵਿਦਿਆਰਥੀਆਂ ਦਾ ਸੁਆਗਤ ਕਰਨ ਅਤੇ ਨਵੇਂ ਵਿਦਿਆਰਥੀਆਂ ਦੀਆਂ ਆਂਤਰਿਕ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਬਹੁਤ ਹੀ ਅਨੁਮਾਨਿਤ ਟੇਲੈਂਟ ਹੰਟ ਸ਼ੋਅ, ਲਾ ਟੈਲੈਂਟੋ-2024 ਦਾ ਆਯੋਜਨ ਕੀਤਾ ।ਇਸ ਈਵੈਂਟ ਵਿੱਚ ਗਰੁੱਪ ਸਿੰਗਿੰਗ, ਗਰੁੱਪ ਡਾਂਸ, ਇੰਸਟਰੂਮੈਂਟਲ ਮਿਊਜ਼ਿਕ, ਸੋਲੋ ਸਿੰਗਿੰਗ, ਸੋਲੋ ਡਾਂਸ, ਅਤੇ ਇੱਕ ਐਡ-ਮੈਡ ਸ਼ੋਅ ਸਮੇਤ ਕਈ ਤਰ੍ਹਾਂ ਦੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ । ਡਾ. ਅਰਜਿੰਦਰ, ਪ੍ਰਿੰਸੀਪਲ ਆਈ.ਐਚ.ਸੀ.ਈ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮਿਸਟਰ ਰਾਹੁਲ ਜੈਨ, ਡਾਇਰੈਕਟਰ (ਅਪਰੇਸ਼ਨਜ਼) ਅਤੇ ਡਾ. ਗਗਨਦੀਪ ਕੌਰ, ਡਾਇਰੈਕਟਰ (ਅਕਾਦਮਿਕ) ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਭਾਗ ਲੈਣ ਵਾਲਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਅਕਤੀਗਤ ਅਤੇ ਪ੍ਰੋਫੈਸ਼ਨਲ ਵਿਕਾਸ ਵਿੱਚ ਸੱਭਿਆਚਾਰਕ ਗਤੀਵਿਧੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਸਾਰੇ ਵਿਦਿਆਰਥੀਆਂ ਨੂੰ ਅਜਿਹੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ । ਲਾ-ਟੈਲੈਂਟੋ-2024 ਨੇ ਨਾ ਸਿਰਫ਼ ਨਵੇਂ ਵਿਦਿਆਰਥੀਆਂ ਦੀ ਬੇਮਿਸਾਲ ਪ੍ਰਤਿਭਾ ਨੂੰ ਪ੍ਰਦਰਸ਼ਿਤ ਕੀਤਾ ਸਗੋਂ ਪੁਰਾਣੇ ਵਿਦਿਆਰਥੀਆਂ ਵਿੱਚ ਦੋਸਤੀ ਅਤੇ ਸਕੂਲੀ ਭਾਵਨਾ ਨੂੰ ਵੀ ਵਧਾਇਆ। ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਭਾਗੀਦਾਰਾਂ ਅਤੇ ਦਰਸ਼ਕਾਂ ਦੇ ਮੈਂਬਰਾਂ ਨੂੰ ਭਵਿੱਖ ਦੇ ਸੱਭਿਆਚਾਰਕ ਸਮਾਗਮਾਂ ਦੀ ਉਡੀਕ ਦੇ ਨਾਲ, ਇਹ ਸਮਾਗਮ ਬਹੁਤ ਹੀ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ । ਮੁਕਾਬਲਾ ਬਹੁਤ ਜ਼ਬਰਦਸਤ ਸੀ ਅਤੇ ਮੁਕਾਬਲਿਆਂ ਦੇ ਜੇਤੂ ਰਹੇ: ਸੋਲੋ ਸਿੰਗਿੰਗ: ਪਹਿਲੀ ਪੁਜ਼ੀਸ਼ਨ: ਦੀਪਿਕਾ, ਬੀ ਸੀ ਏ 1, ਦੂਜੀ ਪੁਜ਼ੀਸ਼ਨ: ਬਲਜਿੰਦਰ, ਐਚ ਐਮ ਸੀ ਟੀ 1, ਤੀਜੀ ਪੁਜ਼ੀਸ਼ਨ: ਅਰਸ਼ਪ੍ਰਭਾ, ਐਮ ਬੀ ਏ 1. ਸੋਲੋ ਡਾਂਸ: ਪਹਿਲੀ ਪੁਜ਼ੀਸ਼ਨ: ਜਸਕੀਰਤ ਕੌਰ, ਬੀ ਬੀ ਏ 1। ,ਦੂਜਾ ਸਥਾਨ: ਕਸਕ, ਐਮ ਐਲ ਐਸ 3, ਤੀਜਾ ਸਥਾਨ: ਜੈਸਮੀਨ, ਬੀ ਸੀ ਓ ਐਮ 1, ਕੋਨਸੋਲੇਸ਼ਨ ਇਨਾਮ: ਸੁਨੈਨਾ, ਬੀ ਸੀ ਏ 1. ਸਮੂਹ ਗਾਇਨ: ਪਹਿਲੀ ਪੁਜ਼ੀਸ਼ਨ: ਨਵਨੀਤ, ਭਵਲੀਨ, ਜੋਇਸ, ਅਤੇ ਜਸਪਿੰਦਰ - ਬੀ ਐਸ ਸੀ ਮਾਈਕਰੋਬਾਇਓਲੋਜੀ ਸਮੈਸਟਰ 1: ਪੋਜੀਸ਼ਨ : ਅਸਨੀਤ ਅਤੇ ਨੀਤਿਕਾ, ਬੀ.ਸੀ.ਓ.ਐਮ. 1, ਦੂਜਾ ਸਥਾਨ: ਪਿਯੰਕਾ ਅਤੇ ਟੀਮ, ਬੀ.ਐਸ.ਸੀ. ਐਮ.ਐਲ.ਐਸ.ਸਮੈਸਟਰ 1 ਜੇਤੂ ਰਹੇ।

# ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 16ਵੀਂ ਬਰਸੀ ਚੰਡੀਗੜ੍ਹ ਵਿਖੇ 1 ਅਗਸਤ ਨੂੰ




ਫਿਲੌਰ (ਨਿਰਮਲ)-ਸੀ ਪੀ ਆਈ ਐਮ ਫਿਲੌਰ ਵਿੰਗ ਦੀ ਇੱਕ ਮੀਟਿੰਗ ਕਾਮਰੇਡ ਕਮਲਜੀਤ ਸਿੰਘ ਫਿਲੌਰ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਆਗੂਆਂ ਨੇ ਵਿਚਾਰ ਵਟਾਂਦਰਾ ਕੀਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਾਮਰੇਡ ਕਮਲਜੀਤ ਸਿੰਘ ਨੇ ਦੱਸਿਆ ਕਿ ਕੌਮਾਂਤਰੀ ਪੱਧਰ ਦੇ ਪ੍ਰਸਿੱਧ ਮਹਾਨ ਕਮਿਊਨਿਸਟ ਆਗੂ ਅਤੇ ਸੀ ਪੀ ਆਈ ਐਮ ਦੇ ਲੰਬਾ ਸਮਾਂ ਜਨਰਲ ਸਕੱਤਰ ਰਹੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 16ਵੀਂ ਬਰਸੀ ਮੌਕੇ ਇਨਕਲਾਬੀ ਸ਼ਰਧਾਂਜਲੀ ਭੇਟ ਕਰਨ ਲਈ 1 ਅਗਸਤ ਨੂੰ 11ਵਜੇ ਬਾਬਾ ਸੋਹਣ ਸਿੰਘ ਭਕਨਾ ਭਵਨ, ਸੈਕਟਰ 29 ਡੀ , ਚੰਡੀਗੜ੍ਹ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ। ਇਸ ਮੌਕੇ ਕਾਮਰੇਡ ਮੁਹੰਮਦ ਸਲੀਮ ਪੋਲਿਟ ਬਿਊਰੋ ਮੈਂਬਰ ਸੀ ਪੀ ਆਈ ਐਮ ਮੁੱਖ ਬੁਲਾਰੇ ਹੋਣਗੇ। ਮੀਟਿੰਗ ਮੌਕੇ ਪਰਮਿੰਦਰ ਸਿੰਘ, ਤਰਸੇਮ ਨਾਥ, ਰਾਮ ਪਾਲ ਰਾਮ, ਰਾਜ ਕੁਮਾਰ, ਨਰਿੰਦਰ ਕੁਮਾਰ, ਸੁਰਜੀਤ ਕੁਮਾਰ, ਬਲਜੀਤ ਕੁਮਾਰ ਅਤੇ ਹੋਰ ਹਾਜ਼ਰ ਸਨ।

# ਹੈਰੋਇਨ ਸਮੇਤ ਕੀਤਾ ਕਾਬੂ

ਨਵਾਂਸ਼ਹਿਰ, (ਮਨੋਜ ਲਾਡੀ) - ਥਾਣਾ ਮੁਕੰਦਪੁਰ ਦੀ ਪੁਲਸ ਵੱਲੋਂ ਇਕ ਵਿਅਕਤੀ ਨੂੰ 4 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ।ਏ.ਐਸ.ਆਈ. ਭੂਸ਼ਣ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਮੁਕੰਦਪੁਰ ਤੋਂ ਪਿੰਡ ਮੰਡੇਰਾ ਵੱਲ ਜਾ ਰਹੀ ਸੀ ਤਾਂ ਪਿੰਡ ਮੰਡੇਰਾ ਪੁਲੀ ਦੇ ਕੋਲ ਦੂਜੇ ਪਾਸੇ ਤੋਂ ਪੈਦਲ ਆ ਰਿਹਾ ਇਕ ਵਿਅਕਤੀ ਦੇਖਿਆ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਅਤੇ ਕੈਪਰੀ ਦੀ ਜੇਬ ਵਿੱਚੋਂ ਇਕ ਪਾਰਦਰਸ਼ੀ ਲਿਫਾਫਾ ਕੱਢ ਕੇ ਸੜਕ 'ਤੇ ਸੁੱਟ ਦਿੱਤਾ।ਏ.ਐਸ.ਆਈ. ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਨੇ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ ਅਤੇ ਜਦੋਂ ਸੁੱਟੇ ਗਏ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋ 4 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣੇਦਾਰ ਨੇ ਦੱਸਿਆ ਕਿ ਕਾਬੂ ਕੀਤੇ ਵਿਅਕਤੀ ਦੀ ਪਛਾਣ ਵਿਨੋਦ ਕੁਮਾਰ ਵਾਸੀ ਪਿੰਡ ਬਖਲੌਰ ਥਾਣਾ ਮੁਕੰਦਪੁਰ ਵਜੋਂ ਹੋਈ ਹੈ। ਜਿਸ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ।

# 15 ਕਿੱਲੋ ਦੀ ਰਸੌਲੀ ਕੱਢ ਕੇ ਕੀਤਾ ਸਫ਼ਲ ਅਪ੍ਰੇਸ਼ਨ



ਫਿਲੌਰ (ਨਿਰਮਲ)- ਸਥਾਨਕ ਅਰੋੜਾ ਨਰਸਿੰਗ ਹੋਮ ਫਿਲੌਰ ਵਿਖੇ ਇੱਕ ਲੜਕੀ ਸੁਖਵਿੰਦਰ ਕੌਰ ਦਾ ਸਫ਼ਲ ਪੂਰਵਕ ਅਪ੍ਰੇਸ਼ਨ ਕਰਕੇ ਉਸ ਦੇ ਪੇਟ ਵਿੱਚੋਂ 15 ਕਿੱਲੋ ਵਜ਼ਨ ਦੀ ਰਸੌਲੀ ਕੱਢੀ ਅਤੇ ਡਾਕਟਰ ਸਤੀਸ਼ ਅਰੋੜਾ ਨੇ ਦੱਸਿਆ ਕਿ ਅਪ੍ਰੇਸ਼ਨ ਸਫ਼ਲ ਪੂਰਵਕ ਸੰਪੰਨ ਹੋਇਆ। ਡਾਕਟਰ ਅਰੋੜਾ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਹੁਣ ਲੜਕੀ ਦੀ ਹਾਲਤ ਠੀਕ ਹੈ। ਟੈਸਟ ਲਈ ਰਸੌਲੀ ਲੈਬੋਟਰੀ ਭੇਜ ਦਿੱਤੀ ਗਈ ਹੈ।

# ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦਾ ਨਤੀਜਾ ਐਲਾਨਿਆ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕਰਵਾਈ ਗਈ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ। ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਨੇ ਇੱਕ ਵਾਰ ਫਿਰ ਇਤਿਹਾਸ ਰਚਿਆ। ਜਾਣਕਾਰੀ ਦਿੰਦਿਆ ਸਿੰਘ ਸਕੂਲ ਇੰਚਾਰਜ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੇ ਵਿਦਿਆਰਥੀ ਅਰਜੁਨ ਨੇ 91 ਅੰਕ ਹਾਸਲ ਕਰਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰੀਖਿਆ ਵਿੱਚੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦਾ ਸਿਰਫ ਇੱਕ ਵਿਦਿਆਰਥੀ ਹੀ ਚੁਣਿਆ ਗਿਆ ਹੈ ਜੋ ਕਿ ਭੰਗਲ ਖੁਰਦ ਸਕੂਲ ਦਾ ਹੈ ਅਤੇ ਪ੍ਰੀਖਿਆ ਵਿੱਚ ਵੀ ਭੰਗਲ ਖੁਰਦ ਸਕੂਲ ਨੇ ਹੀ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ।ਜ਼ਿਲ੍ਹੇ ਅਤੇ ਸਕੂਲ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।ਉਹਨਾਂ ਵਿਦਿਆਰਥੀ ਅਤੇ ਸਮੂਹ ਸਟਾਫ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਨੀਰਜ ਕੁਮਾਰੀ ਸਟੇਟ ਅਵਾਰਡੀ,ਹਰਜੀਤ ਕੌਰ, ਮਨਜਿੰਦਰ ਕੌਰ, ਰਿੱਤੂ ਅਤੇ ਸੁਰਿੰਦਰ ਪਾਲ ਹਾਜ਼ਰ ਸਨ।

# 15 ਸਾਲਾਂ 'ਚ ਨਰੇਗਾ ਦੀ ਪਾਰਦਰਸ਼ਤਾ ਬਹਾਲ ਨਹੀਂ ਕੀਤੀ ਗਈ : ਗੋਰਾ ਪਿੱਪਲੀ

## ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਰੀਦੋਕਟ ਵੱਲੋਂ ਪੰਜਾਬ ਇਕਾਈ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਪੰਜਾਬ ਭਰ ਦੇ ਜ਼ਿਲ੍ਹਿਆਂ 'ਚ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ। ਇਸੇ ਅਨੁਸਾਰ ਫਰੀਦਕੋਟ ਜ਼ਿਲ੍ਹਾ ਕਮੇਟੀ ਵੱਲੋਂ ਕਾਮਰੇਡ ਗੋਰਾ ਸਿੰਘ ਪਿੱਪਲੀ ਦੀ ਯੋਗ ਅਗਵਾਈ 'ਚ ਨਰੇਗਾ ਦੀ ਪਾਰਦਰਸ਼ਤਾ ਨੂੰ ਬਹਾਲ ਕਰਨ ਤੇ ਹੋਰ ਮਸਲਿਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਡੀ ਸੀ ਨੂੰ ਸੌਂਪਿਆ ਗਿਆ। ਇਸ ਮੌਕੇ ਇਕੱਠੇ ਹੋਏ ਜ਼ਿਲ੍ਹਾ ਕਮੇਟੀ ਮੈਂਬਰਾਂ ਆਗੂਆਂ ਨੇ ਡਿਪਟੀ ਕਮਿਸ਼ਨਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਰੇਗਾ ਐਕਟ 2005 ਨੂੰ ਪੰਜਾਬ 'ਚ ਲਾਗੂ ਹੋਇਆਂ 15 ਸਾਲ ਹੋ ਚੁੱਕੇ ਹਨ, ਪਰ ਹੁਣ ਤੱਕ ਪੰਜਾਬ ਦੀਆਂ ਸਰਕਾਰਾਂ ਤੇ ਕੇਂਦਰ ਸਰਕਾਰ ਹੁਣ ਤੱਕ ਲਾਗੂ ਕਰਨ 'ਚ ਫੇਲ੍ਹ ਸਾਬਿਤ ਹੋਈਆਂ ਹਨ।ਪੁਰਾਣੇ ਮੇਟਾਂ ਨੂੰ ਬਿਨਾਂ ਕਾਰਨ ਹਟਾ ਕੇ ਅਪਣੀ ਮਨਮਰਜ਼ੀ ਨਾਲ ਨਵੇਂ ਮੇਟ ਬਿਨਾਂ ਕਿਸੇ ਕਾਨੂੰਨ ਸੰਵਿਧਾਨ ਦੇ ਲਗਾਏ ਜਾ ਰਹੇ ਹਨ।ਕੰਮ ਮੰਗਣ 'ਤੇ ਅਰਜ਼ੀ ਦੀ ਰਸੀਦ ਦੇਣ ਲਈ ਕੋਈ ਵੀ ਜ਼ਿੰਮੇਦਾਰ ਨਹੀਂ ਬਣ ਰਿਹਾ।ਮੰਗੇ ਕੰਮ ਦੇ ਦਿਨਾਂ ਦੀ ਗਿਣਤੀ ਤੋਂ ਘਟਾ ਕੇ ਸਿਰਫ 6 ਦਿਨ ਕੰਮ ਦੇ ਕੇ ਬੰਦ ਕਰ ਦਿੱਤਾ ਜਾਂਦਾ ਹੈ, ਜਦੋਂਕਿ ਕਾਨੂੰਨ ਅਨੁਸਾਰ 14 ਦਿਨ ਕੰਮ ਦੇਣਾ ਹੁੰਦਾ ਹੈ।ਨਰੇਗਾ ਮੇਟ ਨੂੰ ਮਟੀਰੀਅਲ ਖਾਤੇ 'ਚੋਂ ਦਿਹਾੜੀ ਦੇਣੀ ਹੁੰਦੀ ਹੈ, ਪਰ ਲੇਬਰ ਖਾਤੇ 'ਚੋਂ ਮਜ਼ਦੂਰ ਵਾਲੀ ਦਿਹਾੜੀ ਦਿੱਤੀ ਜਾਂਦੀ ਹੈ। ਹਾਜ਼ਰੀ ਕਾਰਡ 'ਤੇ ਲਗਾਈ ਜਾਣੀ ਚਾਹੀਦੀ ਹੈ, ਪਰ ਅਜੇ ਤੱਕ ਕਿਤੇ ਵੀ ਕਾਰਡ 'ਤੇ ਹਾਜ਼ਰੀ ਨਹੀਂ ਲਗਾਈ ਜਾਂਦੀ।ਜੇਕਰ ਕੰਮ ਨਹੀਂ ਮਿਲਦਾ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਹੁੰਦਾ ਹੈ, ਪਰ ਪੰਜਾਬ ਭਰ 'ਚ ਕਿਤੇ ਵੀ ਬੇਰੋਜ਼ਗਾਰੀ ਭੱਤਾ ਨਹੀਂ ਦਿੱਤਾ ਜਾਂਦਾ।ਕੰਮ ਤੋਂ ਦੂਰ ਹਾਜ਼ਰੀ ਲਾਈ ਜਾਂਦੀ ਹੈ।ਕੰਮ ਸਥਾਨ ਦੇ ਨੇੜੇ ਹਾਜ਼ਰੀ ਲਾਈ ਜਾਣੀ ਚਾਹੀਦੀ ਹੈ, ਪਰ ਲੋਕਾਂ ਨੂੰ ਤਿੰਨ-ਤਿੰਨ ਕਿਲੋਮੀਟਰ ਦੂਰ ਹਾਜ਼ਰੀ ਲਗਵਾਉਣ ਜਾਣਾ ਪੈਂਦਾ ਹੈ।ਇਨ੍ਹਾਂ ਸਾਰੀਆਂ ਮੰਗਾਂ ਤੇ ਮਸਲਿਆਂ ਲਈ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਮਨਜੀਤ ਕੌਰ ਨੱਥੇਵਾਲਾ, ਗੁਰਮੇਲ ਸਿੰਘ ਲਾਲੇਆਣਾ, ਵੀਰ ਸਿੰਘ ਕਮੇਆਣਾ ਆਦਿ ਆਗੂ ਹਾਜ਼ਰ ਸਨ।

# ਵਪਾਰ ਮੰਡਲ ਨੇ ਕੇਂਦਰੀ ਰਾਜ ਮੰਤਰੀ ਨੂੰ ਦਿੱਤਾ ਮੰਗ ਪੱਤਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਕੇਂਦਰੀ ਰੇਲਵੇ ਤੇ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਭਾਰਤ ਸਰਕਾਰ ਰਵਨੀਤ ਸਿੰਘ ਬਿੱਟੂ ਦੇ ਸੰਗਰੂਰ ਦੌਰੇ ਦੌਰਾਨ ਸੁਨਾਮ ਪਹੁੰਚਣ 'ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਤੇ ਬੀਜੇਪੀ ਦੀ ਸੂਬਾ ਸਕੱਤਰ ਦਮਨ ਬਾਜਵਾ ਵੱਲੋਂ ਰੱਖੇ ਗਏ ਪਾਲਮ ਪਲਾਜ਼ਾ ਪੈਲਸ ਵਿੱਚ ਇਲਾਕੇ ਦੀਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ, ਉਥੇ ਸੁਨਾਮ ਵਪਾਰ ਮੰਡਲ ਦੇ ਪ੍ਰਧਾਨ ਨਰੇਸ਼ ਭੋਲਾ ਦੀ ਅਗਵਾਈ ਵਿੱਚ ਇੱਕ ਵੱਡੇ ਵਫਦ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਵਪਾਰੀਆਂ ਲਈ ਟ੍ਰੇਨਾਂ ਦੇ ਸਟਾਪੇਜ ਫੁੱਟ ਓਵਰ ਬ੍ਰਿਜ ਬਣਾਉਣ ਤੋਂ ਇਲਾਵਾ ਸ਼ਹਿਰ ਦੀ ਪਾਣੀ ਦੀ ਨਿਕਾਸੀ ਦੀ ਵਿਵਸਥਾ ਨੂੰ ਲੈ ਕੇ ਮੰਗ ਪੱਤਰ ਦਿੱਤਾ, ਉਥੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਉਨ੍ਹਾਂ ਦਾ ਮੰਗ ਪੱਤਰ ਲੈਂਦੇ ਹੋਏ ਭਰੋਸਾ ਦਿਵਾਇਆ ਕਿ ਉਹ ਜਲਦ ਸਮੱਸਿਆਵਾਂ ਦਾ ਹੱਲ ਕਰਨਗੇ ਤੇ ਵਪਾਰ ਮੰਡਲ ਦੇ ਪ੍ਰਧਾਨ ਨਰੇਸ਼ ਭੋਲਾ ਨੇ ਵੀ ਕਿਹਾ ਕਿ ਉਹ ਵੀ ਵਪਾਰੀਆਂ ਤੇ ਸ਼ਹਿਰ ਦੀ ਸਮੱਸਿਆ ਲਈ ਹਰ ਸਮੇਂ ਯਤਨ ਕਰਦੇ ਰਹਿਣਗੇ। ਇਸ ਮੌਕੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਪ੍ਰਧਾਨ ਨਰੇਸ਼ ਭੋਲਾ, ਜਨਰਲ ਸਕੱਤਰ ਰਾਜੇਸ਼ ਬਿੱਟੂ, ਕੈਸ਼ੀਅਰ ਰਾਜੇਸ਼ ਪਾਲੀ, ਚੀਫ਼ ਪੈਟਰਨ ਅਜੇ ਮਸਤਾਨੀ, ਸੀਨੀਅਰ ਵਾਇਸ ਪ੍ਰਧਾਨ ਸੁਰਜੀਤ ਸਿੰਘ ਆਨੰਦ, ਮਹੇਸ਼ਇੰਦਰ ਮਿੰਟੂ, ਕ੍ਰਿਸ਼ਨ ਕੁਮਾਰ, ਪਰਵੇਸ਼ ਕੁਮਾਰ, ਰਾਮ ਲਾਲ ਤਾਇਲ, ਸੁਰੇਸ਼ ਬਾਸ਼ਲ, ਸੰਜੀਵ ਵਰਮਾ ਆਦਿ ਮੌਜੂਦ ਸਨ।

# ਕੁੱਤਿਆਂ ਵੱਲੋਂ ਨੋਚ ਕੇ ਖਾਣ ਨਾਲ ਅਣਪਛਾਤੇ ਵਿਅਕਤੀ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਤੋਂ ਕੁਝ ਦੂਰੀ 'ਤੇ ਵਗਦੀ ਸਰਹਿੰਦ ਨਹਿਰ 'ਤੇ ਪੁਲਸ ਨੂੰ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ, ਜਿਸ ਨੂੰ ਕੁੱਤਿਆਂ ਜਾਂ ਕਿਸੇ ਹੋਰ ਜਾਨਵਰ ਨੇ ਨੋਚ ਕੇ ਖਾਧਾ ਹੋਇਆ ਸੀ। ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਨਹਿਰ ਕਿਨਾਰੇ ਇੱਕ ਵਿਅਕਤੀ ਦੀ ਲਾਸ਼ ਪਈ ਹੈ ਅਤੇ ਜਦੋਂ ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਉਸ ਨੂੰ ਜਾਨਵਰ ਵੱਲੋਂ ਖਾਧਾ ਹੋਇਆ ਸੀ। ਇਸ ਵਿਅਕਤੀ ਦੇ ਕੱਪੜਿਆਂ 'ਚੋਂ ਅਜਿਹੇ ਕੋਈ ਦਸਤਾਵੇਜ਼ ਨਾ ਮਿਲੇ, ਜਿਸ ਤੋਂ ਉਸ ਦੀ ਪਹਿਚਾਣ ਹੋ ਸਕੇ। ਆਸ-ਪਾਸ ਪੁੱਛਗਿੱਛ ਕਰਨ 'ਤੇ ਇਹੀ ਪਤਾ ਲੱਗਾ ਕਿ ਇਹ ਵਿਅਕਤੀ ਸ਼ਰਾਬ ਪੀਣ ਦਾ ਆਦੀ ਸੀ ਅਤੇ ਇੱਥੇ ਲੋਕਾਂ ਤੋਂ ਪੈਸੇ ਮੰਗ ਕੇ ਜਾਂ ਫਿਰ ਕਦੇ ਕਿਸੇ ਢਾਬੇ 'ਤੇ ਕੰਮ ਕਰਕੇ ਜੋ ਕਮਾਈ ਹੁੰਦੀ ਸੀ, ਉਸ ਨਾਲ ਸ਼ਰਾਬ ਪੀ ਲੈਂਦਾ ਸੀ। ਉਨ੍ਹਾਂ ਦੱਸਿਆ ਕਿ ਸ਼ੰਕਾ ਕੀਤੀ ਜਾ ਰਹੀ ਹੈ ਕਿ ਇਹ ਵਿਅਕਤੀ ਸ਼ਰਾਬ ਦੇ ਨਸ਼ੇ ਵਿੱਚ ਨਹਿਰ ਕਿਨਾਰੇ ਨਹਾਉਣ ਲਈ ਉਤਰਿਆ, ਕਿਉਂਕਿ ਉਸ ਨੇ ਆਪਣਾ ਪਜਾਮਾ ਉਤਾਰਿਆ ਹੋਇਆ ਸੀ। ]

ਨਸ਼ੇ ਕਾਰਨ ਇਹ ਨਹਿਰ ਕਿਨਾਰੇ ਡਿੱਗ ਪਿਆ, ਜਿਸ ਨੂੰ ਰਾਤ ਵੇਲੇ ਕੁੱਤਿਆਂ ਨੇ ਨੋਚ ਕੇ ਖਾ ਲਿਆ। ਪੁਲਸ ਨੇ ਇਸ ਦੀ ਲਾਸ਼ ਫਿਲਹਾਲ 72 ਘੰਟੇ ਲਈ ਮੋਰਚਰੀ ਵਿੱਚ ਰਖਵਾ ਦਿੱਤੀ ਹੈ ਤੇ ਆਸ-ਪਾਸ ਇਲਾਕਿਆਂ ਵਿੱਚ ਇਸ ਬਾਰੇ ਸੂਚਨਾ ਦਿੱਤੀ ਗਈ ਹੈ ਤਾਂ ਜੋ ਇਸ ਦੀ ਕੋਈ ਪਹਿਚਾਣ ਹੋ ਸਕੇ।

# ਅਸੀਂ ਆਪਣੀ ਜੀਵਨ ਸ਼ੈਲੀ ਦਾ ਧਿਆਨ ਰੱਖ ਕੇ ਹੱਡੀਆਂ ਦੇ ਰੋਗਾਂ ਤੋਂ ਬਚ ਸਕਦੇ ਹਾਂ : ਡਾ: ਗੋਇਲ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸੁਰਿੰਦਰਾ ਮਲਟੀਸਪੈਸ਼ਲਿਟੀ ਤੇ ਟਰਾਮਾ ਸੈਂਟਰ ਦੇ ਮੁਖੀ ਡਾ: ਲਵਿਤ ਗੋਇਲ ਨੇ ਕਿਹਾ ਕਿ ਜ਼ਿਆਦਾਤਰ ਹੱਡੀਆਂ ਦੀਆਂ ਬਿਮਾਰੀਆਂ ਤੇ ਸਮੱਸਿਆਵਾਂ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਬੈਠਣ ਦੀਆਂ ਆਦਤਾਂ ਕਾਰਨ ਹੁੰਦੀਆਂ ਹਨ। ਸਿਟੀ ਮੀਡੀਆ ਪ੍ਰੈੱਸ ਕਲੱਬ ਦੇ ਇੱਕ ਵਿਸ਼ੇਸ਼ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਸਨ।ਅਰਬਨ ਕ੍ਰੇਵ ਵਿਖੇ ਕਰਵਾਏ ਇਸ ਸਮਾਗਮ ਵਿੱਚ ਡਾ. ਗੋਇਲ ਨੇ ਦੱਸਿਆ ਕਿ ਗੋਡਿਆਂ ਦੀ ਤਬਦੀਲੀ ਤੋਂ ਲੈ ਕੇ ਆਰਥੋ ਸਬੰਧੀ ਹਰ ਇਲਾਜ ਤੇ ਆਪ੍ਰੇਸ਼ਨ ਉਨ੍ਹਾਂ ਦੇ ਹਸਪਤਾਲ ਵਿੱਚ ਕੀਤਾ ਜਾਂਦਾ ਹੈ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸਿਟੀ ਮੀਡੀਆ ਪ੍ਰੈੱਸ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਨੇ ਡਾ: ਲਵਿਤ ਬਾਂਸਲ ਵੱਲੋਂ ਦਿੱਤੀ ਜਾਣਕਾਰੀ ਦੀ ਸ਼ਲਾਘਾ ਕਰਦਿਆਂ ਇਸ ਨੂੰ ਜੀਵਨ ਲਈ ਲਾਹੇਵੰਦ ਦੱਸਿਆ। ਤਰੁਣ ਬਾਂਸਲ ਨੇ ਕਲੱਬ ਮੈਂਬਰਾਂ ਨੂੰ ਸਮੇਂ ਦੇ ਪਾਬੰਦ ਰਹਿਣ, ਕਲੱਬ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਤੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਵਿੱਚ ਡਾ: ਲਵਿਤ ਗੋਇਲ ਦੇ ਨਾਲ-ਨਾਲ ਪ੍ਰੋਫੈਸਰ ਅੰਕੁਸ਼, ਰਾਕੇਸ਼ ਜੈਨ, ਰਜਨੀਸ਼ ਚੀਮਾ ਨੂੰ ਸਨਮਾਨਤ ਕੀਤਾ ਗਿਆ। ਕਲੱਬ ਮੈਂਬਰ ਮੰਗਤ ਰਾਏ ਮੋਨੂੰ ਦਾ ਜਨਮ ਦਿਨ ਵੀ ਮਨਾਇਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੈਬ ਸਿੰਘ ਮੋਰਾਂਵਾਲੀ, ਭਗਵੰਤ ਸਿੰਘ ਚੰਦੜ, ਕਰਮ ਸਿੰਘ ਬਿੰਦ, ਡਾ: ਭਾਰਤ ਭੂਸ਼ਣ ਚਾਵਲਾ, ਰਮੇਸ਼ ਗਰਗ, ਅਰੁਣ ਬਾਂਸਲ, ਵਰੁਣ ਬਾਂਸਲ, ਅੰਸ਼ੂ ਡੋਗਰਾ, ਅਸ਼ੋਕ ਕੁਮਾਰ, ਦਿਗਵਿਜੇ ਕਲਿਆਣ, ਪਰਦੀਪ ਕੁਮਾਰ, ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ, ਅਭਿਸ਼ੇਕ ਜਿੰਦਲ, ਕੁਲਦੀਪ ਸਿੰਘ, ਰਾਜੂ ਸਿੰਗਲਾ ਤੇ ਆਰ ਐੱਨ ਕਾਂਸਲ ਹਾਜ਼ਰ ਸਨ।

# ਸਾਂਝ ਗਲੋਬਲ ਫਾਊਂਡੇਸ਼ਨ ਵੱਲੋਂ ਖ਼ੂਨਦਾਨ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਮਾਜ ਸੇਵੀ ਸੰਸਥਾ ਸਾਂਝ ਗਲੋਬਲ ਫਾਊਂਡੇਸ਼ਨ ਤੇ ਬੱਤਰਾ ਅਕੈਡਮੀ ਟਿੱਬਾ ਬਸਤੀ ਪਾਤੜਾਂ ਵੱਲੋਂ ਸਾਂਝੇ ਤੌਰ 'ਤੇ ਖ਼ੂਨਦਾਨ ਕੈਂਪ ਲਗਾਇਆ ਗਿਆ।ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਇੰਸਪੈਕਟਰ ਵਿਨੋਦ ਕੁਮਾਰ ਵੱਲੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਪਟਿਆਲਾ ਤੋਂ ਕਪਿਸਥਲ ਬਲੱਡ ਬੈਂਕ ਪਟਿਆਲਾ ਦੀ ਟੀਮ ਵੱਲੋਂ ਲੱਗਭੱਗ 35 ਤੋਂ ਵੱਧ ਸਵੈ-ਇੱਛਕ ਖ਼ੂਨਦਾਨੀਆਂ ਵੱਲੋਂ ਦਾਨ ਕੀਤਾ ਗਿਆ ਖ਼ੂਨ ਇਕੱਤਰ ਕੀਤਾ ਗਿਆ।ਸਾਂਝ ਗਲੋਬਲ ਫਾਊਂਡੇਸ਼ਨ ਆਗੂ ਗੁਰਪਿਆਰ ਸਿੰਘ ਦਿਉਗੜ੍ਹ ਨੇ ਦੱਸਿਆ ਕਿ ਜ਼ਿਆਦਾ ਗਰਮੀ ਹੋਣ ਦੇ ਕਾਰਨ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਘਾਟ ਆਉਣ ਨੂੰ ਧਿਆਨ ਵਿੱਚ ਰੱਖਦਿਆਂ ਐਮਰਜੈਂਸੀ ਕੈਂਪ ਲਗਾਇਆ ਗਿਆ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਿਹਤਮੰਦ ਨੌਜਵਾਨਾਂ ਨੂੰ ਖ਼ੂਨ ਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਖ਼ੂਨ ਦੀ ਘਾਟ ਕਾਰਨ ਕਿਸੇ ਵੀ ਵਿਅਕਤੀ ਨੂੰ ਆਪਣੀ ਕੀਮਤੀ ਜਾਨ ਨਾ ਗਵਾਉਣੀ ਪਵੇ।ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਜਤਿਨ ਬੱਤਰਾ ਤੇ ਉਨ੍ਹਾਂ ਦੇ ਸਿਖਿਆਰਥੀਆਂ ਵੱਲ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਬੰਗੇ, ਅਤੁਲ ਹਨੀ, ਗੁਰਮੀਤ ਸਿੰਘ, ਨਿਰਮਲ ਨਿਆਲ, ਹਰਦੀਪ ਡੀਪੀ, ਪ੍ਰੋਫੈਸਰ ਪ੍ਰਭਜੋਤ ਸਿੰਘ, ਧੰਨਾ ਸਿੰਘ, ਪ੍ਰੇਮ ਦਿਉਗੜ੍ਹ, ਕਬੱਡੀ ਖਿਡਾਰੀ ਨਿੱਕਾ ਦਿਉਗੜ੍ਹ, ਮਨਦੀਪ ਸਿੰਘ, ਸਿਉਪਾਲ ਸ਼ੁਤਰਾਣਾ, ਕਸ਼ਮੀਰ ਅਵਤਾਰਾਂ ਆਦਿ ਹਾਜ਼ਰ ਸਨ।

# ਮਾਲਵਾ ਕਲੱਬ ਵੱਲੋਂ 'ਇੱਕ ਰੁੱਖ ਮਾਂ ਕੇ ਨਾਮ' ਤਹਿਤ ਪੌਦਿਆਂ ਦਾ ਲੰਗਰ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਮਾਲਵਾ ਵੈੱਲਫੇਅਰ ਕਲੱਬ ਤਲਵੰਡੀ ਸਾਬੋ ਵੱਲੋਂ ਵਾਤਾਵਰਣ ਦੀ ਸੁਰੱਖਿਆ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਦੇ ਉਦੇਸ਼ ਨਾਲ ਭਾਰਤ ਸਰਕਾਰ ਦੀ ਮੁਹਿੰਮ 'ਇਕ ਰੁੱਖ ਮਾਂ ਕੇ ਨਾਮ' ਤਹਿਤ ਰੁੱਖ ਲਗਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਕੇ ਪੌਦਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਕਲੱਬ ਪ੍ਰਧਾਨ ਵਿਕਾਸ ਸਿੰਗਲਾ ਨੇ ਵਾਤਾਵਰਨ ਸੰਭਾਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਵਾਤਾਵਰਨ ਦੀ ਸੰਭਾਲ ਅਜੋਕੇ ਸਮੇਂ ਦੀ ਵੱਡੀ ਲੋੜ ਹੈ ਤੇ ਬੂਟਿਆਂ ਰਾਹੀਂ ਹੀ ਵਾਤਾਵਰਨ ਨੂੰ ਸੁਰੱਖਿਤ ਰੱਖਿਆ ਜਾ ਸਕਦਾ ਹੈ।ਇਨ੍ਹਾਂ ਬੂਟਿਆਂ ਰਾਹੀਂ ਹੀ ਗਲੋਬਲ ਵਾਰਮਿੰਗ ਵਰਗੇ ਖ਼ਤਰੇ ਤੋਂ ਬਚਿਆ ਜਾ ਸਕਦਾ ਹੈ।ਕਲੱਬ ਸਰਪਰਸਤ ਅੰਮ੍ਰਿਤਪਾਲ ਸਿੰਘ ਬਰਾੜ ਤੇ ਚੇਅਰਮੈਨ ਸ਼ੇਖ਼ਰ ਤਲਵੰਡੀ ਵੱਲੋਂ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ 'ਇੱਕ ਰੁੱਖ ਮਾਂ ਦੇ ਨਾਮ' ਮੁਹਿੰਮ ਵਿੱਚ ਆਪਣੀ ਮਾਂ ਦੇ ਨਾਮ 'ਤੇ ਇੱਕ ਬੂਟਾ ਲਗਾਉਣ ਤੇ ਧਰਤੀ ਮਾਤਾ ਦੀ ਸੇਵਾ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਕਲੱਬ ਸਕੱਤਰ ਗਗਨਦੀਪ ਹੈਪੀ, ਖਜ਼ਾਨਚੀ ਮਨਦੀਪ ਸਿੰਘ ਧਾਲੀਵਾਲ ਨੇ ਰੁੱਖ ਲਗਾਉਣ ਦੀ ਮੁਹਿੰਮ ਨੂੰ ਸਮਾਜਿਕ ਲਹਿਰ ਦੱਸਦਿਆਂ ਕਿਹਾ ਕਿ ਕਲੱਬ ਸਮਾਜ ਭਲਾਈ ਲਈ ਕਈ ਕੰਮ ਕਰ ਰਿਹਾ ਹੈ।ਇਨ੍ਹਾਂ ਵਿੱਚ ਵਾਤਾਵਰਨ ਦੀ ਸੁਰੱਖਿਆ ਲਈ ਰੁੱਖ ਲਗਾਉਣ ਦੀ ਮੁਹਿੰਮ ਵੀ ਸ਼ਾਮਲ ਹੈ।ਕਲੱਬ ਮੈਂਬਰ ਅਰਸ਼ਦੀਪ ਸਿੰਘ ਗਿੱਲ ਤੇ ਜਗਨਦੀਪ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ 'ਇੱਕ ਰੁੱਖ ਮਾਂ ਦੇ ਨਾਮ' ਸਕੀਮ ਤਹਿਤ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਉਣ।ਇਸ ਮੌਕੇ ਕਲੱਬ ਦੇ ਮੈਂਬਰ ਅਮਨਦੀਪ ਸਿੰਘ ਤੇ ਸੁਖਵਿੰਦਰ ਸਿੰਘ ਵੱਲੋਂ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਅਤੇ ਨਾਲ-ਨਾਲ ਕਲੱਬ ਮੈਂਬਰ ਹਰਬੰਸ ਸਿੰਘ, ਚਮਨ ਲਾਲ, ਰਜਤ ਕੁਮਾਰ, ਸ਼ੁਭਦੀਪ ਸਿੰਘ, ਵਿਜੇਪਾਲ ਚੌਧਰੀ, ਰਾਜਿੰਦਰ ਚੱਠਾ, ਰਾਜੀਵ ਜਿੰਦਲ ਵੀ ਪ੍ਰੋਗਰਾਮ ਵਿੱਚ ਹਾਜ਼ਰ ਸਨ।

# ਵਿਦਿਆਰਥੀਆਂ ਦੇ ਮਾਪੇ ਐੱਸ ਐੱਸ ਪੀ ਤੇ ਡੀ ਈ ਓ ਨੂੰ ਮਿਲੇ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖ਼ੋਰਾ ਕਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪੇ ਪਿਛਲੇ ਦਿਨੀਂ ਇਸ ਸਕੂਲ ਦੇ ਇੰਚਾਰਜ ਅਧਿਆਪਕ ਧਰਮਵੀਰ ਸੈਨੀ ਦੁਆਰਾ ਕੀਤੀ ਗਈ ਖ਼ੁਦਕੁਸ਼ੀ ਤੇ ਇਸ ਕੇਸ ਵਿੱਚ ਸਕੂਲ ਦੇ ਚਾਰ ਅਧਿਆਪਕਾਂ ਨੂੰ ਨਾਮਜ਼ਦ ਕਰਨ ਦੇ ਮਾਮਲੇ ਸਬੰਧੀ ਐੱਸ.ਐੱਸ.ਪੀ. ਸੰਗਰੂਰ ਸ੍ਰੀ ਸਰਤਾਜ ਸਿੰਘ ਚਾਹਲ ਤੇ ਡਿਪਟੀ ਡੀ.ਈ.ਓ. (ਸੈ.ਸਿੱ.) ਸੰਗਰੂਰ ਸ੍ਰੀ ਪ੍ਰੀਤਇੰਦਰ ਘਈ ਨੂੰ ਮਿਲੇ।ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ ਲਿਖਤੀ ਦਰਖ਼ਾਸਤ ਤੇ ਗੱਲਬਾਤ ਰਾਹੀਂ ਐੱਸ.ਐੱਸ.ਪੀ. ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਸ ਸਕੂਲ ਵਿੱਚ ਬਖ਼ੋਰਾ ਕਲਾਂ, ਬਖ਼ੋਰਾ ਖੁਰਦ, ਗੁਰਨੇ ਕਲਾਂ, ਗੁਰਨੇ ਖੁਰਦ ਸਮੇਤ ਇਲਾਕੇ ਦੇ ਹੋਰ ਵੀ ਕਈ ਪਿੰਡਾਂ ਦੇ ਵਿਦਿਆਰਥੀ ਪੜ੍ਹਦੇ ਹਨ ਤੇ ਇਲਾਕੇ ਵਿੱਚ ਇਸ ਸਕੂਲ ਦਾ ਚੰਗਾ ਨਾਂ ਹੈ।ਸ੍ਰੀ ਧਰਮਵੀਰ ਦੁਆਰਾ ਖ਼ੁਦਕੁਸ਼ੀ ਕੀਤੇ ਜਾਣ ਦੀ ਘਟਨਾ ਬੇਹੱਦ ਮੰਦਭਾਗੀ ਹੈ, ਪ੍ਰੰਤੂ ਇਸ ਕੇਸ ਵਿੱਚ ਨਾਮਜ਼ਦ ਸਕੂਲ ਦੇ ਚਾਰ ਅਧਿਆਪਕ ਹਰਭਗਵਾਨ ਸਿੰਘ, ਮੇਘ ਰਾਜ, ਸਤਵੰਤ ਸਿੰਘ ਤੇ ਵਿਨੋਦ ਕੁਮਾਰ ਬਹੁਤ ਹੀ ਮਿਹਨਤੀ, ਇਮਾਨਦਾਰ ਤੇ ਪੂਰੀ ਤਨਦੇਹੀ ਨਾਲ ਬੱਚਿਆਂ ਨੂੰ ਪੜ੍ਹਾਉਣ ਵਾਲੇ ਹਨ ਅਤੇ ਉਨ੍ਹਾਂ ਦਾ ਇਲਾਕੇ ਵਿੱਚ ਮਾਣ-ਸਨਮਾਨ ਹੈ।ਇਨ੍ਹਾਂ ਚਾਰਾਂ ਅਧਿਆਪਕਾਂ ਬਾਰੇ ਇਲਾਕੇ ਦੇ ਲੋਕਾਂ ਨੇ ਕਦੇ ਕੋਈ ਮਾੜੀ ਗੱਲ ਨਹੀਂ ਸੁਣੀ ਤੇ ਨਾ ਹੀ ਇੰਚਾਰਜ ਅਧਿਆਪਕ ਨਾਲ ਲੜਾਈ ਝਗੜੇ ਦੀ ਕੋਈ ਗੱਲ ਸੁਣੀ ਜਾਂ ਦੇਖੀ ਹੈ।ਇਸ ਲਈ ਇਸ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾਵੇ ਤੇ ਪੜਤਾਲ ਦੇ ਸਮੇਂ ਦੌਰਾਨ ਇਨ੍ਹਾਂ ਅਧਿਆਪਕਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ ਤਾਂ ਕਿ ਇਹ ਅਧਿਆਪਕ ਸਕੂਲ ਆ ਕੇ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਡਰ ਦੇ ਪੜ੍ਹਾ ਸਕਣ।ਉਨ੍ਹਾਂ ਕਿਹਾ ਕਿ ਇਨ੍ਹਾਂ ਅਧਿਆਪਕਾਂ ਦੇ ਸਕੂਲ ਨਾ ਆਉਣ ਨਾਲ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਬੱਚੇ ਮਾਨਸਿਕ ਤੌਰ 'ਤੇ ਪੀੜਤ ਹੋਏ ਹਨ, ਕਿਉਂਕਿ ਇਨ੍ਹਾਂ ਅਧਿਆਪਕਾਂ ਦਾ ਬੱਚਿਆਂ ਨਾਲ ਬਹੁਤ ਲਗਾਓ ਹੈ। ਐੱਸ.ਐੱਸ.ਪੀ. ਨੇ ਭਰੋਸਾ ਦਿੱਤਾ ਕਿ ਉਹ ਜ਼ਰੂਰ ਉਨ੍ਹਾਂ ਦੀਆਂ ਗੱਲਾਂ ਧਿਆਨ ਵਿੱਚ ਰੱਖਣਗੇ ਤੇ ਇਸ ਮਾਮਲੇ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਵਾਉਣਗੇ ਅਤੇ ਕਿਸੇ ਨਾਲ ਵੀ ਵਧੀਕੀ ਨਹੀਂ ਕੀਤੀ ਜਾਵੇਗੀ।

ਸਤਨਾਮ ਸਿੰਘ ਨੇ ਦੱਸਿਆ ਕਿ ਡਿਪਟੀ ਡੀ.ਈ.ਓ. ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਵੀ ਦਰਖ਼ਾਸਤ ਭੇਜੀ ਗਈ, ਜਿਸ ਵਿੱਚ ਉਕਤ ਤੱਥਾਂ ਦਾ ਜ਼ਿਕਰ ਕੀਤਾ ਗਿਆ।ਡਿਪਟੀ ਡੀ.ਈ.ਓ. ਨੇ ਵੀ ਵਿਦਿਆਰਥੀਆਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨ ਦਾ ਅਤੇ ਇਸ ਮਸਲੇ ਸਬੰਧੀ ਉਨ੍ਹਾਂ ਦੀ ਦਰਖ਼ਾਸਤ ਮੁੱਖ ਮੰਤਰੀ ਸਾਹਿਬ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ, ਇਲਾਕਾ ਨਿਵਾਸੀ ਤੇ ਪਤਵੰਤੇ ਮੌਜੂਦ ਸਨ।

# ਸੰਧਵਾਂ ਨੇ ਸਾਵਨ ਝੂਲਾ ਉਤਸਵ ਸਮਾਰੋਹ 'ਚ ਕੀਤੀ ਸ਼ਿਰਕਤ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬੀਤੀ ਸ਼ਾਮ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਭਗਵਾਨ ਸ੍ਰੀ ਪਰਸ਼ੂਰਾਮ ਮੰਦਿਰ ਤੇ ਸ੍ਰੀ ਵਿਅੰਕਟੇਸ਼ਵਰ ਧਾਮ ਵਾਟਰ ਵਰਕਸ ਰੋਡ ਫਰੀਦਕੋਟ ਵਿਖੇ ਸਾਵਨ ਝੂਲਾ ਉਤਸਵ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ ਤੇ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਝੂਲਾ ਝੁਲਾਇਆ।ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਪੀਕਰ ਸ੍ਰ. ਸੰਧਵਾਂ ਨੇ ਕਿ ਉਹ ਹਰੇਕ ਧਰਮ ਦਾ ਸਨਮਾਨ ਕਰਦੇ ਹਨ। ਉਨ੍ਹਾਂ ਧਾਮ ਵੱਲੋਂ ਕੀਤੇ ਜਾਂਦੇ ਸਮਾਜਿਕ ਕੰਮਾਂ ਦੀ ਵੀ ਸਰਾਹਰਨਾ ਕੀਤੀ ਅਤੇ ਧਾਮ ਵੱਲੋਂ ਕੁੜੀਆਂ ਨੂੰ ਮੁਫ਼ਤ ਸਿਲਾਈ ਸਿਖਾਉਣ ਦੇ ਕੰਮ ਦੀ ਪ੍ਰਸ਼ੰਸਾ ਕੀਤੀ।ਉਨ੍ਹਾਂ ਸਿਲਾਈ ਦਾ ਕੰਮ ਸਿੱਖ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਨਾਲ ਸਨਮਾਨਤ ਤੇ ਧਾਮ ਵੱਲੋਂ ਦਿੱਤੀਆਂ ਗਈਆਂ ਸਿਲਾਈ ਮਸ਼ੀਨਾਂ ਦੀ ਵੰਡ ਵੀ ਕੀਤੀ।ਇਸ ਮੌਕੇ ਉਨ੍ਹਾਂ 31 ਹਜ਼ਾਰ ਰੁਪਏ ਮੰਦਰ ਨੂੰ ਭੇਟ ਕੀਤੇ।

# ਕੈਬਨਿਟ ਮੰਤਰੀ ਖੁੱਡੀਆਂ ਵੱਲੋਂ ਅਪਗ੍ਰੇਡ ਕੀਤੇ ਸਿਵਲ ਪਸ਼ੂ ਹਸਪਤਾਲ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੇਜ਼ਬਾਨ ਪਸ਼ੂਆਂ ਦੀ ਭਲਾਈ ਲਈ ਬਚਨਵੱਧ ਹੈ ਤੇ ਇਨ੍ਹਾਂ ਪਸ਼ੂਆਂ ਦੇ ਇਲਾਜ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਹ ਐਲਾਨ .ਗੁਰਮੀਤ ਸਿੰਘ ਖੁੱਡੀਆਂ ਪਸ਼ੂ ਪਾਲਣ ਮੰਤਰੀ ਪੰਜਾਬ ਨੇ ਪਿੰਡ ਖੁੱਡੀਆਂ ਵਿਖੇ ਪਸ਼ੂ ਹਸਪਤਾਲ ਦੇ ਅੱਪਗਰੇਡ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾ ਕਿਹਾ ਕਿ ਇਸ ਪਸ਼ੂ ਹਸਪਤਾਲ ਦੇ ਅੱਪਗ੍ਰੇਡ ਕਰਨ ਨਾਲ ਲੱਗਦੇ ਪਿੰਡ ਚੰਨੂ, ਖੁੱਡੀਆਂ ਗੁਲਾਬ ਸਿੰਘ, ਆਧਨੀਆਂ, ਖੁੱਡੀਆਂ ਮਹਾਂ ਸਿੰਘ ਤੋਂ ਇਲਾਵਾ ਨੇੜੇ ਦੇ ਪਸ਼ੂ ਪਾਲਕਾਂ ਨੂੰ ਬਹੁਤ ਫਾਇਦਾ ਹੋਵੇਗਾ।ਉਨ੍ਹਾ ਕਿਹਾ ਕਿ ਇਸ ਪਸ਼ੂ ਹਸਪਤਾਲ ਵਿੱਚ ਸਰਕਾਰ ਵੱਲੋਂ ਸਾਰੀਆਂ ਬੁਨਿਆਦੀ ਸਹੂਲਤ ਉਪਲੱਧ ਕਰਵਾਈਆਂ ਗਈਆਂ ਹਨ ਤੇ ਇਥੇ ਪਸ਼ੂਆਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਕਿਸਾਨਾਂ ਨੂੰ ਪਸ਼ੂ ਪਾਲਣ ਦੇ ਕਿੱਤੇ ਨਾਲ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਲਈ ਸਰਕਾਰ ਹਰ ਸੰਭਵ ਮਦਦ ਦਿੰਦੀ ਹੈ।ਉਨ੍ਹਾ ਦੱਸਿਆ ਕਿ ਵਿਭਾਗ ਵੱਲੋਂ 300 ਨਵੇਂ ਵੈਟਰਨਰੀ ਅਫਸਰਾਂ ਦੀ ਭਰਤੀ ਜਲਦ ਕੀਤੀ ਜਾ ਰਹੀ ਹੈ।ਇਸ ਤੋਂ ਬਿਨਾਂ ਉਨ੍ਹਾ ਇਹ ਵੀ ਦੱਸਿਆ ਕਿ ਵੈਟਰਨਰੀ ਡਾਕਟਰਾਂ ਦੀ ਰਜਿਸਟਰੇਸ਼ਨ ਦੇ ਕੰਮ ਨੂੰ ਵੀ ਆਨਲਾਈਨ ਕਰਕੇ ਸੁਖਾਲਾ ਕੀਤਾ ਗਿਆ ਹੈ।

# ਜ਼ਹਿਰੀਲੀ ਵਸਤੂ ਖਾਣ ਨਾਲ ਵਿਅਕਤੀ ਦੀ ਮੌਤ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਹੰਬੋਵਾਲ ਬੇਟ ਵਿਖੇ ਕਮਲਜੀਤ ਸਿੰਘ (35) ਦੀ ਕੋਈ ਜ਼ਹਿਰੀਲੀ ਵਸਤੂ ਖਾਣ ਕਾਰਨ ਮੌਤ ਹੋ ਗਈ। ਮ੍ਰਿਤਕ ਦੇ ਚਾਚਾ ਨਿਰਮਲ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਕਮਲਜੀਤ ਸਿੰਘ ਟਰੱਕ ਡਰਾਇਵਰੀ ਕਰਦਾ ਸੀ ਜੋ ਕਿ ਕਾਲੇ ਪੀਲੀਏ ਦੀ ਬਿਮਾਰੀ ਤੋਂ ਪੀੜਤ ਸੀ। ਲੰਘੀ 8 ਜੁਲਾਈ ਨੂੰ ਉਸ ਨੇ ਘਰ ਵਿੱਚ ਪਈ ਕੋਈ ਚੀਜ਼ ਖਾ ਲਈ, ਜਿਸ ਕਾਰਨ ਉਸ ਨੂੰ ਉਲਟੀਆਂ ਲੱਗ ਗਈਆਂ, ਜਿਸ ਕਾਰਨ ਉਸ ਨੂੰ ਚੰਡੀਗੜ੍ਹ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਉੱਥੇ ਇਲਾਜ ਦੌਰਾਨ ਬੀਤੀ ਰਾਤ ਕਮਲਜੀਤ ਸਿੰਘ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ ਉਸ ਦੀ ਮੌਤ ਕਾਲਾ ਪੀਲੀਏ ਤੇ ਸਰੀਰ ਵਿੱਚ ਜ਼ਹਿਰ ਫੈਲਣ ਕਾਰਨ ਹੋਈ ਹੈ, ਜਿਸ ਵਿੱਚ ਕਿਸੇ ਦਾ ਕੋਈ ਕਸੂਰ ਨਹੀਂ।

ਪੁਲਸ ਵੱਲੋਂ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆ ਕੇ ਲਾਸ਼ ਦਾ ਪੋਸਟ ਮਾਰਟਮ ਕਰਵਾਉਣ ਲਈ ਭੇਜ ਦਿੱਤਾ ਹੈ।

# ਸਬ-ਸਟੇਸ਼ਨ ਸਟਾਫ ਤਾਲਮੇਲ ਸੰਘਰਸ਼ ਕਮੇਟੀ ਵੱਲੋਂ ਭਖਦੇ ਮਸਲਿਆਂ 'ਤੇ ਵਿਚਾਰਾਂ

## ਹੱਕੀ ਮੰਗਾਂ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ : ਆਗੂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ ਸਬ ਸਟੇਸ਼ਨ ਸਟਾਫ ਤਾਲਮੇਲ ਸੰਘਰਸ਼ ਕਮੇਟੀ ਦੀ ਇੱਕ ਅਹਿਮ ਮੀਟਿੰਗ ਸਬ ਸਟੇਸ਼ਨ ਹੁਸਨਰ ਵਿਖੇ ਪ੍ਰਧਾਨ ਨਵਦੀਪ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿੱਚ ਸਬ ਸਟੇਸ਼ਨਾਂ ਦੇ ਭੱਖਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਅਪ੍ਰੈਲ 2023 ਤੋਂ ਕਰਮਚਾਰੀਆਂ ਦੇ ਬਕਾਇਆ ਓਵਰ ਟਾਈਮ ਦੇ ਮਸਲੇ ਸਬੰਧੀ ਵਿਭਾਗ ਵੱਲੋਂ ਕੀਤੀ ਜਾ ਰਹੀ ਟਾਲ ਮਟੋਲ ਲਈ ਅਗਲੇ ਸੰਘਰਸ਼ ਦੀ ਵਿਉਂਤਬੰਦੀ ਵੀ ਕੀਤੀ ਗਈ। ਇਸ ਮੌਕੇ ਪ੍ਰਧਾਨ ਨਵਦੀਪ ਸਿੰਘ ਸਕੱਤਰ, ਰਜਨੀਸ਼ ਮੱਕੜ ਤੇ ਮੀਤ ਪ੍ਰਧਾਨ ਵਰਿੰਦਰ ਸਿੰਘ ਤੋਂ ਇਲਾਵਾ ਬੁਲਾਰਿਆਂ ਨੇ ਦੱਸਿਆ ਕਿ ਆਪਣੀਆਂ ਹੱਕੀ ਮੰਗਾਂ ਲਈ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਆਗੂਆਂ ਵੱਲੋਂ ਮਸਲਿਆਂ ਸਬੰਧੀ ਮੈਨੇਜਮੈਂਟ ਤੇ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸ੍ਰੀ ਮੁਕਤਸਰ ਸਾਹਿਬ ਨਾਲ ਮੀਟਿੰਗ ਕਰਨ ਉਪਰੰਤ ਮਸਲਿਆਂ ਦਾ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਰਮੇਸ਼ਵਰ ਸਿੰਘ ਸਾਬਕਾ ਸਕੱਤਰ ਤਾਲਮੇਲ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਸਤਪਾਲ ਕਾਨੂੰਨ ਨੇ ਸਲਾਹਕਾਰ ਵੱਲੋਂ ਮੀਟਿੰਗ ਵਿੱਚ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੈੱਸ ਸਕੱਤਰ ਬਲਦੇਵ ਸਿੰਘ ਛੱਤਿਆਣਾ, ਨੌਨਿਹਾਲ ਸਿੰਘ, ਕੁਲਵਿੰਦਰ ਸਿੰਘ, ਰਮੇਸ਼ ਗੋਇਲ, ਲਖਵਿੰਦਰ ਸਿੰਘ, ਗੁਰਦਰਸ਼ਨ ਸਿੰਘ ਆਦਿ ਹਾਜ਼ਰ ਸਨ।

# ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੇ ਬੱਚੇ ਚੈੱਸ, ਬੈਡਮਿੰਟਨ ਤੇ ਸਕਿਪਿੰਗ ਰੋਪ 'ਚ ਅੱਵਲ




**ਜਗਰਾਓਂ (ਅਮਿਤ ਖੰਨਾ)**-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਨੇ ਡੀ.ਏ.ਵੀ. ਨੈਸ਼ਨਲ ਸਪੋਰਟਸ ਦੇ ਕਲਸਟਰ ਲੈਵਲ ਵਿੱਚ ਚੈੱਸ ਅੰਡਰ-17 ਮੁੰਡਿਆਂ ਵਿੱਚ ਰੁਸਲ ਗਰਗ, ਆਸਮਨ ਸਿੰਘ, ਭੱਵਿਆ ਬਾਂਸਲ ਤੇ ਅਗਮਪ੍ਰੀਤ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬੈਡਮਿੰਟਨ ਅੰਡਰ-17 ਕੁੜੀਆਂ ਦੀ ਟੀਮ ਵਿੱਚ ਦਿਕਸ਼ਤਾ, ਦਿਵਾਂਸ਼ੀ, ਮੰਨਤਪ੍ਰੀਤ ਕੌਰ ਤੇ ਜਾਨਵੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਸਕਿਪਿੰਗ ਰੋਪ ਅੰਡਰ-14 ਵਿੱਚ ਸਿਧਾਰਥ ਜੈਨ, ਅਰਜੁਨ ਜੈਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਸਮੀਰ ਚਿਰਨਜੀਵ ਤੇ ਦੀਕਸ਼ਾਂਤ ਗੋਇਲ ਨੇ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਆਉਣ 'ਤੇ ਪ੍ਰਿੰਸੀਪਲ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਜਿੱਤਣ ਉੱਤੇ ਵਧਾਈ ਦਿੱਤੀ ਗਈ। ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਟਰਾਫੀ ਦਿੰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਵਾਂਗ ਅੱਗੇ ਵਧਣ ਤੇ ਵੱਧ ਤੋਂ ਵੱਧ ਖੇਡਾਂ ਵਿੱਚ ਭਾਗੀਦਾਰੀ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਬਿਜਲੀ ਕਰਮਚਾਰੀਆਂ 'ਤੇ ਹਮਲੇ ਦੀ ਨਿੰਦਾ



**ਬਰੇਟਾ (ਗੀਤਵਾਲ)**-ਸਥਾਨਕ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵਿੱਚ ਕੰਮ ਕਰਦੀਆਂ ਸਮੂਹ ਜਥੇਬੰਦੀਆਂ ਦੀ ਸਾਂਝੀ ਮੀਟਿੰਗ 66 ਕੇਵੀ ਗਰਿੱਡ ਵਿਖੇ ਕੀਤੀ ਗਈ, ਜਿਸ ਵਿੱਚ ਸਮੂਹ ਕਰਮਚਾਰੀਆਂ ਨੇ ਭਾਗ ਲਿਆ।ਮੀਟਿੰਗ ਵਿੱਚ ਬੀਤੇ ਦਿਨੀਂ ਪਿੰਡ ਜੁਗਲਾਣ ਵਿਖੇ ਬਿਜਲੀ ਕਰਮਚਾਰੀਆਂ 'ਤੇ ਕੁਝ ਗੁੰਡਾ ਅਨਸਰਾਂ ਵੱਲੋਂ ਕੀਤੇ ਹਮਲੇ ਦੀ ਨਿਖੇਧੀ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪਿੰਡ ਜੁਗਲਾਣ ਵਿਖੇ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਚੈਕਿੰਗ ਕਰਨ ਗਈ ਟੀਮ 'ਤੇ ਪਿੰਡ ਦੇ ਹੀ ਕੁਝ ਸ਼ਰਾਰਤੀ ਅਨਸਰਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਮੁਬਾਇਲ ਖੋਹ ਲਏ ਅਤੇ ਚੈਕਿੰਗ ਰਜਿਸਟਰ ਨੂੰ ਪਾੜ ਦਿੱਤਾ। ਮਜਬੂਰ ਟੀਮ ਨੂੰ ਵਾਪਸ ਪਰਤਣਾ ਪਿਆ, ਜਿਸ ਸਬੰਧੀ ਉੱਪ ਮੰਡਲ ਅਫਸਰ ਵੱਲੋਂ ਸਥਾਨਕ ਥਾਣਾ ਮੁਖੀ ਨੂੰ ਕਾਰਵਾਈ ਸਬੰਧੀ ਮੰਗ ਪੱਤਰ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਅਜੇ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।ਉਨ੍ਹਾਂ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਦੋਸ਼ੀਆਂ ਖਿਲਾਫ ਬਣਦੀ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇ, ਨਹੀਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਰਣਜੀਤ ਕੁਮਾਰ, ਹਰਪ੍ਰੀਤ ਸਿੰਘ, ਜੇ ਈ ਭਾਨਾ ਸਿੰਘ, ਬਲਵੀਰ ਸਿੰਘ, ਸਤਗੁਰ ਸਿੰਘ, ਸੋਨੀ ਸਿੰਘ ਬਰੇਟਾ, ਤਰਸੇਮ ਸਿੰਘ ਕੁਲਰੀਆਂ, ਮੱਖਣ ਸਿੰਘ, ਸੀ ਐੱਚ ਬੀ ਪਵਨ ਕੁਮਾਰ, ਪ੍ਰਗਟ ਸਿੰਘ ਹਾਜ਼ਰ ਸਨ।

# ਪ੍ਰਾਇਮਰੀ ਸਕੂਲ ਅਰਾਈਆਂਵਾਲਾ 'ਚ ਸੀਨੀਅਰ ਸਿਟੀਜਨ ਨੇ ਪੌਦੇ ਲਗਾਏ

**ਜਲਾਲਾਬਾਦ (ਜੀਤ ਕੁਮਾਰ)**-ਹਰਿਆਲੀ ਲਿਆਉਣ ਦੇ ਉਦੇਸ਼ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਅਰਾਈਆਂਵਾਲਾ ਵਿਖੇ ਸੀਨੀਅਰ ਸਿਟੀਜਨ ਵੈੱਲਫੇਅਰ ਸੁਸਾਇਟੀ (ਰਜਿ.) ਜਲਾਲਾਬਾਦ ਵੱਲੋਂ ਛਾਂਦਾਰ, ਫਲਦਾਰ ਤੇ ਫੁੱਲਦਾਰ ਪੌਦੇ ਲਗਾਏ ਗਏ। ਇਸ ਮੌਕੇ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਸ਼ਿਰਕਤ ਕੀਤੀ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਤੇ ਵੱਡੇ ਹੋਣ ਤੱਕ ਸਾਂਭ ਸੰਭਾਲ ਕਰਨ ਲਈ ਬੱਚਿਆ ਨੂੰ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ਼ਗਨ ਲਾਲ, ਤਿਲਕ ਰਾਜ ਕੁਮਾਰ, ਚੇਅਰਮੈਨ ਦੇਵਰਾਜ ਸ਼ਰਮਾ, ਸੁਭਾਸ਼ ਕੁਮਾਰ, ਦਵਿੰਦਰ ਸਿੰਘ ਤੇ ਸਕੂਲ ਦੇ ਅਧਿਆਪਕ ਅੰਜੂ ਬਾਲਾ ਤੇ ਬੱਚੇ ਮੌਜੂਦ ਸਨ।



# ਧਰਮਪਾਲ ਜੋਸ਼ੀ ਬ੍ਰਾਹਮਣ ਸਭਾ ਦੇ 10ਵੀਂ ਵਾਰ ਪ੍ਰਧਾਨ ਬਣੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬ੍ਰਾਹਮਣ ਸਭਾ ਦੇ ਪ੍ਰਧਾਨ ਦੀ ਚੋਣ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ 'ਚ ਬਲਦੇਵ ਰਾਜ ਮੋਦਗਿੱਲ, ਜਗਦੀਸ਼ ਸ਼ਾਸਤਰੀ, ਜਗਦੀਸ਼ ਸ਼ਰਮਾ, ਵਰਿੰਦਰ ਪਾਠਕ, ਪ੍ਰੇਮ ਚੰਦ ਬਾਤਿਸ਼ ਦੀ ਨਿਯੁਕਤ ਕੀਤੀ ਗਈ ਸੀ।ਇਸ ਚੋਣ ਕਮੇਟੀ ਨੇ ਮੀਟਿੰਗ 'ਚ ਸਮੂਹ ਮੈਂਬਰਾਂ ਤੋਂ ਪ੍ਰਧਾਨਗੀ ਲਈ ਰਾਏ ਲਈ ਗਈ ਅਤੇ ਕੋਈ ਵੀ ਵਿਅਕਤੀ ਪ੍ਰਧਾਨ ਬਣਨ ਲਈ ਆਪਣਾ ਨਾਮ ਦੇ ਸਕਦਾ ਹੈ, ਪਰ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਧਰਮਪਾਲ ਜੋਸ਼ੀ ਨੂੰ 2024 ਤੋਂ 2026 ਤੱਕ ਪ੍ਰਧਾਨ ਚੁਣ ਲਿਆ ਗਿਆ।ਜੋਸ਼ੀ ਸਭਾ ਦੇ 10ਵੀਂ ਵਾਰ ਪ੍ਰਧਾਨ ਬਣੇ ਹਨ।ਇਸ ਮੀਟਿੰਗ 'ਚ ਸਕੱਤਰ ਗੁਰਦੀਪ ਸ਼ਰਮਾ, ਕੈਸ਼ੀਅਰ ਨਰੇਸ਼ ਸ਼ਰਮਾ, ਸਾਬਕਾ ਚੇਅਰਮੈਨ ਅਸ਼ੋਕ ਮੋਦਗਿੱਲ, ਤਜਿੰਦਰ ਸ਼ਰਮਾ ਮੱਖਣ, ਵਿਜੇ ਸ਼ਰਮਾ, ਗਗਨਦੀਪ ਪਾਠਕ, ਰਿਸ਼ਵ ਪਾਠਕ, ਗੁਰਪ੍ਰਸਾਦ ਸ਼ਰਮਾ, ਭੁਪਿੰਦਰ ਸ਼ਰਮਾ, ਲਲਿਤ ਸ਼ਰਮਾ, ਗੁਰਵਿੰਦਰ ਸ਼ਰਮਾ, ਚੈਨ ਰਾਮ, ਮੋਹਨ ਲਾਲ ਸ਼ਾਹਪੁਰ, ਪ੍ਰਿੰਸ ਸ਼ਰਮਾ, ਪ੍ਰਦੀਪ ਸ਼ਰਮਾ, ਵਿਜੇਇੰਦਰ ਸ਼ਰਮਾ, ਪ੍ਰਿਕਸ਼ਤ ਪਾਠਕ, ਤਰਸੇਮ ਸ਼ਰਮਾ, ਲੈਕਚਰਾਰ ਸੁਸ਼ੀਲ ਸ਼ਰਮਾ, ਰੁਲਦੂ ਰਾਮ ਭੱਟ, ਮਾਸਟਰ ਭੀਮ ਸ਼ਰਮਾ, ਅਸ਼ੋਕ ਸ਼ਰਮਾ, ਗੋਪਾਲ ਸ਼ਰਮਾ ਲੱਘੂ, ਕਰਮਜੀਤ ਸ਼ਰਮਾ ਮਰਦਾਂਹੇੜੀ, ਨਵਲ ਕਿਸ਼ੋਰ, ਭਿੰਦਰਪਾਲ ਸ਼ਰਮਾ, ਫੋਰਮੈਨ ਨਰਿੰਦਰ ਸ਼ਰਮਾ, ਯਤਿੰਦਰ ਸ਼ਰਮਾ ਮੌਜੂਦ ਸਨ।ਇਸ ਮੌਕੇ ਕੈਸ਼ੀਅਰ ਨਰੇਸ਼ ਸ਼ਰਮਾ ਨੂੰ ਵਧੀਆ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ।

# ਫੂਡ ਗਰੇਨ ਐਂਡ ਅਲਾਇਡ ਵਰਕਰ ਯੂਨੀਅਨ ਵੱਲੋਂ ਰੋਸ ਵਿਖਾਵਾ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਜੋ ਮਜ਼ਦੂਰ ਜਮਾਤ ਨਾਲ ਵਾਅਦੇ ਕੀਤੇ ਗਏ ਸਨ, ਉਨ੍ਹਾਂ ਵਾਅਦਿਆਂ ਨੂੰ ਪੂਰਾ ਨਾ ਕਰਨ ਦੇ ਵਿਰੋਧ 'ਚ ਫੂਡ ਗਰੇਨ ਐਂਡ ਅਲਾਈਡ ਵਰਕਰ ਯੂਨੀਅਨ ਦੇ ਆਗੂਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਪਾਲਿਸੀ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਫੂਡ ਗਰੇਨ ਐਂਡ ਅਲਾਇਡ ਵਰਕਰ ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਜੋ ਵਾਅਦੇ ਮਜ਼ਦੂਰ ਜਮਾਤ ਨਾਲ ਕੀਤੇ ਗਏ ਸਨ, ਉਹ ਇਸ ਪਾਲਿਸੀ ਵਿੱਚ ਨਹੀਂ ਹਨ।ਇਸ ਲਈ ਪੂਰੇ ਪੰਜਾਬ 'ਚ ਪੰਜਾਬ ਸਰਕਾਰ ਦੀ ਇਸ ਪਾਲਿਸੀ ਦਾ ਵਿਰੋਧ ਕੀਤਾ ਜਾ ਰਿਹਾ ਹੈ।ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਕੀਤੇ ਵਾਅਦਿਆਂ 'ਤੇ ਖਰੀ ਨਹੀਂ ਉੱਤਰੀ ਇਸ ਕਾਰਨ ਇਸ ਪਾਲਿਸੀ ਦਾ ਪੂਰੇ ਪੰਜਾਬ ਵਿੱਚ ਮਜ਼ਦੂਰ ਜਮਾਤ ਵੱਲੋਂ ਵਿਰੋਧ ਕਰਦਿਆਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਏਜੰਸੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਸਿੱਧਾ ਭੁਗਤਾਨ ਕੀਤਾ ਜਾਵੇ।ਇਸ ਮੌਕੇ ਫੂਡ ਗਰੇਨ ਐਂਡ ਅਲਾਈਡ ਵਰਕਰ ਯੂਨੀਅਨ ਦੇ ਸੂਬਾਈ ਆਗੂ ਬਲਵੀਰ ਲਹਿਰਾ, ਯੂਨੀਅਨ ਦੇ ਪ੍ਰਧਾਨ ਅਨਵਰ ਮਸੀਹ, ਬੂਟਾ ਮਸੀਹ, ਕਰਨ ਮਸੀਹ, ਜਸਪਾਲ ਸਿੰਘ, ਪ੍ਰਗਟ ਸਿੰਘ ਪਿੰਕਾ, ਜੋਗਿੰਦਰ ਮਸੀਹ, ਪਿਆਰਾ ਮਸੀਹ, ਜੁਗਰਾਜ ਸਿੰਘ, ਜਸਪਾਲ ਤਲਵੰਡੀ, ਤਰਸੇਮ ਮਸੀਹ ਬਲਵੀਰ ਸਿੰਘ ਖੰਨਾ, ਪੂਰਨ ਤਲਵੰਡੀ, ਜਗਤਾਰ ਮਸੀਹ ਆਦਿ ਹਾਜ਼ਰ ਸਨ।

# ਅੱਖਾਂ ਦੇ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ 'ਚ ਹਜ਼ਾਰਾਂ ਮਰੀਜ਼ਾਂ ਲਿਆ ਲਾਹਾ

## ਧੂਰੀ ਵਾਸੀਆਂ ਨੇ ਕਦੇ ਸਾਡੀ ਪਿੱਠ ਨਹੀਂ ਲੱਗਣ ਦਿੱਤੀ : ਡਾ. ਗੁਰਪ੍ਰੀਤ ਕੌਰ ਮਾਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)**-ਫੋਰਟਲ ਗਰੁੱਪ ਯੂ. ਕੇ. ਦੇ ਮਾਲਕ ਸੁਰਿੰਦਰ ਸਿੰਘ ਨਿੱਝਰ ਵੱਲੋਂ ਸਥਾਨਕ ਇੱਕ ਪੈਲਸ ਵਿਖੇ ਲਗਾਏ ਗਏ ਮੈਗਾ ਕੈਂਪ ਦੌਰਾਨ ਜਿੱਥੇ ਹਜ਼ਾਰਾਂ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਉਥੇ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ, ਸੁਣਨ ਵਾਲੀਆਂ ਮਸ਼ੀਨਾਂ ਅਤੇ ਦੋ ਹਜ਼ਾਰ ਤੋਂ ਵੱਧ ਸਿਲਾਈ ਮਸ਼ੀਨਾਂ ਵੀ ਤਕਸੀਮ ਕੀਤੀਆਂ ਗਈਆਂ।ਇਸ ਕੈਂਪ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਮਾਨ, ਮਾਤਾ ਹਰਪਾਲ ਕੌਰ ਮਾਨ, ਫ਼ਿਲਮੀ ਅਦਾਕਾਰ ਸ਼ਿਲਪਾ ਸ਼ੈਟੀ, ਹਿਮਾਂਸ਼ੀ ਖੁਰਾਣਾ, ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ, ਵਿਧਾਇਕਾ ਹਰਮੀਤ ਸਿੰਘ ਪਠਾਨਮਾਜਰਾ, ਵਿਧਾਇਕਾ ਨਰਿੰਦਰ ਕੌਰ ਭਰਾਜ, ਕੈਂਪ ਦਫਤਰ ਦੇ ਇੰਚਾਰਜ ਅੰਮ੍ਰਿਤ ਬਰਾੜ ਸਮੇਤ ਹੋਰਨਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਲਗਾਏ ਗਏ ਕੈਂਪ ਵਿੱਚ ਡਾ. ਮਨਜੀਤ ਸਿੰਘ, ਡਾ. ਸਾਂਈਦੀਪ ਸਿੰਘ, ਡਾ. ਰੇਸ਼ ਸ਼ਰਮਾ ਨੇ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਅਤੇ ਲੋੜਵੰਦ ਮਰੀਜ਼ਾਂ ਦੀ ਆਪ੍ਰੇਸ਼ਨਾਂ ਲਈ ਚੋਣ ਵੀ ਕੀਤੀ ਗਈ।ਇਸ ਸਬੰਧੀ ਗੱਲਬਾਤ ਕਰਦਿਆਂ ਐੱਨ.ਆਰ.ਆਈ. ਸੁਰਿੰਦਰ ਸਿੰਘ ਨਿੱਝਰ ਨੇ ਦੱਸਿਆ ਕਿ ਇਸ ਕੈਂਪ 'ਚ ਇਲਾਕੇ ਦੇ ਲੋਕਾਂ ਨੂੰ 2 ਹਜ਼ਾਰ ਤੋਂ ਵੱਧ ਸਿਲਾਈ ਮਸ਼ੀਨਾਂ, 100 ਦੇ ਕਰੀਬ ਵਹੀਲ ਚੇਅਰਾਂ, ਕੰਨਾਂ ਦੀਆਂ ਸੁਨਣ ਵਾਲੀਆਂ ਮਸ਼ੀਨਾਂ, ਬਨਾਵਟੀ ਅੰਗ ਲਗਾਏ ਗਏ ਹਨ ਤੇ ਕਰੀਬ 20 ਲੋਕਾਂ ਦੇ ਮੁਫ਼ਤ ਘਰ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਹੈ।ਨਿੱਝਰ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਡਾ. ਗੁਰਪ੍ਰੀਤ ਕੌਰ ਮਾਨ ਨੇ ਕਿਹਾ ਕਿ ਸਮਾਜ ਸੇਵਾ ਕਰਨ ਦਾ ਜਜ਼ਬਾ ਵੀ ਕਿਸੇ ਕਿਸੇ ਵਿਅਕਤੀ ਨੂੰ ਅਕਾਲ ਪੁਰਖ ਵੱਲੋਂ ਬਖ਼ਸ਼ਿਆ ਜਾਂਦਾ ਹੈ ਅਤੇ ਇਸ ਨੂੰ ਵੀ ਕੁਦਰਤ ਦੀ ਦਾਤ ਹੀ ਸਮਝਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਮਾਨ ਵਾਲੀ ਸਰਕਾਰ ਸਿਹਤ ਪ੍ਰਬੰਧਾਂ ਲਈ ਲਗਾਤਾਰ ਯਤਨਸ਼ੀਲ ਹੈ, ਜਿੱਥੇ ਪੰਜਾਬ ਵਿੱਚ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਲੱਖਾਂ ਲੋਕ ਫਾਇਦਾ ਲੈ ਰਹੇ ਹਨ।ਪੰਜਾਬ ਵਿੱਚ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਪੰਜਾਬ ਸਰਕਾਰ ਸਿਹਤ ਪ੍ਰਬੰਧਾਂ ਦੇ ਸੁਧਾਰ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਅਸੀਂ ਕਦੇ ਵੀ ਧੂਰੀ ਵਾਸੀਆਂ ਦਾ ਦੇਣ ਨਹੀਂ ਦੇ ਸਕਦੇ, ਧੂਰੀ ਵਾਸੀਆਂ ਨੇ ਸਾਡੀ ਕਦੇ ਵੀ ਪਿੱਠ ਨਹੀਂ ਲੱਗਣ ਦਿੱਤੀ ਅਤੇ ਵਿਸ਼ੇਸ਼ ਕਰਕੇ ਧੂਰੀ ਦੇ ਕੰਮਾਂ ਲਈ ਮਾਨ ਸਰਕਾਰ ਪੂਰੀ ਤਰ੍ਹਾਂ ਸੁਹਰਿਦ ਹੈ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਧੂਰੀ ਵਿੱਚ ਕੋਈ ਵੀ ਘਰ ਕੱਚਾ ਨਾ ਰਹੇ ਅਤੇ ਨਾ ਹੀ ਕੋਈ ਵਿਅਕਤੀ ਬੇਘਰਾ ਰਹੇ।

ਫ਼ਿਲਮੀ ਅਦਾਕਾਰ ਸ਼ਿਲਪਾ ਸੈਟੀ ਤੇ ਹਿਮਾਂਸ਼ੀ ਖੁਰਾਣਾ ਨੇ ਪ੍ਰਬੰਧਕਾਂ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਚੇਅਰਮੈਨ ਸਤਿੰਦਰ ਸਿੰਘ ਚੱਠਾ, ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਵਪਾਰ ਮੰਡਲ ਪੰਜਾਬ ਦੇ ਉੱਪ ਚੇਅਰਮੈਨ ਅਭਿਨਵ ਗੋਇਲ ਨਵੀ, ਅੱਗਰਵਾਲ ਸਭਾ ਧੂਰੀ ਦੇ ਪ੍ਰਧਾਨ ਅਮਨ ਗਰਗ, ਰਾਈਸਿਲਾ ਦੇ ਡਾਇਰੈਕਟਰ ਪ੍ਰਸ਼ੋਤਮ ਦਾਸ, ਇੰਡਸਟਰੀ ਚੈਂਬਰ ਦੇ ਰਾਜੇਸ਼ ਸਿੰਗਲਾ ਸ਼ੈਟੀ, ਐਡਵੋਕੇਟ ਹੈਪੀ ਗਰਗ, ਆਪ ਆਗੂ ਪਰਮਿੰਦਰ ਸਿੰਘ ਨੂਰ ਔਲਖ, ਐੱਨ.ਆਰ.ਆਈ. ਸੁਰਿੰਦਰ ਸਿੰਘ ਨਿੱਝਰ ਦੀ ਟੀਮ ਦੇ ਮੈਂਬਰ ਬੂਟਾ ਸਿੰਘ, ਪਰਮਜੀਤ ਸਿੰਘ ਭਿੰਦੀ, ਬਲਜੋਤ ਪੁੰਨੂੰ ਤੇ ਸ਼ਸ਼ੀ ਸੰਘਾ ਆਦਿ ਹਾਜ਼ਰ ਸਨ।

# ਅਦਾਲਤੀ ਹੁਕਮਾਂ ਦੇ ਬਾਵਜੂਦ ਹਰਿਆਣਾ ਸਰਕਾਰ ਰਸਤੇ ਖੋਲ੍ਹਣ ਲਈ ਤਿਆਰ ਨਹੀਂ : ਬੀ ਕੇ ਯੂ ਸਿੱਧੂਪੁਰ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਜ਼ਿਲ੍ਹਾ ਲੁਧਿਆਣਾ ਦੇ ਵੱਖ-ਵੱਖ ਬਲਾਕਾਂ ਦੀ ਮੀਟਿੰਗ ਸੂਬਾ ਸੀਨੀ. ਮੀਤ ਪ੍ਰਧਾਨ ਜਸਵੀਰ ਸਿੰਘ ਸਿੱਧੂਪੁਰ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਜਥੇਬੰਦਕ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਚੱਲ ਰਹੇ ਅੰਦੋਲਨ ਬਾਰੇ ਤੇ ਉਸ ਵਿੱਚ ਵਰਕਰਾਂ ਦੀ ਹੋਰ ਸ਼ਮੂਲੀਅਤ ਬਾਰੇ ਚਰਚਾ ਕੀਤੀ ਗਈ।ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜਸਵੀਰ ਸਿੰਘ ਸਿੱਧੂਪੁਰ ਨੇ ਮਾਣਯੋਗ ਸੁਪਰੀਮ ਕੋਰਟ ਤੇ ਮਾਣਯੋਗ ਹਾਈ ਕੋਰਟ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਦਾਲਤ ਨੇ ਵੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੰਵਿਧਾਨ ਵਿੱਚ ਲੋਕਾਂ ਨੂੰ ਆਪਣੇ ਹੱਕ ਹਕੂਕਾਂ ਲਈ ਆਵਾਜ਼ ਬੁਲੰਦ ਕਰਨ ਦਾ ਅਧਿਕਾਰ ਹੈ ਅਤੇ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਨੂੰ ਜਾ ਰਹੇ ਕਿਸਾਨਾਂ ਨੂੰ ਰੋਕਣ ਵਾਸਤੇ ਹਰਿਆਣਾ ਸਰਕਾਰ ਵੱਲੋਂ ਲੋਕਤੰਤਰ ਦਾ ਘਾਣ ਕਰਦੇ ਹੋਏ ਸੜਕਾਂ ਉੱਪਰ ਸੀਮੈਂਟ ਦੀਆਂ ਕੰਧਾਂ ਉਸਾਰ ਕੇ ਤੇ ਸੜਕਾਂ ਉੱਪਰ ਲੋਹੇ ਦੇ ਕਿੱਲ ਲਗਾ ਕੇ ਅਤੇ ਬੈਰੀਕੇਡਿੰਗ ਕਰਕੇ ਰਸਤੇ ਰੋਕੇ ਗਏ ਹਨ।ਇਸ ਲਈ ਜਦੋਂ ਵੀ ਮਾਣਯੋਗ ਅਦਾਲਤ ਦੇ ਹੁਕਮ ਮੰਨਦੇ ਹੋਏ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਬੈਰੀਕੇਡਿੰਗ ਨੂੰ ਹਟਾ ਕੇ ਰਸਤੇ ਖੋਲ੍ਹੇ ਜਾਣਗੇ ਤਾਂ ਉਸ ਤੋਂ ਬਾਅਦ ਕਿਸਾਨ ਦਿੱਲੀ ਲਈ ਕੂਚ ਕਰਨਗੇ ਤੇ ਇਸ ਲਈ ਬਾਰਡਰਾਂ ਉੱਪਰ ਚੱਲ ਰਹੇ ਮੋਰਚਿਆਂ ਵਿੱਚ ਹੋਰ ਟਰੈਕਟਰ ਟਰਾਲੀਆਂ ਨਾਲ ਸ਼ਮੂਲੀਅਤ ਕਰਨ ਲਈ ਅਤੇ ਜੋ ਕਿਸਾਨ ਝੋਨਾ ਲਗਾਉਣ ਲਈ ਵਾਪਸ ਪਿੰਡ ਆ ਗਏ ਸਨ, ਉਨ੍ਹਾਂ ਦੀ ਮੋਰਚਿਆਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਵਧਾਉਣ ਲਈ ਹਰ ਪਿੰਡ ਵਿੱਚ ਵੱਡੀ ਪੱਧਰ 'ਤੇ ਤਿਆਰੀਆਂ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਮਾਣਯੋਗ ਅਦਾਲਤ ਦੇ ਫੈਸਲੇ ਤੋਂ ਬਾਅਦ ਭਾਜਪਾ ਦੀ ਹਰਿਆਣਾ ਸਰਕਾਰ ਵੱਲੋਂ ਵਾਰ-ਵਾਰ ਅਦਾਲਤ ਵਿੱਚ ਰਸਤੇ ਨਾਂ ਖੋਲ੍ਹਣ ਸਬੰਧੀ ਪਾਈਆਂ ਜਾ ਰਹੀਆਂ ਰਿੱਟਾਂ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਇਹ ਰਸਤੇ ਕਿਸਾਨਾਂ ਨੇ ਨਹੀਂ ਸਗੋਂ ਭਾਜਪਾ ਸਰਕਾਰ ਨੇ ਰੋਕੇ ਹਨ ਅਤੇ ਹੁਣ ਵੀ ਜੇਕਰ ਹਰਿਆਣਾ ਸਰਕਾਰ ਇਹ ਰਸਤੇ ਨਹੀਂ ਖੋਲ੍ਹਦੀ ਤਾਂ ਵਪਾਰੀ ਵਰਗ ਨੂੰ ਵੀ ਭਾਜਪਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਨਾ ਚਾਹੀਦਾ ਹੈ, ਜਿਸ ਵੱਲੋਂ ਰਸਤੇ ਰੋਕੇ ਗਏ ਹਨ।ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਆਪਣੇ ਹੀ ਦੇਸ਼ ਦੇ ਲੋਕਾਂ ਅੱਤਿਆਚਾਰ ਕਰਨ ਵਾਲੇ ਤੇ ਆਪਣੇ ਲੋਕਾਂ ਦਾ ਕਤਲ ਕਰਨ ਵਾਲੇ ਜ਼ਾਲਮ ਪੁਲਸ ਅਫਸਰਾਂ ਦਾ ਰਾਸ਼ਟਰਪਤੀ ਐਵਾਰਡ ਨਾਲ ਸਨਮਾਨਤ ਕਰਨ ਲਈ ਨਾਮ ਸਿਫਾਰਿਸ਼ ਕਰਨ ਦੇ ਰੋਸ ਵਜੋਂ 1 ਅਗਸਤ ਨੂੰ ਪੂਰੇ ਭਾਰਤ ਵਿੱਚ ਜ਼ਿਲ੍ਹਾ ਹੈੱਡ ਕੁਆਰਟਰਾਂ ਅੱਗੇ ਭਾਜਪਾ ਸਰਕਾਰ ਦੇ ਪੁਤਲੇ ਫੂਕੇ ਜਾਣਗੇ ਤੇ 15 ਅਗਸਤ ਨੂੰ ਭਾਜਪਾ ਸਰਕਾਰ ਵੱਲੋਂ ਲੋਕਾਂ ਦੀ ਆਜ਼ਾਦੀ ਖੋਹਣ ਲਈ ਲਿਆਂਦੇ ਗਏ ਤਿੰਨ ਕਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ ਦੇਸ਼ ਭਰ ਵਿੱਚ ਟਰੈਕਟਰ ਮਾਰਚ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਨਾਲ ਸੁਪਿੰਦਰ ਸਿੰਘ ਬੱਗਾ, ਗੁਰਦੀਪ ਸਿੰਘ ਬਰਮਾ, ਸਵਰਨਜੀਤ ਸਿੰਘ ਘੁਲਾਲ, ਮਲਕੀਤ ਸਿੰਘ ਘੁਲਾਲ, ਕੁਲਦੀਪ ਸਿੰਘ ਸੇਖੋਂ, ਹਰਦੀਪ ਸਿੰਘ ਰਾਣਵਾਂ, ਮਲਕੀਤ ਸਿੰਘ ਪੂਨੀਆਂ, ਅਵਤਾਰ ਸਿੰਘ ਰਾਣਵਾਂ, ਰਾਜਵੰਤ ਸਿੰਘ, ਨਾਹਰ ਸਿੰਘ, ਅਮ੍ਰਿਤ ਸਿੰਘ, ਟਹਿਲ ਸਿੰਘ ਬਿਜਲੀਪੁਲ, ਗੁਰਪ੍ਰੀਤ ਸਿੰਘ ਕਕਰਾਲਾ, ਪਾਰਉਕਾਰ ਸਿੰਘ, ਜਸਵਿੰਦਰ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

31-JULY-PAGE-11-Majha-2024-advt.qxd 7/30/2024 11:16 PM Page 1



# ਬਿਜਲੀ ਕਾਮਿਆਂ ਵੱਲੋਂ ਸਰਕਲ ਦਫ਼ਤਰ ਅੱਗੇ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਜੁਆਇੰਟ ਫੋਰਮ ਦੇ ਫੈਸਲੇ ਮੁਤਾਬਕ ਸਰਕਲ ਦਫ਼ਤਰ ਗੁਰਦਾਸਪੁਰ ਦੇ ਗੇਟ ਤੇ ਬਿਜਲੀ ਕਾਮਿਆਂ ਵੱਲੋਂ ਪਾਵਰਕੌਮ ਦੀ ਮੈਨੇਜ਼ਮੈਂਟ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਮੰਡਲ ਪ੍ਰਧਾਨ ਸਾਥੀ ਸਾਹਿਬ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪੀਐੱਸਈਬੀ ਇਪਲਾਈਜ਼ ਫੈਡਰੇਸ਼ਨ ਏਟਕ ਸਰਕਲ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਫ਼ੀਲਡ ਵਿਚ ਕਰਮਚਾਰੀਆਂ ਦੀ ਬਹੁਤ ਵੱਡੀ ਘਾਟ ਚਲ ਰਹੀ ਹੈ ਅਤੇ ਕੰਮ ਦਾ ਬੋਝ ਲਗਾਤਾਰ ਵਧ ਰਿਹਾ ਹੈ ਜਿਸ ਕਾਰਨ ਬਿਜਲੀ ਕਾਮਿਆਂ ਨੂੰ ਖਪਤਕਾਰਾਂ ਨੂੰ ਨਿਰੰਤਰ ਬਿਜਲੀ ਦੀ ਸਪਲਾਈ ਬਹਾਲ ਕਰਾਉਣ ਲਈ ਦਿੱਕਤਾਂ ਦਾਂ ਸਾਹਮਣਾ ਕਰਨਾ ਪੈ ਰਿਹਾ ਹੈ। ਮਹਿਕਮਾ ਨਵੇਂ ਕਰਮਚਾਰੀਆਂ ਦੀ ਭਰਤੀ ਕਰਨ ਦੀ ਬਜਾਏ ਸੇਵਾ ਮੁਕਤ ਹੋਏ ਕਰਮਚਾਰੀਆਂ ਨੂੰ ਮੁੜ ਨੌਕਰੀ 'ਤੇ ਰੱਖਣ ਦਾ ਫਰਮਾਨ ਜਾਰੀ ਕਰ ਰਿਹਾ ਹੈ ਜਦੋਂਕਿ ਪੰਜਾਬ ਦੇ ਅੰਦਰ ਬੇਰੁਜ਼ਗਾਰੀ ਸਿਖਰਾਂ ਤੇ ਹੈ। ਇਸ ਮੌਕੇ ਸਾਹਿਬ ਸਿੰਘ ਧਾਲੀਵਾਲ ਨੇ ਕਿਹਾ ਕਿ ਪਾਵਰਕੌਮ ਦੀ ਮੈਨੇਜ਼ਮੈਂਟ ਸੀਆਰਏ 295 ਅਧੀਨ ਭਰਤੀ ਹੋਏ ਕਰਮਚਾਰੀਆਂ ਨੂੰ ਪੂਰੀਆ ਤਨਖਾਹਾਂ ਰਿਲੀਜ਼ ਨਹੀਂ ਕਰ ਰਹੀ ਹੈ ਜਿਸ ਕਾਰਨ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੁਲਾਜ਼ਮਾਂ ਆਗੂਆਂ ਨੇ ਪਾਵਰਕੌਮ ਦੀ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੁਲਾਜ਼ਮਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਸੋਹਲ, ਸੁਖਦੇਵ ਸਿੰਘ ਖੁੱਡਾ, ਪ੍ਰਕਾਸ਼ ਘੁਲਾ, ਪ੍ਰੇਮ ਸਾਗਰ, ਰਣਜੀਤ ਸਿੰਘ, ਬਲਵਿੰਦਰ ਪਾਲ, ਰੂਪ ਲਾਲ, ਬੰਸਤ ਕੌੜਾ, ਪਲਵਿੰਦਰ ਸਿੰਘ, ਸਤੀਸ਼ ਕੁਮਾਰ ਸੈਣੀ, ਨਰੇਸ਼ ਕੁਮਾਰ, ਅਨਿਲ ਕੁਮਾਰ ਸ਼ਰਮਾ, ਗੌਰਵ, ਓਮ ਪ੍ਰਕਾਸ਼, ਜੰਸਵਤ ਸਿੰਘ ਆਦਿ ਆਗੂ ਹਾਜ਼ਰ ਸਨ।

# ਹਵਾਈ ਅੱਡੇ ਦੇ ਵਿਸਥਾਰ ਲਈ ਡੀ ਸੀ ਅੰਮ੍ਰਿਤਸਰ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਸਥਾਨਕ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਵਿਸਥਾਰ ਲਈ ਤਜਵੀਜ਼ ਮੁੱਖ ਮੰਤਰੀ ਪੰਜਾਬ ਦੇ ਵਿਸ਼ੇਸ਼ ਮੁੱਖ ਸੈਕਟਰੀ ਨੂੰ ਭੇਜੀ ਹੈ।ਦੱਸਣਯੋਗ ਹੈ ਕਿ 25 ਜੁਲਾਈ ਨੂੰ ਜਲੰਧਰ ਵਿਖੇ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਹ ਮੁੱਦਾ ਉਠਾਇਆ ਸੀ ਕਿ ਜੇਕਰ ਅੰਮ੍ਰਿਤਸਰ ਹਵਾਈ ਅੱਡੇ ਦਾ ਵਿਸਥਾਰ ਕੀਤਾ ਜਾਵੇ ਤਾਂ ਇਹ ਸ਼ਹਿਰ ਅਤੇ ਇਲਾਕੇ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਸਕਦਾ ਹੈ। ਮੁੱਖ ਮੰਤਰੀ ਮਾਨ ਨੇ ਉਨ੍ਹਾਂ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਡੀਸੀ ਥੋਰੀ ਨੂੰ ਇਸ ਬਾਬਤ ਲਿਖਤੀ ਤਜਵੀਜ਼ ਭੇਜਣ ਲਈ ਹਦਾਇਤ ਕੀਤੀ ਸੀ।ਸ੍ਰੀ ਥੋਰੀ ਨੇ ਬੀਤੇ ਦਿਨ ਵਿਸ਼ੇਸ਼ ਮੁੱਖ ਸਕੱਤਰ ਅਤੇ ਡਾਇਰੈਕਟਰ ਸਿਵਲ ਐਵੀਏਸ਼ਨ ਪੰਜਾਬ ਨੂੰ ਭੇਜੇ ਗਏ ਪੱਤਰ ਵਿੱਚ ਲਿਖਿਆ ਕਿ ਜੇਕਰ ਇਸ ਦਾ ਵਿਸਥਾਰ ਕੀਤਾ ਜਾਵੇ ਤਾਂ ਅੰਮ੍ਰਿਤਸਰ ਦਾ ਹਵਾਈ ਅੱਡਾ ਪ੍ਰਵਾਸੀ ਭਾਰਤੀਆਂ ਅਤੇ ਸੈਲਾਨੀਆਂ ਲਈ ਪੰਜਾਬ ਦਾ ਗੇਟਵੇਅ ਸਾਬਤ ਹੋ ਸਕਦਾ ਹੈ।ਉਨ੍ਹਾਂ ਲਿਖਿਆ ਕਿ ਬੀਤੇ ਸਮੇਂ ਦੌਰਾਨ ਇੱਥੇ ਯਾਤਰੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਸੋ ਲੋੜ ਹੈ ਕਿ ਇਸ ਦੇ ਟਰਮੀਨਲ ਵਿੱਚ ਵਾਧਾ ਕੀਤਾ ਜਾਵੇ।ਉਨ੍ਹਾਂ ਲਿਖਿਆ ਕਿ ਇਸ ਵੇਲੇ ਇਸ ਦਾ ਖੇਤਰ 40 ਹਜ਼ਾਰ ਵਰਗ ਮੀਟਰ ਹੈ ਅਤੇ 1600 ਯਾਤਰੀਆਂ ਦੀ ਸਮਰੱਥਾ ਹੈ ਪਰ ਸੈਲਾਨੀਆਂ ਦੀ ਲਗਾਤਾਰ ਵੱਧ ਰਹੀ ਆਮਦ ਕਾਰਨ ਇਸ ਵਿਚ 10 ਹਜ਼ਾਰ ਵਰਗ ਮੀਟਰ ਦਾ ਖੇਤਰ ਹੋਰ ਨਾਲ ਜੋੜਨ ਅਤੇ ਸੈਲਾਨੀਆਂ ਦੀ ਸਮਰੱਥਾ 2000 ਦੇ ਕਰੀਬ ਕਰਨ ਦੀ ਤੁਰੰਤ ਲੋੜ ਹੈ।ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਇਤਿਹਾਸਿਕ ਸਥਾਨਾਂ ਕਾਰਨ ਵਿਸ਼ਵ ਭਰ ਤੋਂ ਯਾਤਰੀ ਆਉਂਦੇ ਹਨ।ਜੇਕਰ ਹਵਾਈ ਅੱਡੇ ਦਾ ਵਿਸਥਾਰ ਹੁੰਦਾ ਹੈ ਤਾਂ ਇਸ ਨਾਲ ਸਥਾਨਕ ਸੈਰ ਸਪਾਟਾ ਸਨਅਤ ਅਤੇ ਆਰਥਿਕਤਾ ਨੂੰ ਹੁਲਾਰਾ ਮਿਲੇਗਾ।ਇਸ ਤੋਂ ਇਲਾਵਾ ਹੋਰ ਇੰਟਰਨੈਸ਼ਨਲ ਉਡਾਨਾਂ ਅੰਮ੍ਰਿਤਸਰ ਪਹੁੰਚਣਗੀਆਂ, ਜਿਸ ਨਾਲ ਅੰਮ੍ਰਿਤਸਰ ਦਾ ਸੰਪਰਕ ਸਮੁੱਚੇ ਵਿਸ਼ਵ ਨਾਲ ਵਧੇਗਾ ਜੋ ਕਿ ਵਪਾਰ, ਕਮਰਸ, ਸੱਭਿਆਚਾਰ ਅਤੇ ਆਰਥਿਕ ਵਿਕਾਸ ਵਿੱਚ ਵੱਡੀ ਮਦਦ ਕਰੇਗਾ।

# ਆਰ ਐੱਮ ਪੀ ਆਈ ਨੇ ਬਜਟ ਦੇ ਵਿਰੋਧ 'ਚ ਮੋਦੀ ਸਰਕਾਰ ਦਾ ਪੁਤਲਾ ਫ਼ੂਕਿਆ



ਪਠਾਨਕੋਟ (ਦਵਿੰਦਰ ਸਿੰਘ)-ਮੋਦੀ ਸਰਕਾਰ ਦੇ ਤੀਜੇ ਕਾਲ ਦਾ ਪਹਿਲਾ ਬਜਟ ਜੋ ਕਿ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਰੁਜ਼ਗਾਰ ਲਈ ਭਟਕ ਰਹੇ ਨੌਜਵਾਨਾਂ ਤੇ ਛੋਟੇ ਕਾਰੋਬਾਰੀਆਂ ਵਿਰੋਧੀ ਬਜਟ ਅਤੇ ਜਿਸ ਵਿੱਚ ਪੰਜਾਬ ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਗਿਆ ਹੈ, ਦੇ ਵਿਰੁੱਧ ਆਰ ਐੱਮ ਪੀ ਆਈ ਦੇ ਸੱਦੇ ਉਤੇ ਪੰਜਾਬ ਅੰਦਰ ਰੋਸ਼ ਪ੍ਰਦਰਸ਼ਨ ਕਰਦਿਆਂ ਪਠਾਨਕੋਟ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ।ਪੁਤਲਾ ਫੂਕਣ ਉਪਰੰਤ ਕਾਮਰੇਡ ਸ਼ਿਵ ਕੁਮਾਰ ਅਤੇ ਬਲਵੰਤ ਸਿੰਘ ਘੋਹ ਨੇ ਕੇਂਦਰ ਸਰਕਾਰ ਵਲੋਂ ਪੇਸ਼ ਕੀਤੇ ਬਚਟ ਬਾਰੇ ਬੋਲਦਿਆਂ ਕਿਹਾ ਕਿ ਵਿੱਤ ਮੰਤਰੀ ਸੀਤਾ ਰਮਨ ਦਾ ਇਹ ਬਜਟ ਵੀ ਕਾਰਪੋਰੇਟ ਘਰਾਨਿਆਂ ਨੂੰ ਮਾਲਾਮਾਲ ਕਰਨ ਅਤੇ ਦੇਸ਼ ਦੀ 90% ਆਬਾਦੀ ਨੂੰ ਕੰਗਾਲ ਕਰਨ ਵਾਲਾ ਹੀ ਸਾਬਤ ਹੋਵੇਗਾ।ਅਮੀਰੀ ਗਰੀਬੀ ਦਾ ਪਾੜਾ ਹੋਰ ਵਧੇਗਾ।

ਬਜਟ ਵਿੱਚ ਮਹਿੰਗਾਈ ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਨੂੰ ਰੋਕਣ ਲਈ ਕੋਈ ਤਜਵੀਜ਼ ਨਹੀਂ ਹੈ।ਮੋਦੀ ਸਰਕਾਰ ਦੇ ਪਹਿਲੇ ਦਸ ਸਾਲਾਂ ਦੇ ਰਾਜ ਨੂੰ ਚੇਤੇ ਕਰਦਿਆਂ ਆਗੂਆਂ ਨੇ ਦੱਸਿਆ ਜਿਸ ਤਰ੍ਹਾਂ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕੀਤੀ ਸੀ, ਬਾਅਦ ਵਿਚ ਇਕ ਇੰਟਰਵਿਊ ਸਮੇਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਨੂੰ ਚੁਨਾਵੀ ਜੁਮਲਾ ਕਿਹਾ ਸੀ, ਇਸ ਵਾਰ ਬਜਟ ਵਿੱਚ ਅਗਲੇ ਪੰਜ ਸਾਲਾਂ ਦੌਰਾਨ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਵੀ ਬਜਟ ਦਾ ਜੁਮਲਾ ਸਾਬਤ ਹੋਵੇਗਾ।ਆਗੂਆਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਿਛਲੇ ਅੱਠ ਦਹਾਕਿਆਂ ਤੋਂ ਹਾਕਮ ਸਰਮਾਏਦਾਰ ਪਾਰਟੀਆਂ ਨੇ ਵੋਟਾਂ ਲੈ ਕੇ ਲੋਕਾਂ ਨੂੰ ਲੁਟਿਆ ਤੇ ਕੁੱਟਿਆ ਹੈ। ਇਨ੍ਹਾਂ ਲੁਟੇਰੀਆਂ ਧਿਰਾਂ ਤੋਂ ਛੁਟਕਾਰਾ ਪਾਉਣ ਲਈ ਖੱਬੇ ਪੱਖੀ ਪਾਰਟੀਆਂ ਨੂੰ ਸਹਿਯੋਗ ਕਰਨ ਅਤੇ ਸੰਘਰਸ਼ਾਂ ਵਿੱਚ ਵੱਧ ਚੜ੍ਹਕੇ ਭਾਗ ਲੈ ਦੀ ਅਪੀਲ ਕੀਤੀ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਕਾਮਰੇਡ ਰਘਬੀਰ ਸਿੰਘ ਧਲੌਰੀਆਂ, ਬਲਦੇਵ ਰਾਜ ਭੋਆ, ਅਜੀਤ ਰਾਮ ਗੰਦਲਾਂ ਲਾਹੜੀ, ਪ੍ਰਵੀਨ ਕੁਮਾਰ ਬਮਿਆਲ, ਤ੍ਰੀਭੁਵਨ, ਸੋਹਨ ਸਿੰਘ, ਬਲਕਾਰ ਚੰਦ ਭਰਿਆਲ ਲਾਹੜੀ, ਸਕੱਤਰ ਸਿੰਘ, ਨਰਿੰਜਨ ਸਿੰਘ, ਰਾਮ ਬਿਲਾਸ ਠਾਕੁਰ, ਯਸ਼ਪਾਲ, ਰਣਯੋਧ ਸਿੰਘ, ਅਸ਼ਵਨੀ ਕੁਮਾਰ ਸੁਜਾਨਪੁਰ, ਦਰਸ਼ਨ ਸਿੰਘ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



ਮਜੀਠਾ (ਸੋਇਮ ਆਨੰਦ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਵੱਲੋਂ ਆਪਣੀਆਂ ਮੰਗਾਂ ਤਹਿਤ ਡੀ. ਸੀ. ਅੰਮ੍ਰਿਤਸਰ ਨੂੰ ਮੰਗ ਪੱਤਰ ਦਿੱਤਾ ਗਿਆ ।ਇਹ ਮੰਗ ਪੱਤਰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਆਗੂ ਬਲਕਾਰ ਸਿੰਘ ਦੁਧਾਲਾ ਦੀ ਅਗਵਾਈ ਹੇਠ ਦਿੱਤਾ ਗਿਆ।ਇਸ ਮੌਕੇ ਮਜੀਠਾ, ਚੋਗਾਵਾਂ, ਤਰਸਿੱਕਾ, ਅਟਾਰੀ ਤੇ ਵੇਰਕਾ ਦੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਆਗੂ ਵੀ ਨਾਲ ਸਨ।ਸਾਥੀ ਦੁਧਾਲਾ ਨੇ ਮੰਗ ਪੱਤਰ ਦਿੰਦਿਆਂ ਡੀ. ਸੀ. ਨੂੰ ਦੱਸਿਆ ਕਿ ਮਜ਼ਦੂਰ ਵਾਸਤੇ ਮਗਨਰੇਗਾ ਦਾ ਕਾਨੂੰਨ ਬਣਿਆ ਸੀ ਕਿ ਉਨ੍ਹਾਂ ਦੀ ਆਰਥਿਕ ਹਾਲਤ ਠੀਕ ਹੋਵੇਗੀ ਪਰ ਕਾਨੂੰਨ ਮੁਤਾਬਿਕ ਮਜ਼ਦੂਰਾਂ ਦੀਆਂ ਅਰਜ਼ੀਆਂ ਹੀ ਵਸੂਲ ਨਹੀਂ ਕੀਤੀਆਂ ਜਾਂਦੀਆਂ ਜਿਸ ਕਾਰਨ ਮਜ਼ਦੂਰਾਂ ਨੂੰ ਇੱਕ ਸੌ ਦਿਨ ਦਾ ਕੰਮ ਹੀ ਨਹੀਂ ਮਿਲਦਾ। ਜੇ ਕੰਮ ਮਿਲਦਾ ਵੀ ਹੈ ਤਾਂ ਮਜ਼ਦੂਰਾਂ ਨੂੰ ਕੰਮ ਕਰਨ ਦੇ ਪੈਸੇ ਹੀ ਬਹੁਤ ਲੇਟ ਮਿਲਦੇ ਹਨ।ਡੀ. ਸੀ. ਨੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ। ਉਪਰੰਤ ਬਲਕਾਰ ਦੁਧਾਲਾ, ਲਖਵਿੰਦਰ ਸਿੰਘ ਗੋਪਾਲਪੁਰਾ, ਰਣਜੀਤ ਸਿੰਘ ਜੇਠੂਵਾਲ, ਬੂਟਾ ਸਿੰਘ ਭੱਟੀ, ਕੇ ਜੋਧ ਸਿੰਘ ਲੇਲੀਆਂ, ਗੁਰਪਿੰਦਰ ਸਿੰਘ ਮੱਲੂਵਾਲ, ਲਾਲ ਮਸੀਹ ਘਰਿੰਡਾ, ਜੈ ਮਸੀਹ ਘਰਿੰਡਾ, ਲਵਪ੍ਰੀਤ ਸਿੰਘ ਲੇਲੀਆਂ, ਰਵੇਲ ਸਿੰਘ ਲੇਲੀਆਂ, ਬਾਜ ਸਿੰਘ ਚੋਗਾਵਾਂ, ਜੋਧ ਸਿੰਘ ਭੱਟੀ ਨੇ ਵੀ ਨਰੇਗਾ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਨੂੰ ਏ. ਡੀ. ਸੀ. ਵਿਕਾਸ ਨਾਲ ਸਾਂਝੀਆਂ ਕੀਤਾ।ਏ. ਡੀ. ਸੀ. ਵਿਕਾਸ ਅਮ੍ਰਿਤਸਰ ਨੇ ਮੁਸ਼ਕਿਲਾਂ ਨੂੰ ਸੁਣ ਕੇ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ।

# 58 ਹਾਈਟੈੱਕ ਐਂਬੂਲੈਂਸਾਂ ਦੇ ਵਾਧੇ ਨਾਲ ਮਿਲਣਗੀਆਂ ਹੋਰ ਬਿਹਤਰ ਸਿਹਤ ਸਹੂਲਤਾਂ: ਡਾ ਸੋਹਲ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਹਲਕਾ ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਦਿਨ 58 ਨਵੀਆਂ ਹਾਈਟੈਕ ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਇੱਕ ਅਹਿਮ ਕਦਮ ਦੱਸਿਆ ਹੈ। ਵਿਧਾਇਕ ਸੋਹਲ ਨੇ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਹੁਣ ਹਾਈਟੈਕ ਐਂਬੂਲੈਂਸਾਂ ਦੀ ਗਿਣਤੀ 325 ਹੋ ਜਾਵੇਗੀ ਜਿਸ ਨਾਲ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਿਮਾਰ ਅਤੇ ਜ਼ਖਮੀ ਵਿਅਕਤੀਆਂ ਨੂੰ ਤੁਰੰਤ ਮੈਡੀਕਲ ਸਹਾਇਤਾ ਦੇਣਾ ਆਸਾਨ ਹੋ ਜਾਵੇਗਾ।ਡਾ. ਸੋਹਲ ਨੇ ਦੱਸਿਆ ਕਿ ਹਾਈਟੈੱਕ ਐਂਬੂਲੈਂਸਾਂ ਵਿੱਚ ਮਰੀਜ਼ਾਂ ਲਈ ਜ਼ਰੂਰੀ ਦਵਾਈਆਂ ਅਤੇ ਅਤਿ ਆਧੁਨਿਕ ਉਪਕਰਨ ਉਪਲਬਧ ਹਨ ਅਤੇ ਇਹ ਕਿਸੇ ਵੀ ਪਿੰਡ ਵਿੱਚ ਲੋੜ ਪੈਣ 'ਤੇ 20 ਮਿੰਟ ਅਤੇ ਸ਼ਹਿਰ ਵਿੱਚ 15 ਮਿੰਟ ਵਿੱਚ ਹੀ ਮਰੀਜ਼ ਜਾਂ ਜ਼ਖਮੀ ਵਿਅਕਤੀ ਤੱਕ ਪੁੱਜ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਾਈਟੈਕ ਐਂਬੂਲੈਂਸਾਂ ਸੜਕ ਸੁਰੱਖਿਆ ਫੋਰਸ ਦੇ ਨਾਲ ਤਾਲਮੇਲ ਰੱਖਦਿਆਂ ਆਪਣੀਆਂ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਨਗੀਆਂ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਸਹੂਲਤਾਂ ਲਈ ਚਾਲੂ ਕੀਤੀਆਂ ਆਮ ਆਦਮੀ ਕਲੀਨਿਕਾਂ ਸਫਲਤਾ ਪੂਰਵਕ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦੇ ਰਹੀਆਂ ਹਨ ਅਤੇ ਇਨਾਂ ਸੰਸਥਾਵਾਂ ਦਾ ਹਰ ਤੀਜਾ ਪੰਜਾਬੀ ਲਾਭ ਉਠਾ ਰਿਹਾ ਹੈ।

# ਰਾਕਸਾ ਸਕਿਓਰਿਟੀ ਕੰਪਨੀ ਵੱਲੋਂ ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ ਇੰਟਰਵਿਊ ਭਲਕੇ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ।ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 01.08.2024 ਨੂੰ ਸੀ-ਪਾਈਟ ਸੈਂਟਰ, ਡੇਰਾ ਬਾਬਾ ਨਾਨਕ ਵਿਖੇ ਰਾਕਸਾ ਸਕਿਉਰਿਟੀ ਪ੍ਰਾਈਵੇਟ ਲਿਮ: ਕੰਪਨੀ ਵੱਲੋਂ ਸਕਿਉਰਿਟੀ ਗਾਰਡ ਦੀ ਆਸਾਮੀ ਲਈ ਇੰਟਰਵਿਊ ਕੀਤੀ ਜਾਣੀ ਹੈ। ਸਕਿਓਰਿਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀ ਪਾਸ, ਉਮਰ 18 ਤੋਂ 35 ਸਾਲ, ਕੱਦ 167ਸੈ:ਮੀ ਅਤੇ ਭਾਰ 50 ਕਿੱਲੋ ਤੋਂ ਉੱਪਰ ਹੋਣਾ ਚਾਹੀਦਾ ਹੈ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਕੰਪਨੀ ਵੱਲੋਂ ਚੁਣੇ ਗਏ ਪ੍ਰਾਰਥੀਆਂ ਨੂੰ 01 ਮਹੀਨੇ ਦੀ ਆਫ਼-ਲਾਈਨ ਟਰੇਨਿੰਗ ਦਿੱਤੀ ਜਾਵੇਗੀ ।

ਟਰੇਨਿੰਗ ਮੁਕੰਮਲ ਹੋਣ ਤੋਂ ਬਾਅਦ 15000 ਤੋਂ 20000 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਵੇਗੀ ਅਤੇ ਕੰਪਨੀ ਵੱਲੋਂ ਚੁਣੇ ਗਏ ਪ੍ਰਾਰਥੀਆਂ ਨੂੰ 2 ਟਾਈਮ ਦਾ ਖਾਣਾ ਵੀ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਕੰਪਨੀ ਵੱਲੋਂ ਫ਼ੰਡ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ ।ਉਨ੍ਹਾਂ ਨੇ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਵੱਖ ਵੱਖ ਏਅਰਪੋਰਟ, ਮਲਟੀਨੈਸ਼ਨਲ ਕੰਪਨੀਆਂ ਆਦਿ ਵਿੱਚ ਜਾਬ ਮੁਹੱਈਆ ਕਰਵਾਈ ਜਾਂਦੀ ਹੈ ।

ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਮਿਤੀ 01.08.2024 ਨੂੰ ਆਪਣੇ ਅਸਲ ਦਸਤਾਵੇਜ਼ ਦੀਆ ਕਾਪੀਆਂ, ਆਧਾਰ ਕਾਰਡ, 2 ਪਾਸਪੋਰਟ ਸਾਈਜ਼ ਫ਼ੋਟੋ ਤੇ ਰਿਜ਼ਿਊਮ (ਸੀ.ਵੀ) ਸਮੇਤ ਸੀ-ਪਾਈਟ ਸੈਂਟਰ , ਡੇਰਾ ਬਾਬਾ ਨਾਨਕ ਵਿਖੇ ਸਵੇਰੇ 9:30 ਵਜੇ ਤੱਕ ਪਹੁੰਚਣ ਅਤੇ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਧੀਰਾ ਵਿਖੇ ਡੈੱਡ ਬਾਡੀ ਫਰੀਜ਼ਰ ਭੇਟ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸਖਸੀਅਤ ਅਤੇ ਦੁਬਈ ਦੇ ਉੱਘੇ ਸਿੱਖ ਕਾਰੋਬਾਰੀ ਡਾਕਟਰ ਐੱਸ. ਪੀ. ਸਿੰਘ ਉਬਰਾਏ ਵੱਲੋਂ ਨਿਭਾਈਆਂ ਜਾ ਰਹੀਆਂ ਲਾਮਿਸਾਲ ਸੇਵਾਵਾਂ ਜਿੱਥੇ ਬੇਹੱਦ ਸ਼ਲਾਘਾਯੋਗ ਹਨ, ਉਥੇ ਨਾਲ ਹੀ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਡਾ. ਉਬਰਾਏ ਵੱਲੋਂ ਸੰਸਾਰ ਭਰ ਦੇ ਅੰਦਰ ਆਪਣਾ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਤੇ ਜ਼ਿਲ੍ਹਾ ਭੱਠਾ ਐਸੋਸੀਏਸ਼ਨ ਦੇ ਚੇਅਰਮੈਨ ਅਤੇ ਸਮਾਜ ਸੇਵੀ ਸ਼ਖਸੀਅਤ ਬਲਵਿੰਦਰ ਸਿੰਘ ਸ਼ਾਹ ਨੇ ਗੱਲਬਾਤ ਕਰਦਿਆਂ ਕੀਤਾ। ਚੇਅਰਮੈਨ ਬਲਵਿੰਦਰ ਸਿੰਘ ਸ਼ਾਹ ਨੇ ਕਿਹਾ ਕਿ ਡਾ. ਉਬਰਾਏ ਵੱਲੋਂ ਜਿੱਥੇ ਵਿਦੇਸਾਂ ਦੇ ਵਿੱਚ ਮੌਤ ਦੇ ਮੂੰਹ ਵਿੱਚ ਜਾਣ ਵਾਲੇ ਬਦਨਸੀਬ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਨੂੰ ਵਿਦੇਸ਼ ਤੋਂ ਲਿਆ ਕੇ ਉਨ੍ਹਾਂ ਦੇ ਪਰਿਵਾਰਾਂ ਤੱਕ ਪਹੁੰਚਾਇਆ ਜਾ ਰਿਹਾ ਹੈ, ਉਥੇ ਨਾਲ ਹੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਗੁਆਂਢੀ ਸੂਬਿਆਂ ਦੇ ਵਿੱਚ ਡੈੱਡ ਬਾਡੀ ਫਰੀਜਰਾਂ ਦੀ ਸਪਲਾਈ ਵੀ ਕੀਤੀ ਜਾ ਰਹੀ ਹੈ, ਤਾਂ ਜੋ ਮ੍ਰਿਤਕ ਦੇਹਾਂ ਦੀ ਸਾਂਭ-ਸੰਭਾਲ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਡਾ. ਐੱਸ. ਪੀ. ਸਿੰਘ ਉਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਦੀ ਸੇਵਾ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਖਰਚ ਕਰਨਾ ਇੱਕ ਇਤਿਹਾਸਿਕ ਮਿਸਾਲ ਹੈ, ਕਿਉਂਕਿ ਅੱਜ ਤੱਕ ਇੰਨੇ ਵੱਡੇ ਪੱਧਰ ਤੇ ਕਿਸੇ ਵੀ ਧੰਨਵਾਨ ਵਿਅਕਤੀ ਨੇ ਦਾਨ ਪੁੰਨ ਨਹੀਂ ਕੀਤਾ। ਦੱਸਣਯੋਗ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ, ਤੇਜਪਾਲ ਸਿੰਘ ਪਾਲ ਅਤੇ ਹਰਜੀਤ ਸਿੰਘ ਵੱਲੋਂ ਚੇਅਰਮੈਨ ਬਲਵਿੰਦਰ ਸਿੰਘ ਸ਼ਾਹ ਦੇ ਯਤਨਾਂ ਸਦਕਾ ਉਨ੍ਹਾਂ ਦੇ ਜੱਦੀ ਪਿੰਡ ਧੀਰਾ ਵਿਖੇ ਮ੍ਰਿਤਕ ਦੇਹਾਂ ਦੀ ਸਾਂਭ ਸੰਭਾਲ ਕਰਨ ਦੇ ਲਈ ਇੱਕ ਡੈੱਡ ਬਾਡੀ ਫਰੀਜਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀਆਂ ਨੂੰ ਭੇਂਟ ਕੀਤਾ ਗਿਆ ਹੈ ਜਿਸ ਦੇ ਚਲਦਿਆਂ ਚੇਅਰਮੈਨ ਬਲਵਿੰਦਰ ਸਿੰਘ ਸ਼ਾਹ ਅਤੇ ਪਿੰਡ ਵਾਸੀਆਂ ਵੱਲੋਂ ਡਾ. ਐੱਸ. ਪੀ. ਸਿੰਘ ਉਬਰਾਏ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੀ ਟੀਮ ਦਾ ਧੰਨਵਾਦ ਵੀ ਕੀਤਾ ਗਿਆ ਹੈ।

# 10,000 ਰੁਪਏ ਰਿਸ਼ਵਤ ਲੈਂਦਾ ਨਗਰ ਕੌਂਸਲ ਦਾ ਕਲਰਕ ਕਾਬੂ



ਤਰਨਤਾਰਨ/ ਭਿੱਖੀਵਿੰਡ/ ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ/)-ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਨਗਰ ਕੌਂਸਲ ਤਰਨਤਾਰਨ ਵਿਖੇ ਤਾਇਨਾਤ ਕਲਰਕ ਵਰਿੰਦਰਪਾਲ ਉਰਫ਼ ਵਿੱਕੀ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਸੁਖਦੇਵ ਸਿੰਘ ਵਾਸੀ ਪਿੰਡ ਵਲੀਪੁਰ, ਜ਼ਿਲ੍ਹਾ ਤਰਨਤਾਰਨ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਸਦੇ ਹੋਟਲ ਵਿੱਚ ਬਿਜਲੀ ਦਾ ਮੀਟਰ ਲਗਾਉਣ ਲਈ ਇਤਰਾਜ਼ ਹੀਣਤਾ ਸਰਟੀਫਿਕੇਟ (ਐੱਨਓਸੀ) ਜਾਰੀ ਕਰਨ ਬਦਲੇ ਉਕਤ ਮੁਲਜ਼ਮ ਕਲਰਕ ਨੇ ਉਸ ਕੋਲੋਂ 33,000 ਰੁਪਏ ਰਿਸ਼ਵਤ ਦੀ ਮੰਗ ਕੀਤੀ।ਬੁਲਾਰੇ ਨੇ ਅੱਗੇ ਦੱਸਿਆ ਕਿ ਮੁੱਢਲੀ ਤਫ਼ਤੀਸ਼ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਕਲਰਕ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪਾਲਤੂ ਜਾਨਵਰਾਂ ਨੂੰ ਹਲਕਾਅ ਤੋਂ ਬਚਾਉਣ ਲਈ ਮੁਫ਼ਤ ਟੀਕਾਕਰਨ ਕੈਂਪ ਭਲਕ ਤੋਂ

**ਦੀਨਾਨਗਰ (ਸੰਜੀਵ)**-ਦੀਨਾਨਗਰ ਦੇ ਵੈਟਰੀਸਿਟੀ ਦੇ ਡਾ. ਅਰਨਵ ਕੁਮਾਰ ਨੇ ਜਾਣਕਾਰੀ ਸਾਂਝੀ ਕੀਤੀ ਕਿ 1 ਅਗਸਤ ਤੋਂ 18 ਅਗਸਤ ਤੱਕ ਅਸੀਂ ਪਾਲਤੂ ਜਾਨਵਰਾਂ ਵਾਸਤੇ ਇਕ ਫ੍ਰੀ ਕੈਂਪ ਦੀਨਾਨਗਰ ਵਿਖੇ ਏ. ਐੱਸ. ਗਾਰਡਨ ਦੇ ਸਾਹਮਣੇ ਵੈਟਰੀਸਿਟੀ ਵਿੱਚ ਲਗਾ ਰਹੇ ਹਾਂ, ਜਿਸ ਵਿੱਚ ਅਸੀਂ ਪਾਲਤੂ ਜਨਵਰਾਂ ਦਾ ਕਈ ਤਰ੍ਹਾਂ ਦਾ ਉਪਚਾਰ ਕਰਾਂਗੇ, ਜਿਸ ਵਿੱਚ ਤੁਸੀਂ ਆਪਣੇ ਪਾਲਤੂ ਜਾਨਵਰਾਂ ਦੇ ਹਲਕਾਅ ਤੋਂ ਬਚਣ ਦੇ ਟੀਕੇ, ਕੀੜਿਆਂ ਦੀ ਦਵਾਈ, ਖਾਣ-ਪੀਣ ਦੀ ਜਾਣਕਾਰੀ, ਸਰੀਰਕ ਜਾਂਚ, ਪੈੱਟ ਦੇ ਨਹੁੰਆਂ ਦੀ ਕਟਾਈ ਆਦਿ ਬਿਨਾਂ ਪੈਸੇ ਤੋਂ ਹੋਵੇਗੀ। ਡਾ. ਅਰਨਵ ਨੇ ਕਿਹਾ ਕਿ ਇਹ ਕੈਂਪ ਅਸੀਂ ਲੋਕ ਭਲਾਈ ਲਈ ਲਗਾਉਂਦੇ ਹੀ ਰਹਿੰਦੇ ਹਾਂ ਤਾਂ ਜੋ ਗਰੀਬ ਲੋਕ ਵੀ ਇਸ ਕੈਂਪ ਦਾ ਲਾਹਾ ਲੈ ਸਕਣ।





हरियाणा सरकार
म्हारा हरियाणा
नॉन-स्टॉप हरियाणा
हम हरियाणवी
अपने हर जिले में मेडिकल कॉलेज देख रहे हैं
वर्ष 2014 में प्रदेश में मात्र 6 मेडिकल कॉलेज थे,
वर्ष 2024 में 15 मेडिकल कॉलेज हैं
इसी अवधि में MBBS की सीटों की संख्या 700 से बढ़कर 2185 हुई
पी.जी. की सीटें 289 से बढ़कर 1006 हुई
रेवाड़ी में AIIMS जल्द ही
सूचना, जन सम्पर्क एवं भाषा विभाग, हरियाणा
www.prharyana.gov.in | Follow us on
@diprharyana

## ਨਸ਼ਾ ਤਸਕਰ ਦੀ ਪ੍ਰਾਪਰਟੀ ਕੀਤੀ ਫਰੀਜ਼



ਮੱਖੂ (ਰਛਪਾਲ ਸਿੰਘ ਸੰਧੂ)-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਚਲਾਈ ਮੁਹਿੰਮ ਤਹਿਤ ਐੱਸ ਐੱਸ ਪੀ ਫਿਰੋਜ਼ਪੁਰ ਦੇ ਹੁਕਮਾਂ ਤਹਿਤ ਥਾਣਾ ਮਖੂ ਦੇ ਮੁੱਖ ਅਫਸਰ ਇੰਸਪੈਕਟਰ ਤਰਨਦੀਪ ਸਿੰਘ ਵੱਲੋਂ ਬਲਾਕ ਮਖੂ ਦੇ ਪਿੰਡ ਪੀਰ ਮੁਹੰਮਦ ਦੇ ਕੇਵਲ ਸਿੰਘ ਪੁੱਤਰ ਵੀਰ ਸਿੰਘ ਦੀ ਪ੍ਰਾਪਰਟੀ ਫਰੀਜ਼ ਕੀਤੀ ਗਈ।ਇਸ ਮੌਕੇ ਉਨ੍ਹਾਂ ਨਾਲ ਪੁਲਸ ਮੁਲਾਜ਼ਮ ਸੁਖਦੇਵ ਸਿੰਘ, ਲਖਵਿੰਦਰ ਸਿੰਘ, ਕੇਹਰ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।ਥਾਣਾ ਮਖੂ ਦੇ ਮੁੱਖ ਅਫਸਰ ਇੰਸਪੈਕਟਰ ਤਰਨਦੀਪ ਸਿੰਘ ਵੱਲੋਂ ਕੇਵਲ ਸਿੰਘ ਪਰਿਵਾਰ ਵਾਲਿਆਂ ਨੂੰ ਪ੍ਰਾਪਰਟੀ ਫਰੀਜ਼ ਕਰਨ ਦੇ ਦਸਤਾਵੇਜ਼ ਦਿੰਦਿਆਂ ਦੱਸਿਆ ਕਿ ਕੇਵਲ ਸਿੰਘ ’ਤੇ ਪਹਿਲਾਂ ਤਿੰਨ ਮੁੱਕਦਮੇ ਦਰਜ ਹਨ, ਸਾਲ 2020 ਵਿੱਚ 1000 ਹਜ਼ਾਰ ਨਸ਼ੀਲੀਆਂ ਗੋਲੀਆਂ ਦਾ ਮੁੱਕਦਮਾ ਨੰਬਰ 86 ਦਰਜ ਸੀ, ਉਸੇ ਕੇਸ ਦੇ ਸਬੰਧ ਵਿੱਚ ਪ੍ਰਾਪਰਟੀ ਫਰੀਜ਼ ਕੀਤੀ ਗਈ।ਇੰਸਪੈਕਟਰ ਤਰਨਦੀਪ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਐੱਸ ਐੱਸ ਪੀ ਫਿਰੋਜ਼ਪੁਰ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਨਸ਼ਾ ਤਸਕਰਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਵੀ ਫਰੀਜ਼ ਕੀਤੀਆਂ ਜਾ ਰਹੀਆਂ। ਉਨ੍ਹਾਂ ਨਸ਼ੇ ਦੇ ਸੌਦਾਗਰਾਂ ਤੇ ਨਸ਼ਾ ਵੇਚਣ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ’ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਤੀਆਂ ਦਾ ਤਿਉਹਾਰ ਮੌਕੇ ਫ਼ਲਦਾਰ ਤੇ ਛਾਂਦਾਰ ਬੂਟੇ ਲਗਾਏ



ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਨੇੜੇ ਪੈਂਦੇ ਗੁਰਥਲੀ ਪੁਲ ਕੋਲ ਬਣਾਏ ਗਏ ਗੁਰਥਲੀ ਕੈਨਾਲ ਪਾਰਕ ਵਿਖੇ ਹਰ ਸਾਲ ਦੀ ਤਰ੍ਹਾਂ ਤੀਆਂ ਦਾ ਤਿਉਹਾਰ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਇਲਾਕੇ ਦੇ ਬੱਚੀਆਂ, ਔਰਤਾਂ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਨੇ ਜੋਸ਼ੋ-ਖਰੋਸ਼ ਨਾਲ ਹਿੱਸਾ ਲਿਆ।ਇਸ ਮੌਕੇ ਡਾਕਟਰ ਹਰਸ਼ਰਨ ਕੌਰ ਸਿੱਧੂ ਹਸਪਤਾਲ ਉਚੇਚੇ ਤੌਰ ’ਤੇ ਪੁੱਜੇ।ਇਸ ਤੋਂ ਇਲਾਵਾ ਐਡਵੋਕੇਟ ਗੁਰਜੋਤ ਕੌਰ ਮਾਂਗਟ, ਸ. ਬੰਤ ਸਿੰਘ ਦਬੁਰਜੀ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਵਨੀਤ ਆਸ਼ਟ, ਸਾਬਕਾ ਕੌਂਸਲਰ ਰਾਜਵੀਰ ਰੁਬਲ, ਸਮਾਜ ਸੇਵੀ ਜਗਜੀਤ ਸਿੰਘ ਚੀਮਾ ਬਾਬਾ ਮਟੀਰੀਅਲ ਤੇ ਹੋਰ ਮੋਤਵਰ ਉਚੇਚੇ ਤੌਰ ’ਤੇ ਇਸ ਪ੍ਰੋਗਰਾਮ ਵਿੱਚ ਬੱਚੀਆਂ ਦੇ ਨਾਲ ਖੁਸ਼ੀ ਸਾਂਝੀ ਕਰਨ ਲਈ ਪੁੱਜੇ।ਇਸ ਮੌਕੇ ਮੁੱਖ ਪ੍ਰਬੰਧਕ ਅਜਮੇਰ ਸਿੰਘ, ਸਾਬਕਾ ਐੱਸ ਡੀ ਓ ਸੋਹਣ ਸਿੰਘ ਨੇ ਵਾਤਾਵਰਨ ਸੰਭਾਲ ਸਬੰਧੀ ਬੱਚਿਆਂ ਨੂੰ ਜਾਗਰੂਕ ਕੀਤਾ, ਉਥੇ ਹੀ ਤਕਰੀਬਨ 150 ਫਲਦਾਰ ਤੇ ਛਾਂਦਾਰ ਬੂਟੇ ਵੀ ਲਗਾਏ ਗਏ।

## ਟੌਹੜਾ ਕਬੱਡੀ ਕੱਪ ਕਲੱਬ ਦੀ ਚੋਣ, ਸੁਰਿੰਦਰ ਸਿੰਘ ਪ੍ਰਧਾਨ ਚੁਣੇ



ਨਾਭਾ (ਵਰਿੰਦਰ ਵਰਮਾ)-ਧਾਰਮਿਕ ਤੇ ਸਮਾਜਿਕ ਕਾਰਜਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਚੰਗਾ ਨਾਮਣਾ ਖੱਟਣ ਵਾਲੇ ਟੌਹੜਾ ਕਬੱਡੀ ਕੱਪ ਕਲੱਬ ਦੀ ਐਗਜ਼ੈਕਟਿਵ ਬਾਡੀ ਦੀ ਸਾਲਾਨਾ ਚੋਣ ਕਰਵਾਉਣ ਲਈ ਕਲੱਬ ਮੈਂਬਰਾਂ ਦੀ ਭਰਵੀਂ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਦੀ ਸਰਪ੍ਰਸਤੀ ਹੇਠ ਹੋਈ, ਜਿਸ ਦੌਰਾਨ ਜਸਵੰਤ ਸਿੰਘ ਅਕੋਤ ਨੂੰ ਸਰਪ੍ਰਸਤ ਤੇ ਸੁਰਿੰਦਰ ਸਿੰਘ ਜਿੰਦਲਪੁਰ ਨੂੰ ਸਾਲ 2024-25 ਲਈ ਕਲੱਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਵਰਿੰਦਰਪਾਲ ਸਿੰਘ ਆਸਟਰੇਲੀਆ ਨੂੰ ਸੀਨੀਅਰ ਮੀਤ ਪ੍ਰਧਾਨ, ਜਗਤਾਰ ਸਿੰਘ ਜਨਰਲ ਸਕੱਤਰ, ਗੁਰ ਸਿਮਰਨ ਸਿੰਘ ਵੈਦਵਾਨ ਮੀਤ ਪ੍ਰਧਾਨ, ਐਡਵੋਕੇਟ ਸੁਖਬੀਰ ਸਿੰਘ ਖਾਂਸੀਆ ਕਾਨੂੰਨੀ ਸਲਾਹਕਾਰ, ਬਬਲੀ ਨਾਭਾ ਕਬੱਡੀ ਟੂਰਨਾਮੈਂਟ ਪ੍ਰਬੰਧਕ ਆਦਿ ਨੂੰ ਅਹੁਦਿਆਂ ਲਈ ਸਰਬਸੰਮਤੀ ਨਾਲ ਚੁਣਿਆ ਗਿਆ, ਜਿਸ ਨੂੰ ਸਾਲਾਨਾ ਮੀਟਿੰਗ ਵਿੱਚ ਹਾਜ਼ਰ ਸਮੁੱਚੇ ਕਲੱਬ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।ਜਥੇਦਾਰ ਸਤਵਿੰਦਰ ਸਿੰਘ ਟੌਹੜਾ ਨੇ ਪਿਛਲੇ ਸਾਲ ਦੌਰਾਨ ਨਿਭਾਈਆਂ ਗਈਆਂ ਗਤੀਵਿਧੀਆਂ ਦੌਰਾਨ ਸਮੁੱਚੇ ਕਲੱਬ ਮੈਂਬਰਾਂ ਵੱਲੋਂ ਬਖਸ਼ੇ ਸਹਿਯੋਗ ਲਈ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ।ਸਾਲਾਨਾ ਮੀਟਿੰਗ ਦੌਰਾਨ ਰਣਧੀਰ ਸਿੰਘ ਢੀਂਡਸਾ ਵੱਲੋਂ ਜਿੱਥੇ ਕਲੱਬ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਸਬੰਧੀ ਜਾਣਕਾਰੀ ਦਿੱਤੀ ਗਈ, ਉੱਥੇ ਹੀ ਮੀਟਿੰਗ ਵਿੱਚ ਪਹੁੰਚਣ ’ਤੇ ਸਮੁੱਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ।

## ਵਾਹਨ ਚੋਰੀ ਮਾਮਲਿਆਂ ’ਚ ਚਾਰ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਵਾਹਨ ਚੋਰੀ ਦੇ ਮਾਮਲਿਆਂ ’ਚ ਲੋੜੀਂਦੇ ਚਾਰ ਵਿਅਕਤੀਆਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਆਈ.ਏ. ਸਟਾਫ ਸਰਹਿੰਦ ਦੀ ਇੱਕ ਟੀਮ ਨੂੰ ਸੂਚਨਾ ਮਿਲੀ ਸੀ ਕਿ ਵਿਨੋਦ ਕੁਮਾਰ ਉਰਫ ਬਿੱਲਾ, ਪ੍ਰਦੀਪ ਸਿੰਘ ਉਰਫ ਦੀਪੀ, ਹਰਮਨ ਸਿੰਘ ਅਤੇ ਰਾਜੇਸ਼ ਕੁਮਾਰ ਗੱਡੀਆਂ ਚੋਰੀ



ਕਰਨ ਦੇ ਆਦੀ ਹਨ, ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਸਰਹਿੰਦ ਦੇ ਹਮਾਂਯੂਪੁਰ ਇਲਾਕੇ ’ਚੋਂ ਵੀ ਇੱਕ ਮਾਰੂਤੀ ਕਾਰ ਨੰਬਰ ਪੀ.23.ਈ-2300 ਚੋਰੀ ਕੀਤੀ ਸੀ, ਜਿਸ ਨੂੰ ਵੇਚਣ ਲਈ ਉਕਤ ਵਿਅਕਤੀ ਮੰਡੀ ਗੋਬਿੰਦਗੜ੍ਹ ਤੋਂ ਰਾਜਪੁਰਾ ਵੱਲ ਨੂੰ ਜਾ ਰਹੇ ਹਨ। ਨਾਕਾਬੰਦੀ ਕਰਦਿਆਂ ਸੀ.ਆਈ.ਏ. ਸਟਾਫ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਪ੍ਰਦੀਪ ਸਿੰਘ ਉਰਫ ਦੀਪੀ ਵਾਸੀ ਪਿੰਡ ਸਾਨੀਪੁਰ, ਹਰਮਨ ਸਿੰਘ ਵਾਸੀ ਖੰਨਾ, ਵਿਨੋਦ ਕੁਮਾਰ ਉਰਫ ਬਿੱਲਾ ਅਤੇ ਰਾਜੇਸ਼ ਕੁਮਾਰ ਵਾਸੀਆਨ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫਤਾਰ ਕਰ ਲਿਆ, ਜਿਨਾਂ ਦੇ ਕਬਜ਼ੇ ’ਚੋਂ ਸਰਹਿੰਦ ਤੋਂ ਚੋਰੀ ਕੀਤੀ ਗਈ ਮਾਰੂਤੀ ਕਾਰ ਵੀ ਬਰਾਮਦ ਹੋਈ।ਸੂਤਰਾਂ ਮੁਤਾਬਿਕ ਉਕਤ ਵਿਅਕਤੀਆਂ ਨੇ ਵੱਖ-ਵੱਖ ਥਾਵਾਂ ਤੋਂ ਕਈ ਵਾਹਨ ਚੋਰੀ ਕੀਤੇ ਹਨ ਜਿਸ ’ਤੇ ਮਾਮਲੇ ਦੀ ਡੂੰਘਾਈ ਨਾਲ ਤਫਤੀਸ਼ ਕੀਤੀ ਜਾ ਰਹੀ ਹੈ।

## ਐੱਨ ਆਰ ਆਈ ਵੀਰ ਵੱਲੋਂ ਗਤਕਾ ਟੀਮ ਨੂੰ ਸਾਮਾਨ ਭੇਟ



ਚੌਂਕੀਮਾਨ (ਬਲਬੀਰ ਸਿੰਘ ਮਾਨ)-ਸੰਤ ਬਾਬਾ ਨਿਹਾਲ ਸਿੰਘ ਗਤਕਾ ਪਾਰਟੀ ਪਿੰਡ ਮੋਹੀ ਦੀਆਂ ਗਤਕਾ ਖੇਡਾਂ ਅੰਦਰ ਕੀਤੀਆਂ ਪ੍ਰਾਪਤੀਆਂ ਤੋਂ ਖੁਸ਼ ਹੋ ਕੇ ਸ੍ਰ: ਹਰਵਿੰਦਰ ਸਿੰਘ ਖਾਲਸਾ ਐੱਨ ਆਰ ਆਈ ਦੁਆਰਾ ਗਤਕਾ ਅਖਾੜੇ ਨੂੰ ਹੋਰ ਉਤਸ਼ਾਹਤ ਕਰਨ ਲਈ ਉਨ੍ਹਾਂ ਦੀ ਲੋੜ ਅਨੁਸਾਰ ਪ੍ਰਧਾਨ ਜਸਮੇਲ ਸਿੰਘ ਮੋਹੀ ਰਾਹੀਂ ਗਤਕਾ ਖੇਡਣ ਲਈ ਲੋੜੀਂਦਾ ਜ਼ਰੂਰੀ ਸਾਮਾਨ ਖਰੀਦ ਕੇ ਦਿੱਤਾ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਸਹੀ ਢੰਗ ਨਾਲ ਸਹੀ ਸੇਧ ਦੇ ਕੇ ਬਾਣੀ, ਬਾਣੇ ਤੇ ਇਤਿਹਾਸਕ ਖੇਡਾਂ ਨਾਲ ਜੋੜਿਆ ਜਾ ਸਕੇ।ਇਸ ਮੌਕੇ ਇਸ ਗਤਕਾ ਖੇਡ ਦੀ ਕੋਚ ਇਬਾਦਤ ਕੌਰ, ਕਰਮਜੀਤ ਸਿੰਘ, ਬੁੱਧ ਸਿੰਘ, ਕਰਨੈਲ ਸਿੰਘ ਆਦਿ ਨੇ ਪ੍ਰਧਾਨ ਜਸਮੇਲ ਸਿੰਘ ਮੋਹੀ ਤੇ ਵਿਦੇਸ਼ੀ ਵੀਰ ਹਰਵਿੰਦਰ ਸਿੰਘ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।

## ਪੈਰਾਡਾਈਜ਼ ਅਕੈਡਮੀ ਵਿਖੇ ਸਿੱਖਿਆ ਸਪਤਾਹ ਮਨਾਇਆ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਨਾਮਵਰ ਸੰਸਥਾ ਪੈਰਾਡਾਈਜ਼ ਅਕੈਡਮੀ ਵਜੀਦਕੇ ਖੁਰਦ ਵੱਲੋਂ ਸੀ.ਬੀ.ਐੱਸ.ਈ. ਤੇ ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਦੀ ਅਗਵਾਈ ਹੇਠ ‘ਸਿੱਖਿਆ ਸਪਤਾਹ’ ਮਨਾਇਆ ਗਿਆ, ਜਿਸ ਵਿੱਚ ਪਹਿਲੀ ਤੋਂ ਤੀਜੀ ਸ਼੍ਰੇਣੀ ਤੱਕ ਦੇ ਬੱਚਿਆਂ ਵਿੱਚ ਸੁਣਨ, ਬੋਲਣ, ਪੜ੍ਹਨ ਤੇ ਲਿਖਣ ਕੌਸ਼ਲ ਨੂੰ ਵਿਕਸਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।ਵਿਦਿਆਰਥੀਆਂ ਨੇ ਕੋਟਲਾ ਛਪਾਕੀ, ਬਾਂਦਰ ਕੀਲਾ, ਲੰਗੜੀ ਲੱਤ, ਪੋਸ਼ਨ ਪਾ, ਗੁੱਲੀ-ਡੰਡਾ ਤੇ ਬਰਫ ਪਾਣੀ ਵਰਗੀਆਂ ਸਥਾਨਕ ਖੇਡਾਂ ਖੇਡ ਕੇ ਅਨੰਦ ਮਾਣਿਆ।ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਵਿੱਚ ਬੱਚਿਆਂ ਨੇ ਲੋਕ-ਗੀਤ, ਸਿੱਠਣੀਆਂ, ਗਿੱਧਾ, ਭੰਗੜਾ ਤੇ ਨੁੱਕੜ ਨਾਟਕ ਪੇਸ਼ ਕੀਤਾ।ਪ੍ਰਬੰਧਕ ਵਿਸ਼ਾਲ ਗਰਗ, ਅਲੋਕ ਸਿੰਗਲਾ ਤੇ ਸੁਰਿੰਦਰ ਬਾਵਾ ਨੇ ਉਸਾਰੂ ਜਾਣਕਾਰੀ ਦਿੱਤੀ।ਈਕੋ ਕਲੱਬ ਤਹਿਤ ਵਿਦਿਆਰਥੀਆਂ ਤੋਂ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਵਾਏ ਗਏ ਤੇ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ‘ਸਿੱਖਿਆ ਸਪਤਾਹ’ ਦੇ ਸਮਾਪਤੀ ਮੌਕੇ ਸਕੂਲ ਦੀ ਮੈਨੇਜਮੈਂਟ ਨੇ ਬੱਚਿਆਂ ਦੇ ਵਿਕਾਸ ਲਈ ਸਕੂਲ ਵਿੱਚ ਕੀਤੇ ਜਾ ਰਹੇ ਕਾਰਜਾਂ ਤੇ ਉਪਰਾਲਿਆਂ ਨੂੰ ਪਿੰਡ ਦੇ ਪਤਵੰਤੇ ਸੱਜਣਾਂ ਨਾਲ ਸਾਂਝਾ ਕੀਤਾ।

# ਨਰੇਗਾ ਰੋਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਨੇ ਪੰਜਾਬ ਭਰ ’ਚ ਜ਼ਿਲ੍ਹਾ ਕੋਆਰਡੀਨੇਟਰ ਨਰੇਗਾ ਨੂੰ ਦਿੱਤੇ ਮੰਗ ਪੱਤਰ

### ਅਨਫੇਅਰ ਲੇਬਰ ਪ੍ਰੈਕਟਿਕਸ ਨੂੰ ਬੰਦ ਕਰਦਿਆਂ ਨਰੇਗਾ ਦੀ ਪਾਰਦਰਸ਼ਤਾ ਨੂੰ ਬਹਾਲ ਰੱਖਿਆ ਜਾਵੇ : ਗਦਾਈਆ, ਖੋਸਾ



ਨਾਭਾ (ਵਰਿੰਦਰ ਵਰਮਾ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਮੋਗਾ, ਬਰਨਾਲਾ, ਮੁਕਤਸਰ ਸਾਹਿਬ, ਫਰੀਦਕੋਟ, ਸੰਗਰੂਰ, ਪਟਿਆਲਾ, ਫਤਿਹਗੜ੍ਹ ਸਾਹਿਬ, ਲੁਧਿਆਣਾ, ਅਮ੍ਰਿਤਸਰ ਸਾਹਿਬ, ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਜ਼ਿਲ੍ਹਾ ਆਗੂਆਂ ਸ਼ੇਰ ਸਿੰਘ ਦੌਲਤਪੁਰਾ, ਮਹਿੰਦਰ ਸਿੰਘ ਧੂੜਕੋਟ, ਮੋਗਾ ਜ਼ਿਲ੍ਹੇ ਸਲਾਹਕਾਰ ਕੁਲਦੀਪ ਸਿੰਘ ਭੋਲਾ, ਖੁਸ਼ੀਆ ਸਿੰਘ ਬਰਨਾਲਾ, ਬੋਹੜ ਸਿੰਘ ਸੁਖਨਾ ਹਰਵਿੰਦਰ ਸਿੰਘ ਲੰਬੀ, ਗੋਰਾ ਸਿੰਘ ਪਿੱਪਲੀ, ਮਨਜੀਤ ਕੌਰ, ਬਲਜੀਤ ਕੌਰ ਗਦਾਈਆ, ਰਿੰਪੀ ਰਾਣੀ ਖੋਖਰ, ਅਜੈਬ ਸਿੰਘ ਤੁੰਗਾਂ, ਸੰਗਰੂਰ ਜ਼ਿਲ੍ਹੇ ਸਲਾਹਕਾਰ ਸੁਖਦੇਵ ਸ਼ਰਮਾ, ਲੀਲਾ ਖਾਨ, ਮੇਲਾ ਸਿੰਘ, ਮੁਹੰਮਦ ਖ਼ਲੀਲ, ਕਿਰਨਾਂ ਕੌਰ, ਸਿਮਰਤ ਕੌਰ, ਲਖਵਿੰਦਰ ਸਿੰਘ, ਬਲਕਾਰ ਸਿੰਘ ਦੁਧਾਲਾ, ਗੁਰਦਿਆਲ ਸਿੰਘ ਫਾਜ਼ਿਲਕਾ, ਹੰਸਰਾਜ ਦੀ ਅਗਵਾਈ ’ਚ ਜ਼ਿਲ੍ਹਾ ਕੋਆਰਡੀਨੇਟਰ ਨਰੇਗਾ ਨੂੰ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਨਰੇਗਾ ਵਿੱਚ ਹੁੰਦੀ ਅਨਫੇਅਰ ਲੇਬਰ ਪ੍ਰੈਕਟਿਕਸ ਨੂੰ ਬੰਦ ਕਰਦਿਆਂ ਨਰੇਗਾ ਦੀ ਪਾਰਦਰਸ਼ਤਾ ਨੂੰ ਬਹਾਲ ਰੱਖਿਆ ਜਾਵੇ ਤੇ ਕੰਮ ਮੰਗ ਦੀ ਅਰਜੀ ਦਰਜ ਕਰਦਿਆਂ ਰਸੀਦ ਦੇਣੀ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਨਰੇਗਾ ਕਾਮਿਆਂ ਦੀ ਹਾਜ਼ਰੀ ਜਾਬ ਕਾਰਡ ’ਤੇ ਲੱਗੇ, ਨਰੇਗਾ ਐਕਟ 2005 ਦੇ ਤਹਿਤ 40 ਕਾਮਿਆਂ ਪਿੱਛੇ ਇੱਕ ਲਾਜ਼ਮੀ ਰੱਖਿਆ ਜਾਵੇ, ਮੇਟਾਂ ਨੂੰ ਸਕਿਲਡ ਕਾਮਿਆਂ ਵਾਲੀ ਉਜ਼ਰਤ 500 ਰੁਪਏ ਦਿੱਤੀ ਜਾਵੇ, ਨਰੇਗਾ ਕਾਮਿਆਂ ਤੇ ਮੇਟਾਂ ਦਾ ਬਣਦਾ ਮਾਨ ਸਨਮਾਨ ਬਹਾਲ ਕੀਤਾ ਜਾਵੇ, ਕੰਮ ਦੀ ਅਰਜ਼ੀ ਕਰਦਿਆ ਰਸੀਦ ਦੇਣੀ ਯਕੀਨੀਂ ਬਣਾਈ ਜਾਵੇ, ਕੰਮ ਦੀ ਅਰਜ਼ੀ ਦਰਜ਼ ਹੋ ਜਾਣ ’ਤੇ ਨਿਯਮਿਤ ਸਮੇਂ ’ਤੇ ਕੰਮ ਨਾ ਮਿਲਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ, ਜਿਸ ਪਿੰਡ ਵਿੱਚ ਕੰਮ ਹੋਣਾ ਹੈ, ਉਸ ਪਿੰਡ ਦੀ ਸਕਿਲਡ ਤੇ ਸੈਮੀਸਕਿਲਡ ਲੇਬਰ ਨੂੰ ਪਹਿਲ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਸੂਬਾ ਤੇ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ ਕਿ ਨਰੇਗਾ ਕੰਮ ਦਿਨ 2006 ਤੋਂ 14 ਫਰਵਰੀ 2008 ਤੱਕ ਪ੍ਰਤੀ ਦਿਨ 6 ਘੰਟੇ ਦੀ ਦਿਹਾੜੀ ਸੀ, ਉਹੀ ਲਾਗੂ ਕੀਤੀ ਜਾਵੇ, ਨਰੇਗਾ ਦੇ ਕੰਮ ਦਿਨਾਂ ਵਿੱਚ ਵਾਧਾ ਕਰਦਿਆਂ 200 ਦਿਨ ਕੀਤੇ ਜਾਣ ਤੇ ਉਜ਼ਰਤ ਰੇਟ 437 ਰੁਪਏ (ਬਰਾਬਰ ਖੇਤੀ ਵਿੱਚ ਬਗ਼ੈਰ ਰੋਟੀ ਰੇਟ) ਕਰਨ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ ਤਾਂ ਕਿ ਪੰਜਾਬ ਦੇ ਨਰੇਗਾ ਮਜ਼ਦੂਰਾਂ ਨਾਲ ਹੁੰਦਾ ਵਿਤਕਰਾ ਦੂਰ ਹੋਵੇ। ਨਰੇਗਾ ਆਗੂਆਂ ਨੇ ਕਿਹਾ ਕਿ ਜੇਕਰ ਮੰਗ ਪੱਤਰ ਵਿਚਾਰਨ ਲਈ ਮੀਟਿੰਗਾਂ ਦਾ ਸੱਦਾ ਨਾ ਆਇਆ ਤੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

**ਸੇਵਾ ਮੁਕਤੀ ’ਤੇ ਵਿਸ਼ੇਸ਼**

# ਮਿਹਨਤੀ, ਸਫਲ ਤੇ ਸਮਰਪਤ ਪ੍ਰਿੰਸੀਪਲ ਹਰਜੀਤ ਸਿੰਘ



ਮਹਿਤਪੁਰ (ਰਾਜਾ)-ਹਰਜੀਤ ਸਿੰਘ ਪ੍ਰਿੰਸੀਪਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ (ਜਲੰਧਰ) ਬਹੁਤ ਹੀ ਮਿਹਨਤੀ, ਸਫ਼ਲ ਅਤੇ ਸਮਰਪਿਤ ਸ਼ਖ਼ਸੀਅਤ ਦੇ ਮਾਲਕ ਹਨ।ਉਨ੍ਹਾਂ ਦਾ ਜਨਮ 01 ਅਗਸਤ 1966 ਨੂੰ ਪਿਤਾ ਜਨਕ ਸਿੰਘ ਅਤੇ ਮਾਤਾ ਸ੍ਰੀਮਤੀ ਸੱਤਿਆ ਦੇਵੀ ਦੇ ਘਰ ਪਿੰਡ ਜੁਨਾਟ ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਵਿਖੇ ਹੋਇਆ। ਦਸਵੀਂ ਤਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮੇਟਾ, ਹਾਇਰ ਸੈਕੰਡਰੀ (ਨਾਨ ਮੈਡੀਕਲ) ਤੋਂ ਉਪਰੰਤ ਬੀ. ਕਾਮ ਸਰਕਾਰੀ ਪੋਸਟ ਗ੍ਰੈਜੂਏਟ ਕਾਲਜ ਧਰਮਸ਼ਾਲਾ ਅਤੇ ਐੱਮ.ਕਾਮ ਸਰਕਾਰੀ ਪੋਸਟ ਗ੍ਰੈਜੂਏਟ ਕਾਲਜ ਮੰਡੀ (ਹਿਮਾਚਲ ਪ੍ਰਦੇਸ਼) ਤੋਂ ਪੂਰੀ ਕੀਤੀ। ਇਸ ਉਪਰੰਤ ਬੀ.ਐਡ ਅਤੇ ਐੱਮ.ਐਡ ਦੀ ਪੜ੍ਹਾਈ ਅੰਨਾਮਲਾਈ ਯੂਨੀਵਰਸਿਟੀ ਤਾਮਿਲਨਾਡੂ ਤੋਂ ਕੀਤੀ। ਸਰਕਾਰੀ ਨੌਕਰੀ ਵਿੱਚ ਆਉਣ ਤੋਂ ਪਹਿਲਾਂ ਇਹਨਾਂ ਨੇ ਤਿੰਨ ਸਾਲ ਅਧਿਆਪਨ ਸੇਵਾ ਐੱਸ ਐਮ ਐੱਸ ਡੀ ਪ੍ਰਾਈਵੇਟ ਸਕੂਲ ਸੁਜਾਨਪੁਰ (ਪਠਾਨਕੋਟ) ਵਿਖੇ ਕੀਤੀ। ਉਸ ਤੋਂ ਬਾਅਦ ਤਿੰਨ ਸਾਲ ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਬਤੌਰ ਲੈਕਚਰਾਰ ਕਾਮਰਸ ਵੀ ਕੰਮ ਕੀਤਾ। ਮਿਤੀ 01 ਮਾਰਚ 1996 ਨੂੰ ਬਤੌਰ ਲੈਕਚਰਾਰ ਕਾਮਰਸ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਵਿਖੇ ਹਾਜ਼ਰ ਹੋਏ।ਇਸ ਸਕੂਲ ਵਿਚ ਆਪਜੀ ਨੇ ਕਾਮਰਸ ਗਰੁੱਪ ਸ਼ੁਰੂ ਕੀਤਾ ਅਤੇ ਲਗਾਤਾਰ ਦਸੰਬਰ 2017 ਤਕ ਅਧਿਆਪਨ ਕੀਤਾ। ਸਾਲ 2010 ਤੋਂ ਸਾਲ 2011 ਤਕ ਬਤੌਰ ਡੀ.ਡੀ.ਓ ਵੀ ਕੰਮ ਕੀਤਾ ਅਤੇ ਸਾਰੇ ਗਰੁੱਪ ਚਾਲੂ ਰੱਖੇ। ਦਸੰਬਰ 2017 ਨੂੰ ਤਰੱਕੀ ਪ੍ਰਾਪਤ ਕਰਕੇ ਬਤੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਉਧੋਵਾਲ ਵਿਖੇ ਹਾਜ਼ਰ ਹੋਏ। ਉੱਥੇ ਦੋ ਸਾਲ ਸੇਵਾ ਕਰਨ ਉਪਰੰਤ 8 ਅਗਸਤ 2019 ਵਿੱਚ ਵਾਪਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਵਿਖੇ ਆ ਗਏ। ਸਾਲ 2019 ਤੋਂ ਹੁਣ ਤੱਕ ਮਿਹਨਤ ਨਾਲ ਕੰਮ ਕੀਤਾ ਅਤੇ ਸਕੂਲ ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤੇ। ਇਸ ਸਮੇਂ ਬਲਾਕ ਨਕੋਦਰ - 9 ਦੇ ਬੀ.ਐੱਨ.ਓ ਦੀ ਡਿਊਟੀ ਨਿਭਾ ਰਹੇ ਹਨ। ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਰੇਖਾ ਰਾਣੀ ਇਸ ਸਮੇਂ ਡੀ ਏ ਵੀ ਕਾਲਜ ਨਕੋਦਰ ਵਿਖੇ ਬਤੌਰ ਲਾਇਬ੍ਰੇਰੀਅਨ ਸੇਵਾਵਾਂ ਨਿਭਾ ਰਹੇ ਹਨ। ਬੇਟਾ ਅਭਿਸ਼ੇਕ ਠਾਕੁਰ ਆਸਟ੍ਰੇਲੀਆ ਵਿੱਚ ਸੈਟਲ ਹੈ ਅਤੇ ਬੇਟੀ ਅੰਕਿਤਾ ਠਾਕੁਰ ਟੈਗੋਰ ਹਸਪਤਾਲ, ਜਲੰਧਰ ਵਿਖੇ ਬਤੌਰ ਫਿਜ਼ੀਓਥੈਰਪਿਸਟ ਸੇਵਾਵਾਂ ਨਿਭਾ ਰਹੀ ਹੈ।ਉਹ 31 ਜੁਲਾਈ, 2024 ਨੂੰ 28 ਸਾਲ 5 ਮਹੀਨੇ 2 ਦਿਨ ਦੀ ਸੇਵਾ ਨਿਭਾ ਕੇ ਰਿਟਾਇਰ ਹੋ ਰਹੇ ਹਨ।

# ਕਿਸਾਨ ਖੇਤੀਬਾੜੀ ’ਵਰਸਿਟੀ ਦੀ ਸਿਫਾਰਸ਼ ਕੀਤੀ ਸਮੱਗਰੀ ਵਰਤਣ : ਡਾ. ਬਰਾੜ

### *ਹਰ ਕਿਸਾਨ ਆਪਣੇ ਟਿਊਬਵੈੱਲ ’ਤੇ ਪੰਜ ਪੌਦੇ ਲਗਾਏ*



ਮੋਗਾ (ਇਕਬਾਲ ਸਿੰਘ ਖਹਿਰਾ)-ਵਾਤਾਵਰਣ ਦੇ ਸੁਧਾਰ ਲਈ ਕਿਸਾਨ ਆਪਣੇ ਖੇਤਾਂ ਵਿੱਚ ਟਿਊਬਵੈੱਲ ’ਤੇ ਪੰਜ-ਪੰਜ ਪੌਦੇ ਲਗਾਉਣ। ਇਹ ਅਪੀਲ ਡਾ. ਜਸਵਿੰਦਰ ਸਿੰਘ ਬਰਾੜ ਮੁੱਖ ਖੇਤੀਬਾੜੀ ਅਫਸਰ ਮੋਗਾ ਨੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਨੁਮਾਇੰਦਿਆਂ ਨਾਲ ਵਾਤਾਵਰਣ ਤੇ ਖੇਤੀ ਸਬੰਧੀ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਕੀਤੀ ਗਈ ਮੀਟਿੰਗ ਦੌਰਾਨ ਕੀਤੀ। ਇਸ ਮੀਟਿੰਗ ਵਿੱਚ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਭੁਪਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਪ੍ਰੀਤਮ ਸਿੰਘ ਸੂਬਾ ਮੀਤ ਪ੍ਰਧਾਨ, ਰਸ਼ਪਾਲ ਸਿੰਘ ਪਟਵਾਰੀ ਮੰਚ ’ਤੇ ਬਿਰਾਜ਼ਮਾਨ ਸਨ। ਡਾਕਟਰ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਾਸਮਤੀ ’ਤੇ ਪਾਬੰਦੀਯੋਗ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ ਤਾਂ ਜੋ ਕਿਸਾਨ ਵਾਤਾਵਰਣ ਨੂੰ ਸ਼ੁੱਧ ਬਣਾਉਣ ਵਿੱਚ ਵੱਡਮੁੱਲਾ ਯੋਗਦਾਨ ਪਾ ਸਕਣ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੇ ਖੇਤਾਂ ਵਿੱਚ ਸਿਰਫ ਸਿਫਾਰਸ਼ ਕੀਤੀ ਸਮੱਗਰੀ ਦੀ ਵਰਤੋਂ ਕਰਨ। ਭੁਪਿੰਦਰ ਸਿੰਘ ਦੌਲਤਪੁਰਾ ਨੇ ਡਾਕਟਰ ਜਸਵਿੰਦਰ ਸਿੰਘ ਬਰਾੜ ਦਾ ਕਿਸਾਨਾਂ ਨਾਲ ਵਿਸ਼ੇਸ਼ ਮੀਟਿੰਗ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਵਿਸ਼ਵਾਸ ਦੁਆਇਆ ਕਿ ਕਿਸਾਨਾਂ ਦੇ ਨੁਮਾਇੰਦੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਜਾਗਰੂਕ ਕਰਨਗੇ। ਇਸ ਮੀਟਿੰਗ ਵਿੱਚ ਪ੍ਰੀਤਮ ਸਿੰਘ ਬਾਘਾ ਪੁਰਾਣਾ, ਸੇਵਕ ਸਿੰਘ, ਰਵਿੰਦਰ ਸਿੰਘ ਭੋਲਾ ਜ਼ਿਲ੍ਹਾ ਜਰਨਲ ਸਕੱਤਰ, ਗੁਰਮੇਲ ਸਿੰਘ ਡਰੋਲੀ ਭਾਈ, ਜਗਤਾਰ ਸਿੰਘ ਚੋਟੀਆਂ ਖੁਰਦ, ਮੰਦਰਜੀਤ ਸਿੰਘ ਮਨਾਵਾਂ, ਮੇਜਰ ਸਿੰਘ ਬਾਘਾ ਪੁਰਾਣਾ, ਬਲਕਰਨ ਸਿੰਘ ਢਿੱਲੋਂ ਬੁੱਟਰ, ਜਗਸੀਰ ਸਿੰਘ ਜੱਗੀ, ਅਮਰਜੀਤ ਸਿੰਘ ਮਾਣੂੰਕੇ, ਬਲਦੇਵ ਸਿੰਘ ਖਹਿਰਾ, ਇਕਬਾਲ ਸਿੰਘ ਬਾਘਾ ਪੁਰਾਣਾ ਆਦਿ ਨੁਮਾਇੰਦੇ ਸ਼ਾਮਲ ਹੋਏ।

## ਮੰਗਾਂ ਦੇ ਹੱਲ ਲਈ ਸਿਹਤ ਤੇ ਪਰਵਾਰ ਭਲਾਈ ਡਾਇਰੈਕਟਰ ਨੂੰ ਵਫਦ ਮਿਲਿਆ



ਫਿਰੋਜ਼ਪੁਰ (ਗੁਰਬਚਨ ਸਿੰਘ)

ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਮਲਟੀਪਰਪਜ਼ ਹੈੱਲਥ ਇੰਪਲਾਈਜ਼ ਮੇਲ-ਫੀਮੇਲ ਯੂਨੀਅਨ ਪੰਜਾਬ ਦੇ ਸੂਬਾਈ ਕਨਵੀਨਰ ਮਨਜੀਤ ਕੌਰ ਫਰੀਦਕੋਟ ਅਤੇ ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਦੀ ਅਗਵਾਈ ਹੇਠ 11 ਮੈਂਬਰੀ ਵਫਦ ਮੰਗਲਵਾਰ ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਡਾ. ਰਮਨ ਸ਼ਰਮਾ ਨੂੰ ਵਿਭਾਗ ਦੇ ਦਫਤਰ ਸੈਕਟਰ 34-ਏ ਵਿਖੇ ਮਿਲਿਆ। ਡਾਇਰੈਕਟਰ ਸਿਹਤ ਵਿਭਾਗ ਨੇ ਇਸ ਮੌਕੇ ਦੱਸਿਆ ਕਿ ਮਲਟੀਪਰਪਜ਼ ਕੇਡਰ ਦੇ ਕੱਟੇ ਭੱਤਿਆਂ ਅਤੇ ਕੇਡਰ ਨਾਂਅ ਬਦਲੀ ਕੇਸ ਸਰਕਾਰ ਕੋਲ ਮਨਜ਼ੂਰੀ ਲਈ ਭੇਜਿਆ ਹੋਇਆ ਹੈ। ਫੀਮੇਲ ਵਰਕਰ 986 ਨੂੰ ਨਿਯੁਕਤੀ ਪੱਤਰ ਦੇਣ ਸੰਬੰਧੀ ਕੰਮ ਚੱਲ ਰਿਹਾ ਹੈ, ਪਦਉਨਤੀਆਂ ਸੰਬੰਧੀ ਪ੍ਰਕਿਰਿਆ ਜਾਰੀ ਹੈ। ਜਥੇਬੰਦੀ ਵੱਲੋਂ ਐੱਨ ਐੱਚ ਐੱਮ ਵਿੱਚੋਂ ਸਿਲੈਕਟਡ ਫੀਮੇਲ ਵਰਕਰ ਨੂੰ ਪੁਰਾਣੇ ਸਟੇਸ਼ਨ ’ਤੇ ਹੀ ਨਿਯੁਕਤੀ ਪੱਤਰ ਦੇਣ ’ਤੇ ਸਹਿਮਤੀ ਦਿੱਤੀ ਗਈ। ਸੁਖਾਵੇਂ ਮਹੌਲ ਵਿੱਚ ਹੋਈ ਮੀਟਿੰਗ ਵਿੱਚ ਆਗੂਆਂ ਜ਼ੋਰ ਦਿੱਤਾ ਕਿ ਮਲਟੀਪਰਪਜ਼ ਸੁਪਰਵਾਈਜ਼ਰ ਫੀਮੇਲ ਦੀਆਂ ਪਦਉਨਤੀਆ ਦੀਆਂ ਲਿਸਟਾਂ ਜਲਦੀ ਤੋਂ ਜਲਦੀ ਤਿਆਰ ਕੀਤੀਆ ਜਾਣ, ਤਾਂ ਜੋ ਮੁਲਾਜ਼ਮਾਂ ਦੀ ਸਮੇਂ ਸਿਰ ਪਦ ਉਨਤੀ ਹੋ ਸਕੇ। ਇਸ ਮੌਕੇ ਮੋਹਣ ਸਿੰਘ ਜ਼ਿਲਾ ਪ੍ਰਧਾਨ ਸ੍ਰੀ ਫਤਿਹਗੜ੍ਹ ਸਾਹਿਬ, ਗੀਤਾ ਡੇਰਾ ਬੱਸੀ, ਪਰਮਜੀਤ ਕੌਰ ਹੁਸ਼ਿਆਰਪੁਰ, ਤਜਿੰਦਰ ਕੌਰ ਮੋਹਾਲੀ, ਜਸਵਿੰਦਰ ਕੌਰ ਨਵਾਂ ਸ਼ਹਿਰ, ਜਤਿੰਦਰ ਕੌਰ ਪਟਿਆਲਾ ਅਤੇ ਹੋਰ ਆਗੂ ਹਾਜ਼ਰ ਸਨ।

# ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੰਘਰਸ਼ ਦੀ ਜਿੱਤ, ਸਸਤੇ ਚਕੌਤੇ ’ਚ ਕਰਵਾਈ ਬੋਲੀ



ਮੂਣਕ (ਰਾਜਪਾਲ ਸਿੰਗਲਾ)-ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਹਰ ਭਗਵਾਨ ਸਿੰਘ ਮੂਣਕ ਤੇ ਜ਼ਿਲ੍ਹਾ ਆਗੂ ਗੋਪੀਗਰ ਕੱਲਰ ਭੈਣੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਸਲੇਮਗੜ੍ਹ ਤੇ ਗੋਬਿੰਦਪੁਰਾ ਪਾਪੜਾ ਦੀ ਐੱਸ ਸੀ ਕੋਟੇ ਦੀ ਰਾਖਵੀ ਜ਼ਮੀਨ ਨੂੰ ਲੈ ਕੇ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਜੋ ਸੰਘਰਸ਼ ਚੱਲ ਰਿਹਾ ਸੀ, ਇਹ ਐੱਸ ਸੀ ਰਾਖਵੇਂ ਕੋਟੇ ਦੀ ਬੋਲੀ ਦੋਵੇਂ ਪਿੰਡਾਂ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਝੰਡੇ ਹੇਠ ਸਮੂਹ ਐੱਸ ਸੀ ਪਰਿਵਾਰਾਂ ਨੇ ਆਪਣੇ ਸਿਰੜੀ ਏਕੇ ਦੇ ਜ਼ੋਰ ਲੰਮੇ ਲਮਕਮੇ ਸੰਘਰਸ਼ ਰਾਹੀਂ ਸਾਰੇ ਸਿਆਸੀ ਦਬਾਅ ਪਿੱਛੇ ਤੱਕ ਕੇ ਆਪਣੇ ਹੱਕ ਵਿੱਚ ਸਸਤੇ ਚਕੌਤੇ ’ਤੇ ਬੋਲੀ ਕਰਾਉਣ ਵਿੱਚ ਸਫਲ ਹੋ ਗਏ ਹਨ। ਇਹ ਦੋਵੇਂ ਪਿੰਡਾਂ ਦੀਆਂ ਬੋਲੀਆਂ ਜ਼ਿਲ੍ਹਾ ਪੰਚਾਇਤ ਵਿਕਾਸ ਅਫਸਰ ਦੀ ਹਾਜ਼ਰੀ ਵਿੱਚ ਤਿੰਨ ਸਾਲਾ ਪਟੇ ’ਤੇ ਕੀਤੀਆਂ ਗਈਆਂ ਹਨ। ਆਗੂਆਂ ਨੇ ਕਿਹਾ ਕਿ ਇਸ ਜ਼ਮੀਨ ਵਿੱਚੋਂ ਪਿਛਲੇ ਸਾਲ ਪੁੱਟੀ ਗਈ ਮਿੱਟੀ ਨੂੰ ਪੱਧਰ ਕਰਵਾਉਣ, ਸੜੀ ਹੋਈ ਮੋਟਰ ਤੇ ਸਟਾਟਰ ਰਿਪੇਅਰ ਕਰਾਉਣ, ਬੰਦ ਪਈ ਪਾਈਪਲਾਈਨ ਨੂੰ ਠੀਕ ਕਰਾਉਣ ਦੀ ਜ਼ਿੰਮੇਵਾਰੀ ਪੰਚਾਇਤ ਅਧਿਕਾਰੀਆਂ ਨੇ ਲੈ ਲਈ ਹੈ। ਆਗੂਆਂ ਨੇ ਅੰਤ ’ਚ ਕਿਹਾ ਕਿ ਇਹ ਜਿੱਤ ਦਾ ਸਿਹਰਾ ਸੰਘਰਸ਼ਸ਼ੀਲ ਲੋਕਾਂ ਦੇ ਨਾਂ ਜਾਂਦਾ ਹੈ, ਜਿਨਾਂ ਨੇ ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਰਾਤ-ਦਿਨ ਇੱਕ ਕਰਕੇ ਸੰਘਰਸ਼ ਲੜ ਕੇ ਆਪਣੇ ਹੱਕ ਦੀ ਜਿੱਤ ਪ੍ਰਾਪਤ ਕੀਤੀ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਇਲਾਕਾ ਕਮੇਟੀ ਪ੍ਰਧਾਨ ਗੁਰਜੰਟ ਸਿੰਘ ਢੀਂਡਸਾ, ਖਜ਼ਾਨਚੀ ਲੀਲਾ ਸਿੰਘ, ਜਰਨਲ ਸਕੱਤਰ ਗੁਰਜੰਟ ਸਿੰਘ ਲਹਿਲ ਕਲਾਂ, ਇਲਾਕਾ ਕਮੇਟੀ ਮੈਂਬਰ ਨਿਰਭੈ ਸਿੰਘ, ਕਾਕਾ ਸਿੰਘ, ਸੁਰਜੀਤ ਸਿੰਘ, ਗੁਰਪਿਆਰ ਸਿੰਘ, ਬਲਵੀਰ ਕੌਰ, ਮਲਕੀਤ ਕੌਰ, ਲਾਭ ਕੌਰ, ਪ੍ਰਗਾਸ ਕੌਰ, ਦਰਸ਼ਨ ਸਿੰਘ, ਭੋਲਾ ਸਿੰਘ, ਕੁਲਦੀਪ ਸਿੰਘ, ਗੋਬਿੰਦਪੁਰਾ ਪਾਪੜਾ ਆਦਿ ਹਾਜ਼ਰ ਸਨ।

## ...ਸ.ਫ਼ਾ 3 ਦੇ ਬਾਕੀ

### ਇੱਕ ਮਹੀਨਾ ਪਿੰਡਾਂ ’ਚ...

ਲਿਆ ਜਾਵੇਗਾ।ਊਧਮ ਨੇ ਲੰਡਨ ਜਾ ਕੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨੂੰ ਸਰੇਆਮ ਮੌਤ ਦੇ ਘਾਟ ਉਤਾਰ ਕੇ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦਾ ਬਦਲਾ ਲਿਆ।ਅੰਗਰੇਜ਼ਾਂ ਤੋਂ ਹਿੰਦੁਸਤਾਨ ਆਜ਼ਾਦ ਹੋ ਗਿਆ, ਪਰ ਰਾਜ ਗੱਦੀ ’ਤੇ ਧਨ-ਦੌਲਤ ਵਾਲੇ ਕਾਬਜ਼ ਹੋ ਗਏ, ਜਿਹੜੇ ਅੱਜ ਤੱਕ ਕਾਬਜ਼ ਹਨ।ਭਾਜਪਾ ਧਨਾਢਾਂ ਤੇ ਵਪਾਰੀਆਂ ਦੀ ਪਾਰਟੀ ਤਾਂ ਹੈ ਹੀ ਹੈ, ਪਰ ਇਹ ਕਾਂਗਰਸ ਤੋਂ ਅੱਗੇ ਕੱਟੜ ਫਿਰਕੂ ਵੀ ਹੈ।ਇਸ ਦੇ ਰਾਜ ਅਧੀਨ ਦੇਸ਼ ਦੀ ਜਨਤਾ ਦੀ ਇਹ ਹਾਲਤ ਹੈ ਕਿ ਅੱਧ ਤੋਂ ਵੱਧ ਵਸੋਂ ਭੁੱਖ ਦੀ ਮਾਰੀ ਦਰ ਬਦਰ ਧੱਕੇ ਖਾ ਰਹੀ ਹੈ।ਪੰਜਾਬ ਦੇ ਨੌਜਵਾਨ ਮੁੰਡੇ ਤੇ ਕੁੜੀਆਂ ਆਪਣੀਆਂ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿੱਚ ਕਿਰਤ ਭਾਲਦੇ ਹਨ।ਉਥੇ ਵੀ ਰੁਜ਼ਗਾਰ ਨਹੀਂ ਮਿਲ ਰਿਹਾ।ਉਥੋਂ ਦੇ ਮੂਲ ਵਾਸੀਆਂ ਦੇ ਬਰਤਨ ਸਾਫ਼ ਕਰਕੇ ਆਪਣੀ ਭੁੱਖ ਮਿਟਾਉਣ ਲਈ ਮਜਬੂਰ ਹਨ।ਬਰਾੜ ਨੇ ਕਿਹਾ ਕਿ ਇਸ ਪ੍ਰਸਥਿਤੀ ਵਿੱਚ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਅਤੇ ਪਾਰਟੀ ਦੀ ਮਜ਼ਬੂਤੀ ਵਾਸਤੇ ਪਾਰਟੀ ਲਗਾਤਾਰ ਇੱਕ ਮਹੀਨਾ ਪਿੰਡਾਂ ਦੀਆਂ ਪਾਰਟੀ ਬ੍ਰਾਂਚਾਂ ਦੀਆਂ ਮੀਟਿੰਗਾਂ ਕਰਨ ਜਾ ਰਹੀ ਹੈ। ਫਿਰ ਬਲਾਕ ਤੇ ਜ਼ਿਲ੍ਹਾ ਜਨਰਲ ਬਾਡੀ ਮੀਟਿੰਗਾਂ ਹੋਣਗੀਆਂ।ਨਵੰਬਰ ਮਹੀਨੇ ਵਿੱਚ ਪੰਜਾਬ ਵਿੱਚ ਖੇਤਰੀ ਪੱਧਰ ਦੀਆਂ ਰੈਲੀਆਂ ਕੀਤੀਆਂ ਜਾਣਗੀਆਂ। ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਸੂਬਾਈ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਅਤੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ, ਮੁਲਾਜ਼ਮਾਂ ਤੇ ਮੱਧ ਵਰਗੀ ਲੋਕਾਂ ਨੂੰ ਬਜਟ ਵਿੱਚ ਕੁਝ ਵੀ ਨਹੀਂ ਦਿੱਤਾ, ਸਗੋਂ ਵਿੰਗੇ-ਟੇਡੇ ਢੰਗ ਨਾਲ ਜੋ ਪਹਿਲਾਂ ਮਿਲਦਾ ਸੀ, ਉਹ ਖੋਹਿਆ ਹੈ। ਸਰਕਾਰ ਨੇ ਮਨਰੇਗਾ ਸਕੀਮ ਦਾ ਬਜਟ ਤਾਂ ਬਹੁਤ ਹੀ ਘਟਾ ਦਿੱਤਾ ਹੈ।ਪਿਛਲੇ ਸਾਲ ਨਾਲੋਂ 19297 ਕਰੋੜ ਘਟਾਇਆ ਗਿਆ ਹੈ। ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੀ ਮੰਗ ਇਹ ਸੀ ਕਿ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਤੇ ਦਿਹਾੜੀ 1000 ਰੁਪਏ ਹੋਵੇ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਅਫ਼ਸਰਸ਼ਾਹੀ ਨਰੇਗਾ ਕਾਨੂੰਨ ਸਕੀਮ ਦਾ ਪੈਸਾ ਡਕਾਰ ਰਹੀ ਹੈ।ਜਾਲ੍ਹੀ ਜਾਬ ਕਾਰਡ ’ਤੇ ਝੂਠਾ-ਮੂਠਾ ਕੰਮ ਦਿਖਾ ਕੇ ਬੈਂਕਾਂ ਵਾਲਿਆਂ ਨਾਲ ਮਿਲ ਕੇ ਖਾਤਿਆਂ ਵਿੱਚ ਪੈਸੇ ਪਵਾ ਲਏ ਜਾਂਦੇ ਹਨ ਅਤੇ ਉਹ ਪੈਸਾ ਬੈਂਕਾਂ ’ਚੋਂ ਕਢਵਾ ਕੇ ਆਪਸ ਵਿੱਚ ਵੰਡ ਲਿਆ ਜਾਂਦਾ ਹੈ। ਜਿਨ੍ਹਾਂ ਗਰੀਬਾਂ ਨੂੰ ਨਰੇਗਾ ਸਕੀਮ ਅਧੀਨ ਕੰਮ ਮਿਲਣਾ ਚਾਹੀਦਾ ਹੈ, ਉਨ੍ਹਾਂ ਨੂੰ ਦਿੱਤਾ ਹੀ ਨਹੀਂ ਜਾਂਦਾ। ਸਮਾਗਮ ਨੂੰ ਸੀ ਪੀ ਆਈ ਦੇ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ, ਏਟਕ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਮਹਿੰਦਰ ਪਾਲ ਸਿੰਘ ਮੁਹਾਲੀ, ਰੁਪਿੰਦਰ ਕੌਰ ਮਾੜੀਮੇਘਾ, ਸੀਮਾ ਸੋਹਲ, ਚਰਨ ਸਿੰਘ ਤਰਨ ਤਾਰਨ, ਜਸਵੰਤ ਸਿੰਘ ਸੁਰਵਿੰਡ ਤੇ ਸੁਖਦੇਵ ਸਿੰਘ ਕੋਟ ਧਰਮ ਚੰਦ ਨੇ ਵੀ ਸੰਬੋਧਨ ਕੀਤਾ।


**SMFG INDIA CREDIT COMPANY LIMITED**
*(Formerly Fullerton India Credit Co. Ltd.)*

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਧੀਨ ਅਚੱਲ ਐੱਸਟਸ ਦੀ ਵਿਕਰੀ ਵਾਸਤੇ 15 ਦਿਨਾਂ ਦਾ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਨ/ਚਾਰਜਡ ਹੇਠਾਂ ਦਰਸਾਈਆਂ ਜਾਇਦਾਦਾਂ, ਜਿਨ੍ਹਾਂ ਦਾ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)/ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਨੇ ਭੌਤਿਕ ਕਬਜ਼ਾ ਹਾਸਲ ਕਰ ਲਿਆ ਹੋਇਆ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ (1) ਅਸ਼ੋਕਾ ਨਿਟਿੰਗ ਵਰਕਸ (2) ਅਸ਼ੋਕ ਕੁਮਾਰ (3) ਮਮਤਾ ਰਾਣੀ (4) ਰਾਮ ਗੋਪਾਲ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ/ਸਕਿਉਰਡ ਕ੍ਰੈਡਿਟਰ ਦੀ 28 ਅਕਤੂਬਰ 2022 ਨੂੰ ਬਕਾਇਆ ਰਕਮ ਰੁਪਏ 56,27,393/- (ਛਪੰਜਾ ਲੱਖ ਸਤਾਈ ਹਜ਼ਾਰ ਤਿੰਨ ਸੌ ਤਰਿਆਨਵੇਂ ਰੁਪਏ ਕੇਵਲ) ਅਤੇ ਇਸ ਉਪਰ ਅਦਾਇਗੀ ਦੀ ਮਿਤੀ ਤੱਕ ਭਵਿੱਖੀ ਵਿਆਜ ਤੇ ਹੋਰ ਖਰਚਿਆਂ ਦੀ ਵਸੂਲੀ ਲਈ, “ਜਿਵੇਂ ਹੈ ਜਿੱਥੇ ਹੈ”, “ਜਿਵੇਂ ਹੈ ਜੋ ਹੈ” ਅਤੇ “ਉਥੇ ਜੋ ਵੀ ਹੈ” ਦੇ ਅਧਾਰ ’ਤੇ 20.08.2024 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 01.00 ਵਜੇ ਤੱਕ (ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ) ਵਿਕਰੀ ਕਰ ਦਿੱਤੀ ਜਾਵੇਗੀ।

ਰਾਖਵੀਂ ਕੀਮਤ ਆਈ ਐੱਨ ਆਰ 20,06,370/- (ਵੀਹ ਲੱਖ ਛੇ ਹਜ਼ਾਰ ਤਿੰਨ ਸੌ ਸੱਤਰ ਰੁਪਏ ਕੇਵਲ) ਜਾਇਦਾਦ 1 ਵਾਸਤੇ ਅਤੇ ਆਈ ਐੱਨ ਆਰ 31,98,690/- (ਇਕੱਤੀ ਲੱਖ ਅਠਾਨਵੇਂ ਹਜ਼ਾਰ ਛੇ ਸੌ ਨੱਬੇ ਰੁਪਏ ਕੇਵਲ) ਜਾਇਦਾਦ 2 ਵਾਸਤੇ ਅਤੇ ਬਿਆਨਾ ਰਕਮ ਆਈ ਐੱਨ ਆਰ 2,00,637/- (ਦੋ ਲੱਖ ਛੇ ਸੌ ਸੈਂਤੀ ਰੁਪਏ ਕੇਵਲ) ਜਾਇਦਾਦ 1 ਵਾਸਤੇ ਅਤੇ ਆਈ ਐੱਨ ਆਰ 3,19,869/- (ਤਿੰਨ ਲੱਖ ਉਨੀ ਹਜ਼ਾਰ ਅੱਠ ਸੌ ਉਨੱਤਰ ਰੁਪਏ ਕੇਵਲ) ਜਾਇਦਾਦ 2 ਵਾਸਤੇ ਹੋਵੇਗੀ। ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 17-08-2024 ਹੈ।

ਹੋਰ ਵੇਰਵਿਆਂ ਵਾਸਤੇ ਕਿਰਪਾ ਕਰਕੇ ਅਮੀਨ ਕੁਮਾਰ ameen.kumar@fullertonindia.com +91 8685987810 ਅਤੇ ਹਰਮਾਨੀ ਜੌਲੀ Harmani.Jolly@fullertonindia.com +91 8655901470 ਨਾਲ ਸੰਪਰਕ ਕੀਤਾ ਜਾਵੇ।

**ਅਚੱਲ ਜਾਇਦਾਦ ਦਾ ਵੇਰਵਾ** : ਜਾਇਦਾਦ 1- ਖਸਰਾ ਨੰ. 1449, 1450,1448,1447, 1499/1, ਗਲੀ ਨੰ. 6, ਬਚਿੱਤਰ ਨਗਰ, ਵਾਕਿਆ ਗਿੱਲ ਨੰ. 2, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਜਾਇਦਾਦ -2-ਖਸਰਾ ਨੰ. 1449, 1450, 1448, 1447, ਵਾਕਿਆ ਗਿੱਲ ਨੰ. 2, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕਿਰਪਾ ਕਰਕੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ/ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ www.smfgindiacredit.com/ https://smfgindia.auctiontiger.net.’ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਸਥਾਨ : ਲੁਧਿਆਣਾ, ਮਿਤੀ : 31.07.2024 ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ)



**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR24-39 | 14.08.2024 at 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 14616/F1, 12426/F1, 12492/F1, 14606/F1, 14630/F1, 12550/F1, 14662/R1, 14610/F1, 19614-F1, 14630/R1, 11906/F1, 12478/F1, 22706/F1, 12920/F1, 14662/F2 & 11906/R1. |
| EAFZR-SLR24-40 | 16.08.2024 at 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 15098/F1, 14028/F1, 14601/R1, 14601/F2, 14614/R1, 12412/F1, 12242/F1, 14730/F1, 14612/F1, 14505/F1, 14028/F2, 12588/F1, 14614/F1, 14730/R1, 14624/F1, 14632/F1, 14632 /R1, 14028/R1, 14730/F2, 14601/F1 & 12014/F1. |
| EAFZR-SLR24-41 | 20.08.2024 at 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 12422/F1, 12414/F1, 22432/F1, 12470/F1, 14036/R1, 12752/F1, 11450/F1, 12032/ F1, 19612/F1, 22430/F1, 20986/F1, 14036/F1, 22402/F1, 22942/F1, 19226/F1, 19226/R1, 16788/F1, 19028/F1, 14036/F2, 12030/F1 & 19108/F1. |
| EAFZR-SLR24-42 | 21.08.2024 at 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 14633/F1, 22486/F1, 12716/F1, 12238/F2, 20498/F1, 12238/F1, 14654/F1, 12238/R1, 19804/F1, 14654/F2, 16318/F1 & 14654/R1. |
| EAFZR-CTG24-18 | 13.08.2024 at 11.00 Hrs. | ਫ਼ਿਰੋਜ਼ਪੁਰ ਡਵੀਜ਼ਨ ਵਿਚ ਵੱਖ-ਵੱਖ ਖਾਣਪਾਨ ਅਨੁਬੰਧ (ਜੀਐਮਯੂ ਅਤੇ ਐਸਐਮਯੂ) ਦਾ ਅਲਾਟਮੈਂਟ: ਨਕਰੋਟਾ, ਨਗਰੋਟਾ ਸੂਰਿਆਂ, ਨੂਰਪੁਰ ਰੋਡ, ਗੁਲੇਰ, ਭੋਗਪੁਰ ਸਿਰਵਾਲ, ਮੁਕਤਸਰ, ਕਰਤਾਰਪੁਰ ਅਤੇ ਪਾਲਮਪੁਰ ਹਿਮਾਚਲ। |
| EAFZR-SLR24-43 | 22.08.2024 at 11.00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) : 22424/F1, 14674/F1, 12460/F1, 15212/F1, 14604/F1, 12498/F1, 15532/F1, 14618/F1, 15212/R1, 19326/F1, 14650/F1 & 22552/F1. |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ। 2327/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਸਟੇਟ ਬੈਂਕ ਆਫ ਇੰਡੀਆ**

ਬਰਾਂਚ ਦਫਤਰ ਸੰਗਾਨੇਰੀ ਗੇਟ, ਐੱਮ ਆਈ ਰੋਡ, ਜੈਪੁਰ, ਰਾਜਸਥਾਨ-302003

**ਕਬਜ਼ਾ ਨੋਟਿਸ (ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (02) ਅਨੁਸਾਰ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ ’ਤੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ ’ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰਾਂ/ਸਹਿ-ਕਰਜ਼ਦਾਰ ਰਕਮ ਅਦਾ ਕਰਨ ’ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਸਟੇਟ ਬੈਂਕ ਆਫ ਇੰਡੀਆ ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰਾਂ ਦਾ ਨਾਂਅ ਅਤੇ ਪਤਾ ਅਤੇ ਡਿਮਾਂਡ ਨੋਟਿਸ ਦੀ ਮਿਤੀ | ਜਾਇਦਾਦਾਂ ਦਾ ਵੇਰਵਾ ਅਤੇ ਕਬਜ਼ੇ ਦੀ ਮਿਤੀ | ਕਬਜ਼ਾ ਨੋਟਿਸ ’ਚ ਮੰਗੀ ਰਕਮ (ਰੁ.) |
|---|---|---|
| 1. ਪੂਜਾ ਅਰੋੜਾ, 2 ਮੋਹਿਤ ਅਰੋੜਾ, ਨੰ. 1 ਅਤੇ ਨੰ. 2, ਪਤਾ-ਮਕਾਨ ਨੰ. 880 ਸੈਨ ਵਿਹਾਰ, ਫੇਸ-2, ਬਲਟਾਨਾ, ਐੱਸ ਏ ਐੱਸ ਨਗਰ, ਸੈਣੀ ਵਿਹਾਰ, ਜ਼ੀਰਕਪੁਰ, ਪੰਜਾਬ-140603 ਅਤੇ 3. ਸੁਮੀਤ ਬਤਰਾ, ਪਤਾ-ਮਕਾਨ ਨੰ. 39, ਐੱਫ/ਬੀ 3 ਸਵਿੱਤਰੀ ਇਨਕਲੇਵ ਲੋਹਗੜ੍ਹ, ਜ਼ੀਰਕਪੁਰ, ਸੈਣੀ ਵਿਹਾਰ, ਜ਼ੀਰਕਪੁਰ, ਪੰਜਾਬ-140603 ਡਿਮਾਂਡ ਨੋਟਿਸ ਦੀ ਮਿਤੀ 6 ਮਈ 2021 ਕਰਜ਼ਾ ਖਾਤਾ ਨੰ. ਆਰ ਐੱਚ ਏ ਐੱਚ ਸੀ ਐੱਚ ਏ 000067984 (ਪੀ ਆਰ 00750305) | ਜਾਇਦਾਦ ਫਲੈਟ ਨੰ. ਐੱਕਸ-406, ਚੌਥੀ ਮੰਜ਼ਲ, ਰਕਬਾ 322 ਵਰਗ ਫੁੱਟ, ਖੇਵਟ/ਖਤੌਨੀ ਨੰ. 3/3, ਖਸਰਾ ਨੰ. 39//24/2 (3-1), 40//7/3(6-19), 4/2(7-16), 3(4-4), 8/2(2-4), 4/1(0-4),7/2(0-3), 8/1(8-0), 7/1 (0-11), 5(3-8), ਕਿੱਤੇ 10, ਰਕਬਾ 36 ਕਨਾਲ 10 ਮਰਲੇ, ਜੈਪੁਰੀਆ ਸਨਰਾਈਜ਼ ਗ੍ਰੀਨਜ਼, ਪਿੰਡ ਲੋਹਗੜ੍ਹ, ਹੱਦਬਸਤ ਨੰ. 46, ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਮੋਹਾਲੀ, ਪੰਜਾਬ-140105 ਕਬਜ਼ੇ ਦੀ ਮਿਤੀ : 25 ਜੁਲਾਈ 2024 | 20 ਜੁਲਾਈ 2024 ਨੂੰ ਰੁ. 20,43,926.60/- (ਵੀਹ ਲੱਖ ਤਰਤਾਲੀ ਹਜ਼ਾਰ ਨੌਂ ਸੌ ਛੱਬੀ ਰੁਪਏ ਅਤੇ ਸੱਠ ਪੈਸੇ ਕੇਵਲ) |

ਉਪਲੱਬਧ ਸਮੇਂ ’ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਸਥਾਨ : ਮੁਹਾਲੀ ਸਹੀ/- (ਅਧਿਕਾਰਤ ਅਫਸਰ)
ਮਿਤੀ : 25 ਜੁਲਾਈ, 2024 ਸਟੇਟ ਬੈਂਕ ਆਫ ਇੰਡੀਆ



**ਇੰਡੀਅਨ ਬੈਂਕ Indian Bank** ਇਲਾਹਾਬਾਦ ALLAHABAD

Zonal Office: S.C.F. 88, Urban Estate, Phase -1, Dugri, Ludhiana.
EMAIL: zoludhiana@indianbank.co.in

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ ਬੈਂਕ ਤੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੀ ਮੂਲ ਮੁੜ ਅਦਾਇਗੀ ਅਤੇ ਵਿਆਜ ਦੀ ਅਦਾਇਗੀ ’ਚ ਅਸਫਲ ਰਹੇ ਹਨ ਅਤੇ ਇਹ ਸਹੂਲਤਾਂ ਨਾਨ-ਪ੍ਰਫਾਰਮਿੰਗ ਐੱਸਟਸ ’ਚ ਤਬਦੀਲ ਹੋ ਗਈਆਂ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ ’ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ। ਬੇਸ਼ੱਕ ਕੁਝ ਮਾਮਲਿਆਂ ’ਚ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ ’ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਇਸ ਲਈ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

| ਬ੍ਰਾਂਚ/ਕਰਜ਼ਦਾਰਾਂ/ਗਰੰਟਰਾਂ/ਭਾਈਵਾਲਾਂ/ ਰਹਿਣਕਾਰਾਂ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਪਤਾ | ਨਾਨ-ਪਰਫਾਰਮਿੰਗ ਐੱਸਟ ਦੀ ਮਿਤੀ (ਐੱਨ ਪੀ ਏ) | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਲਿੰਕ ਰੋਡ, ਲੁਧਿਆਣਾ** 1. (ਕਰਜ਼ਦਾਰ ਅਤੇ ਰਹਿਣਕਾਰ) : ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਪੁੱਤਰ ਪਾਲ ਰਾਮ ਸ਼ਰਮਾ ਪਤਾ : 1. ਗਲੀ ਨੰ. 02, ਨਵੀਨ ਨਗਰ, ਪਿੰਡ ਜੱਸੀਆਂ, ਹੈਬੋਵਾਲ ਕਲਾਂ, ਲੁਧਿਆਣਾ-141008, ਪਤਾ 2. ਡੀ-67, ਫਲਾਵਰ ਇਨਕਲੇਵ, ਗੁਰੂ ਅੰਗਦ ਦੇਵ ਨਗਰ, ਐੱਸ ਕੇ ਵਾਲੀ ਗਲੀ, ਨੇੜੇ ਬੀ ਐੱਸ ਐੱਨ ਐੱਲ ਟਾਵਰ, ਲੁਧਿਆਣਾ-141001 -ਪਤਾ 3 : ਚੈਂਬਰ ਨੰ. 5017, ਪੰਜਵੀਂ ਮੰਜ਼ਲ, ਲਾਇਅਰ ਚੈਂਬਰ ਕੰਪਲੈਕਸ ਪਾਰਟ 2, ਜ਼ਿਲ੍ਹਾ ਕਚਹਿਰੀ, ਲੁਧਿਆਣਾ-141001 (2) (ਗਰੰਟਰ) : ਸ੍ਰੀ ਯੋਗੇਸ਼ ਕੁਮਾਰ ਪੁੱਤਰ ਸ੍ਰੀ ਗਣੇਸ਼ ਦੱਤ, ਪਤਾ 1. ਮਕਾਨ ਨੰ. 58, ਮਾਧੋਪੁਰੀ, ਲੁਧਿਆਣਾ-141001, | ਜਾਇਦਾਦ/ਪਲਾਟ ਰਕਬਾ 150 ਵਰਗ ਗਜ਼ ’ਤੇ ਨਿਰਮਤ ਮਕਾਨ ਖਸਰਾ ਨੰ. 21//18/1, ਖਾਤਾ ਨੰ. 86/87, ਜਮਾਂਬੰਦੀ ਸਾਲ 2002-2003, ਪਿੰਡ ਫੂਲਾਂਵਾਲ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ, ਹਦਬਸਤ ਨੰ. 278, ਵਸੀਕਾ ਨੰ. 19475, ਰਜਿਸਟਰਡ ਮਿਤੀ 01.12.2004, ਸਬ-ਰਜਿਸਟਰਾਰ ਲੁਧਿਆਣਾ ਵੈੱਸਟ ’ਚ ਲਾਗੂ। ਹੱਦਾਂ : ਪੂਰਬ ਗਲੀ 20 ਚੌੜੀ 30’-0”, ਪੱਛਮ ; ਗੁਆਂਢ 30’-00”, ਉੱਤਰ : ਯੋਗੇਸ਼ ਕੁਮਾਰ 45’-00”, ਦੱਖਣ : ਗਲੀ ਨੰ. 20 ਚੌੜੀ 4’-00” -ਹੁਣ ਜਾਇਦਾਦ ਦੀ ਸਥਿਤੀ : ਡੀ-67, ਫਲਾਵਰ ਇਨਕਲੇਵ, ਗੁਰੂ ਅੰਗਦ ਦੇਵ ਨਗਰ, ਐੱਸ ਕੇ ਵਾਲੀ ਗਲੀ, ਨੇੜੇ ਬੀ ਐੱਸ ਐੱਨ ਐੱਲ ਟਾਵਰ, ਲੁਧਿਆਣਾ-141001 | 16-03-2024 | 24-07-2024 | 23.07.2024 ਨੂੰ ਰੁਪਏ 2,85,483/- (ਦੋ ਲੱਖ ਪਚਾਸੀ ਹਜ਼ਾਰ ਚਾਰ ਸੌ ਤਰਿਆਸੀ ਰੁਪਏ ਕੇਵਲ) ਅਤੇ ਉਕਤ ਰਕਮ ’ਤੇ 24.07-2024 ’ਤੇ ਮੁੜ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਦੀ ਦਰ ’ਤੇ ਭਵਿੱਖੀ ਵਿਆਜ ਅਤੇ ਚਾਰਜਿਜ਼। |

3. (ਗਰੰਟਰ) : ਸ੍ਰੀ ਸੰਜੇ ਪਾਲ ਪੁੱਤਰ ਸ੍ਰੀ ਵਿਸ਼ੰਬਰ ਚੰਦ ਰਾਣਾ ਪਤਾ 1 : ਪਲਾਟ ਨੰ. 109, ਸੰਤ ਵਿਹਾਰ, ਹੈਬੋਵਾਲ ਕਲਾਂ, ਲੁਧਿਆਣਾ, ਪੰਜਾਬ-141008

ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਤਹਿਤ ਤੁਹਾਨੂੰ ਸਕਿਉਰਡ ਐੱਸਟਸ ਦੀ ਵਿਕਰੀ ਲਈ ਜਨਤਾ ਤੋਂ ਜਨਤਕ ਨਿਲਾਮੀ ਜਾਂ ਕੁਟੇਸ਼ਨਾਂ ਜਾਂ ਟੈਂਡਰ ਸੱਦ ਕੇ ਜਾਂ ਲੀਜ਼ ਰਾਹੀਂ ਤਬਾਦਲੇ ਸੰਬੰਧੀ ਨਿੱਜੀ ਸੰਧੀ ਕਰਨ, ਕਾਰਜਭਾਰ ਸੰਭਾਲਣ ਲਈ ਜਾਰੀ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਬੈਂਕ ਦਾ ਬਕਾਇਆ ਸਮੇਤ ਬੈਂਕ ਵੱਲੋਂ ਸਹਿਣ ਕੀਤੀਆਂ ਗਈਆਂ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ ਅਦਾ ਕੀਤੇ ਜਾਣ ’ਤੇ ਪੁਨਰ ਗ੍ਰਹਿਣ ਦਾ ਅਧਿਕਾਰ ਉਪਲੱਬਧ ਹੈ। ਉਪਰੋਕਤ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ ’ਚ ਦਰਸਾਈ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕੀਤੇ ਜਾਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ ’ਤੇ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ ’ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਬਿਜ਼ਨੈੱਸ ਦੇ ਆਮ ਕੋਰਸ ਤੋਂ ਇਲਾਵਾ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ ਸੰਬੰਧੀ ਤੁਹਾਡੇ ’ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ ਦੀ ਨਕਲ ਸੰਬੰਧਤ ਬਰਾਂਚ ਤੋਂ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 30.07.2024, ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਵਿਯੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਯੁਤ T-30/ 2024-25 | 02 ਸਾਲ ਦੇ ਲਈ ਫ਼ਿਰੋਜ਼ਪੁਰ ਡਵੀਜ਼ਨ ਦੇ ਜੰਮੂ ਅਤੇ ਉਧਮਪੁਰ ਖੇਤਰ ਦੇ ਲਈ ਸਬਮਰੀਸਬਲ ਪੰਪਾਂ ਨੂੰ ਘੱਟ ਕਰਨਾ ਅਤੇ ਉਠਾਨਾ ਅਤੇ ਖਰਾਬ ਸਬਮਰੀਸਬਲ ਪੰਪ ਮੋਟਰਾਂ ਦੀ ਰੀਵਾਈਂਡਿੰਗ/ਮੁਰੰਮਤ ਦੇ ਸਬੰਧ ਵਿਚ ਵਿਯੁਤ ਕੰਮ। | 32,65,038.78 | 65,300.00 | 24 ਮਹੀਨੇ | 19.08.2024 15.00 ਵਜੇ ਦੇ ਬਾਦ | www.ireps.gov.in |

ਨੰ:-251-ਵਿਯੁਤ ਟੈਂਡਰ ਨੋਟਿਸ ਨੰ: 23-ਵਿਯੁਤ /2024-25 ਮਿਤੀ : 29.07.2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2316/24



**ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134**

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

## ਬਾਦਸ਼ਾਹ ਦਾ ਚਾਰ ਰੋਜ਼ਾ ਸਾਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ




**ਸ਼ਾਹਕੋਟ (ਗਿਆਨ ਸੈਦਪੁਰੀ)**-ਅਲਮਸਤ ਬਿੱਟੂ ਬਾਦਸ਼ਾਹ ਦਾ ਚਾਰ ਰੋਜ਼ਾ ਸਾਲਾਨਾ ਮੇਲਾ ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਐਤਵਾਰ ਨੂੰ ਮੇਲੇ ਦੇ ਆਖ਼ਰੀ ਦਿਨ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੇਲੇ ਵਿੱਚ ਉਚੇਚੇ ਤੌਰ 'ਤੇ ਪਹੁੰਚੇ।

ਉਨ੍ਹਾਂ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਦੂਰ ਦਰਾਡੇ ਤੋਂ ਆਈਆਂ ਸੰਗਤਾਂ ਨੂੰ ਮੇਲੇ ਦੀਆਂ ਵਧਾਈਆਂ ਦਿੱਤੀਆਂ।ਚਾਰੇ ਦਿਨ ਅਤੇ ਰਾਤ ਪੰਜਾਬੀ ਗਾਇਕੀ ਅਤੇ ਸੂਫ਼ੀ ਗਾਇਕੀ ਦੇ ਕਲਾਕਾਰਾਂ ਵੱਲੋਂ ਵੱਖ ਵੱਖ ਰੰਗ ਪੇਸ਼ ਕੀਤੇ ਗਏ। ਸੇਵਾਦਾਰਾਂ ਵੱਲੋਂ ਦੇਸੀ ਘਿਉ ਨਾਲ ਤਿਆਰ ਹੋਏ ਲੰਗਰ ਨੂੰ ਦਿਨ ਰਾਤ ਬੜੀ ਸ਼ਰਧਾ ਨਾਲ ਵਰਤਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਗ਼ੀ ਗਿੱਲ, ਬੌਬੀ ਕੰਡਾ, ਮਨੀ ਜਲੰਧਰ, ਚੇਤਨ ਜਲੰਧਰ, ਰਿੰਪੀ ਨਕੋਦਰ, ਲਾਲੂ ਜੀ, ਗੌਰਵ, ਪਵਨ ਅੱਗਰਵਾਲ ਸਾਬਕਾ ਐਮ. ਸੀ, ਰੋਮੀ ਗਿੱਲ ਸਾਬਕਾ ਐਮ. ਸੀ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ, ਸੋਨੂੰ ਕੰਗ ਪੀ.ਏ, ਟਿੰਪੀ ਕੁਮਰਾ, ਬੱਬਲੂ ਰਿਹਾਨ, ਖ਼ੁਸ਼ਦੀਪ ਧੰਜੂ, ਕੁਲਬੀਰ ਸਿੰਘ ਧੰਜੂ, ਪ੍ਰੀਤਮ ਦਾਸ ਸਾਬਕਾ ਏ. ਐਸ. ਆਈ, ਸਾਬਾ ਪੰਡਿਤ, ਅਮਨਦੀਪ ਸੈਦਪੁਰੀ, ਜੱਸਾ ਨਾਹਰ, ਬਿੱਲੂ ਨਾਹਰ ਆਦਿ ਮੌਜੂਦ ਸਨ। ਮੇਲੇ ਵਿੱਚ ਚਾਰੇ ਦਿਨ ਲੰਗਰ ਦੀ ਸੇਵਾ ਗੋਰਾ ਗਿੱਲ, ਧੀਰਾ ਲਾਲਕਾ,ਕੁਮਾਰ ਨਾਹਰ, ਹੈਪੀ ਗਿੱਲ, ਪ੍ਰਤਾਪ ਸਲੈਚਾ, ਵਿਸ਼ਾਲ, ਸਰੂਪ ਸਿੰਘ, ਸਨੀ ਨਾਹਰ, ਰਾਜ ਕੁਮਾਰ ਸੈਦਪੁਰ ਆਦਿ ਨੇ ਸੇਵਾ ਕੀਤੀ। ਸਟੇਜ ਸਕੱਤਰ ਦੇ ਫਰਜ਼ ਮੰਗਾ ਕੋਟਲੀ, ਸਾਬ ਕੋਟਲੀ, ਰਮੇਸ਼ ਘਈ ਅਤੇ ਲਲਿਤ ਵਾਲੀਆ ਨੇ ਨਿਭਾਏ।

## ਸੇਂਟ ਸੋਲਜਰ ਕਾਲਜ ਬਸਤੀ ਦਾਨਿਸ਼ਮੰਦਾਂ 'ਚ ਮਨਾਇਆ ਕੁਦਰਤ ਸੰਭਾਲ ਦਿਵਸ



**ਜਲੰਧਰ, (ਇਕਬਾਲ ਸਿੰਘ ਉੱਭੀ)** ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਸੇਂਟ ਸੋਲਜਰ ਕਾਲਜ ਬਸਤੀ ਦਾਨਿਸ਼ਮੰਦਾਂ, ਜਲੰਧਰ ਵਿੱਚ ਨੈਸ਼ਨਲ ਵਾਈਡ ਯੂਥ ਐਸੋਸੀਏਸ਼ਨ (ਰਜਿ.) ਵੱਲੋਂ ਰੁੱਖ ਲਗਾਏ ਗਏ। ਇਸ ਮੌਕੇ ਸੇਂਟ ਸੋਲਜਰ ਐਜੂਕੇਸ਼ਨ ਸੋਸਾਇਟੀ ਦੇ ਕਾਲਜ ਐਮ.ਡੀ. ਪ੍ਰੋ ਮਨਹਰ ਅਰੋੜਾ ਨੇ ਸ਼ਿਰਕਤ ਕੀਤੀ। ਉਹਨਾਂ ਆਪ ਰੁੱਖ ਲਗਾਏ ਅਤੇ ਵਿਦਿਆਰਥੀਆਂ ਨੂੰ ਕਾਲਜ ਅਤੇ ਆਪਣੇ ਘਰਾਂ ਵਿੱਚ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਡਾ.ਸੁਨੀਲ ਕੁਮਾਰ ਅਰੋੜਾ ਨੇ ਜਿੱਥੇ ਆਪਣੇ ਹੱਥਾਂ ਨਾਲ ਰੁੱਖ ਲਗਾਏ, ਓਥੇ ਹੀ ਇਹਨਾਂ ਨੂੰ ਪਾਲਣ ਤੇ ਸੰਭਾਲਣ ਦੀ ਜ਼ਿੰਮੇਦਾਰੀ ਵੀ ਲਈ। ਚੇਅਰਮੈਨ ਰਾਮ ਸਿੰਘ ਭੱਟੀ ਨੇ ਦੱਸਿਆ ਕਿ ਓਹਨਾ ਦੀ ਸੰਸਥਾ ਵੱਲੋਂ ਇਕ ਲੱਖ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ ਹੈ। ਮੀਡੀਆ ਨੂੰ ਦੱਸਦਿਆਂ ਸੰਸਥਾ ਦੇ ਨੈਸ਼ਨਲ ਪ੍ਰੈਜ਼ੀਡੈਂਟ ਮਿਸਟਰ ਮਹੇਸ਼ ਰਹੇਜਾ ਨੇ ਕਿਹਾ ਕਿ ਇਕ ਲੱਖ ਰੁੱਖ ਲਗਾਉਣ ਤੋਂ ਬਾਦ ਅਗਲਾ ਟੀਚਾ 5 ਲੱਖ ਰੁੱਖ ਲਗਾਉਣ ਦਾ ਹੈ। ਇਸ ਸੰਸਥਾ ਦੇ ਜਨਰਲ ਸੈਕ੍ਰੇਟਰੀ ਦੀਪਕ ਸੋਹੀ ਤੋ ਇਲਾਵਾ ਲਖਬੀਰ ਸਿੰਘ, ਪਰਮਿੰਦਰ ਕੌਰ, ਸੌਰਵ ਬਸੰਨ, ਅਤੇ ਅਮਨਦੀਪ ਸਿੰਘ ਵੀ ਹਾਜ਼ਰ ਸਨ। ਸੇਂਟ ਸੋਲਜਰ ਕਾਲਜ ਦੇ ਮੈਡਮ ਅਕਵੀਰ ਕੌਰ, ਡਾਕਟਰ ਮਮਤਾ ਰਾਣੀ, ਐਨਐਸਐਸ ਦੇ ਇੰਚਾਰਜ ਰਾਜ ਕੁਮਾਰ ਲੋਚ, ਹਰਜੋਤ ਸਿੰਘ, ਸਟਾਫ਼ ਅਤੇ ਵਿਦਿਆਰਥੀਆਂ ਨੇ ਪੌਦੇ ਲਗਾਏ। ਕਾਲਜ ਦੇ ਇਸ ਉਪਰਾਲੇ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਤੇ ਵਾਇਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਤੇ ਉਹਨਾਂ ਨੂੰ ਹੋਰ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।

## ਬਾਦਲ ਨੂੰ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ : ਜਥੇਦਾਰ ਵਡਾਲਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਕੋਦਰ ਸ਼ਹਿਰ ਵਿਖੇ ਦੋਨਾਂ, ਮੰਜਕੀ ਅਤੇ ਨਕੋਦਰ ਸ਼ਹਿਰ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਮੂਹ ਸੰਗਤਾਂ ਵੱਲੋਂ ਰੱਖੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ ਵਾਕ ਨਾਲ ਅਰਦਾਸ ਬੇਨਤੀ ਕਰਕੇ ਵਿਚਾਰ ਵਟਾਂਦਰਾ ਕੀਤਾ ਗਿਆ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸਮੂਹ ਸੰਗਤਾਂ ਦੀ ਵੱਡੀ ਸ਼ਮੂਲੀਅਤ ਨਾਲ ਇਸ ਲਹਿਰ ਨੂੰ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਸੁਖਬੀਰ ਸਿੰਘ ਬਾਦਲ ਨੂੰ ਹੁਣ ਤਿਆਗ ਦੀ ਭਾਵਨਾ ਦਿਖਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ, ਤਾਂ ਜੋ ਸ਼੍ਰੋਮਣੀ ਅਕਾਲੀ ਦਲ ਮੁੜ ਆਪਣੀਆਂ ਪੁਰਾਣੀਆਂ ਲੀਹਾਂ 'ਤੇ ਚੜ੍ਹ ਸਕੇ। ਇਸ ਮੌਕੇ ਅਵਤਾਰ ਸਿੰਘ ਕਲੇਰ,ਹਰਭਜਨ ਸਿੰਘ ਹੁੰਦਲ, ਲਸ਼ਕਰ ਸਿੰਘ ਰਹੀਮਪੁਰ,ਨਿਰਮਲ ਸਿੰਘ ਫੌਜੀ,ਦਲਵਿੰਦਰ ਸਿੰਘ ਕੁਕੂ, ਹਰਵੇਲ ਸਿੰਘ ਖੀਵਾ, ਸਰਪੰਚ ਜਸਵੀਰ ਸਿੰਘ ਸ਼ਾਹ,ਸਰਪੰਚ ਸ਼ਿੰਗਾਰਾ ਸਿੰਘ ਨੂਰਪੁਰ ਚੱਠਾ, ਸਰਪੰਚ ਨਿਰਮਲ ਦਾਸ ਪੰਡੋਰੀ, ਰੁਪਿੰਦਰ ਸਿੰਘ ਰਾਣਾ, ਮੰਗੂ ਮੀਰਪੁਰ ਮਾੜੀ,ਸਰਪੰਚ ਰੇਸ਼ਮ ਸਿੰਘ,ਜਸਪਾਲ ਸਿੰਘ ਕੰਗ ਸਾਹਬੂ,ਕੁਲਦੀਪ ਸਿੰਘ,ਜੋਗਾ ਸਿੰਘ ਚੱਕ ਮੁਗਲਾਨੀ, ਹਰਿੰਦਰ ਸਿੰਘ ਸਰੀਂਹ,ਸੁਰਜੀਤ ਸਿੰਘ ਕਲੇਰ,ਜੋਗਿੰਦਰ ਸਿੰਘ ਤਲਵੰਡੀ ਭਰੋਂ, ਸਰਪੰਚ ਸੋਨੂੰ,ਗਗਨ ਆਧੀ,ਜਸਵੰਤ ਸਿੰਘ,ਸਰਵਨ ਸਿੰਘ ਬਾਠ,ਤਰਸੇਮ ਸਿੰਘ,ਰਾਣਾ,ਸਾਭੀ ਲਿਤਰਾਂ, ਲੰਬੜਦਾਰ ਹਰਦਿਆਲ ਸਿੰਘ ਸ਼ਰਕਪੁਰ,ਨਿਰਮਲ ਸਿੰਘ ਬੱਲ ਹੁਕਮੀ,ਮਹਿੰਦਰ ਸਿੰਘ ਮਹੇਵਾਂ,ਮੱਖਣ ਸਿੰਘ ਮਹੇਵਾਂ,ਗੁਰਿੰਦਰ ਸਿੰਘ ਕਾਕਾ ਉਗੀ,ਸੰਤੋਖ ਸਿੰਘ ਚੱਕ ਵੇਂਡਲ, ਅਵਤਾਰ ਸਿੰਘ ਖੀਵਾ,ਵਿਪਨ ਪੰਡਿਤ ਖੀਵਾ,ਬਲਵੰਤ ਸਿੰਘ ਜਹਾਂਗੀਰ, ਗੁਰਦੇਵ ਸਿੰਘ ਬਿੱਲੀ ਭੁੱਲਰ, ਪਰਮਿੰਦਰ ਸਿੰਘ ਚੱਕ,ਕੰਮਾਂ ਚੱਕ ਕਲਾਂ, ਡਾ.ਭੁਪਿੰਦਰ ਸਿੰਘ ਹੁੰਦਲ,ਸੁਖਵਿੰਦਰ ਸਿੰਘ ਸੋਖਾ ਮੱਲੀਆਂ,ਜੀਤਾ ਮੱਲੀਆਂ,ਦੀਪਾ ਮਾਹੂੰਵਾਲ,ਰਿਸ਼ੀ ਟਾਹਲੀ,ਗੁਰਚੇਤਨ ਟਾਹਲੀ,ਪ੍ਰਦੀਪ ਸਿੰਘ,ਸਰਪੰਚ ਮਨਜਿੰਦਰ ਸਿੰਘ,ਸੈਕਟਰੀ ਸੰਤੋਖ ਸਿੰਘ ਕਾਂਗਣਾ,ਇੰਸਪੈਕਟਰ ਸੈਕਟਰੀ ਸੰਤੋਖ ਸਿੰਘ ਕਾਂਗਣਾ, ਇੰਸਪੈਕਟਰ ਦੇਸਰਾਜ ਕਾਂਗਣਾ, ਲੰਬਰਦਾਰ ਗੁਰਸ਼ਰਨਜੀਤ ਸਿੰਘ ਰਸੂਲਪੁਰ,ਅਵਤਾਰ ਸਿੰਘ ਸਿੱਧਵਾਂ ਤਨਵੀਰ ਸਿੰਘ ਆਲੋਵਾਲ,ਬਲਵਿੰਦਰ ਸਿੰਘ ਆਲੇਵਾਲੀ,ਗੁਰਵਿੰਦਰ ਸਿੰਘ ਭਾਟੀਆ,ਮਨਮੋਹਨ ਸਿੰਘ ਸਚਦੇਵਾ, ਸਤਵੰਤ ਸਿੰਘ ਕਾਲਾ ਭਲਵਾਨ,ਗੋਨਾ ਬਾਜਵਾ,ਭਗਵਾਨ ਸਿੰਘ ਪੁਰਥੀ, ਇੰਦਰਪਾਲ ਸਿੰਘ ਸੰਧੂ,ਸੁਲੱਖਣ ਸਿੰਘ ਨਕੋਦਰ,ਮਾਸਟਰ ਪਾਲਮ ਵਿਹਾਰ, ਅਮਰਜੀਤ ਸ਼ੇਰਪੁਰ ਐਮਸੀ,ਰਮੇਸ਼ ਸੋਧੀ ਐਮਸੀ,ਅਵਤਾਰ ਸਿੰਘ ਸੰਧੂ, ਬੱਬੂ ਦਾਣਾ ਮੰਡੀ,ਦਵਿੰਦਰ ਸ਼ਰਮਾ, ਮਨਜੀਤ ਸਿੰਘ ਵਧਵਾ ਆਦਿ ਵੀ ਹਾਜ਼ਰ ਸਨ।.

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਧਾਰਮਿਕ ਸਮਾਗਮ




**ਕਪੂਰਥਲਾ, ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਦੇਖ ਰੇਖ ਵਿੱਚ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਸਮਾਗਮ ਦਾ ਆਗਾਜ਼ ਵਿਦਿਆਰਥੀਆਂ ਸ਼ਬਦ ਗਾਇਨ ਰਾਹੀਂ ਕੀਤਾ । ਸੱਤਵੀਂ ਜਮਾਤ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਸੰਖੇਪ ਸ਼ਬਦਾਂ ਰਾਹੀਂ ਗੁਰੂ ਜੀ ਦੇ ਜੀਵਨ ਸੰਬੰਧੀ ਚਾਨਣਾ ਪਾਇਆ । ਇਸ ਦੌਰਾਨ ਵਿਦਿਆਰਥੀਆਂ ਦਰਮਿਆਨ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਿਤ ਪ੍ਰਤੀਯੋਗਤਾ ਵੀ ਕਰਵਾਈ ਗਈ। ਉਪਰੰਤ ਵਿਦਿਆਰਥੀਆਂ ਵਿੱਚ ਪ੍ਰਸ਼ਾਦ ਵੰਡਿਆ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ।

## ਸ਼੍ਰੋਮਣੀ ਅਕਾਲੀ ਦਲ (ਅ) ਚੱਬੇਵਾਲ ਜ਼ਿਮਨੀ ਚੋਣ ਜ਼ੋਰ-ਸ਼ੋਰ ਨਾਲ ਲੜੇਗਾ : ਡਾਕਟਰ ਜੱਖੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ,ਓ ਪੀ ਰਾਣਾ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਾਰਟੀ ਵਲੋਂ ਪੰਥ ਅਤੇ ਪੰਜਾਬ ਪੱਖੀ ਜਥੇਬੰਦਕ ਢਾਂਚੇ ਦਾ ਪੁਨਰ ਗਠਨ ਕਰਨ ਲਈ ਜ਼ਿਲ੍ਹਾ ਜਥੇਦਾਰਾਂ ਦੇ ਸਹਿਯੋਗ ਨਾਲ ਵੱਡੀ ਤਿਆਰੀ ਕੀਤੀ ਗਈ ਹੈ ਜਿਸ ਤਹਿਤ ਐਤਵਾਰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣਖੁਣ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ। ਜਿਸ ਵਿੱਚ ਪਾਰਟੀ ਦੇ ਕੌਮੀ ਜਨਰਲ ਸਕੱਤਰ, ਮੁੱਖ ਬੁਲਾਰੇ ਅਤੇ ਦੁਆਬਾ ਇੰਚਾਰਜ ਡਾਕਟਰ ਹਰਜਿੰਦਰ ਸਿੰਘ ਜੱਖੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਜੱਖੂ ਨੇ ਪਾਰਟੀ ਦੇ ਸਮੁੱਚੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਾਰਟੀ ਆਗੂਆਂ ਅਤੇ ਵਰਕਰਾਂ ਤੋਂ ਸਹਿਯੋਗ ਦੀ ਮੰਗ ਕੀਤੀ ਅਤੇ ਕਿਹਾ ਕਿ ਪਾਰਟੀ ਲਈ ਦਿਨ ਰਾਤ ਮਿਹਨਤ ਕਰਨ ਵਾਲੇ ਆਗੂਆਂ ਅਤੇ ਵਰਕਰਾਂ ਨੂੰ ਜ਼ਿਲ੍ਹਾ ਅਤੇ ਸੂਬਾ ਜਥੇਬੰਦੀ ਵਿੱਚ ਸਤਿਕਾਰ ਦਿੰਦੇ ਹੋਏ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਇਸ ਸਮੇਂ ਚੱਬੇਵਾਲ ਜ਼ਿਮਨੀ ਚੋਣ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਜ਼ਿਮਨੀ ਚੋਣ ਜ਼ੋਰ ਸ਼ੋਰ ਨਾਲ ਲੜੇਗੀ ਜਿਸ ਨੂੰ ਵੀ ਪਾਰਟੀ ਪ੍ਰਧਾਨ ਟਿਕਟ ਦੇ ਕੇ ਨਿਵਾਜਣਗੇ ਉਸ ਦਾ ਪੂਰਾ ਸਾਥ ਦਿੱਤਾ ਜਾਵੇਗਾ। ਉਨ੍ਹਾਂ ਇਸ ਸਮੇਂ ਦੱਸਿਆ ਕਿ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਦੀ ਚੋਣ ਕਰ ਲਈ ਗਈ ਹੈ ਜਿਨ੍ਹਾਂ ਦੀ ਪ੍ਰੈਸ ਵਿੱਚ ਅਨਾਊਂਸਮੈਂਟ ਜਲਦ ਹੀ ਕਰ ਦਿੱਤੀ ਜਾਵੇਗੀ। ਇਸੇ ਸਮੇਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣਖੁਣ ਨੇ ਡਾਕਟਰ ਹਰਜਿੰਦਰ ਸਿੰਘ ਜੱਖੂ ਅਤੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰਗਠਨ 5 ਅਗਸਤ ਤੱਕ ਪੂਰਨ ਕੀਤਾ ਜਾਵੇਗਾ। ਜਿਸ ਵਿੱਚ ਜ਼ਿਲ੍ਹਾ ਜਥੇਬੰਦਕ ਢਾਂਚਾ, ਯੂਥ ਵਿੰਗ, ਇਸਤਰੀ ਵਿੰਗ ਅਤੇ ਕਿਸਾਨ ਵਿੰਗ ਦੀਆਂ ਜ਼ਿੰਮੇਵਾਰੀਆਂ ਪਾਰਟੀ ਵਰਕਰਾਂ ਨੂੰ ਦਿੱਤੀਆਂ ਜਾਣਗੀਆਂ। ਇਸ ਸਮੇਂ ਕਰਨੈਲ ਸਿੰਘ ਲਵਲੀ, ਮਾਸਟਰ ਕੁਲਦੀਪ ਸਿੰਘ ਮਸੀਤੀ, ਅਕਬਰ ਸਿੰਘ ਬੂਰੇ ਜੱਟਾਂ, ਪਰਮਿੰਦਰ ਸਿੰਘ ਮੁਕੇਰੀਆਂ, ਮਹਿਤਾਬ ਸਿੰਘ ਹੁੰਦਲ, ਗੁਰਜੀਤ ਸਿੰਘ ਕੋਟਲੀ, ਸੁਖਦੇਵ ਸਿੰਘ ਮਿਰਚਾਂਵਾਲੇ ਆਦਿ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਨਿਭਾਈ। ਇਸ ਸਮੇਂ ਜਸਵੰਤ ਸਿੰਘ ਫੌਜੀ ਟਾਂਡਾ, ਪਰਮਜੀਤ ਸਿੰਘ ਮੇਗੋਵਾਲ, ਸਤਵੰਤ ਸਿੰਘ ਮਰਾਦਪੁਰ, ਇੰਦਰਜੀਤ ਸਿੰਘ ਬਸੀ ਮਰੂਫ, ਸਤਨਾਮ ਸਿੰਘ ਧਾਮੀਆਂ, ਸੁਖਜਿੰਦਰ ਸਿੰਘ ਸਾਬੀ, ਪਰਮਜੀਤ ਸਿੰਘ ਮਿੱਟੂ, ਜਗਜੀਤ ਸਿੰਘ ਬਤਰਾ, ਮਨਦੀਪ ਸਿੰਘ ਮੋਨਾ ਕਲਾਂ, ਵਰਿੰਦਰ ਸਿੰਘ ਬਿੰਦੂ ਬਜਵਾੜਾ, ਜਗਦੀਸ਼ ਸਿੰਘ ਚੱਬੇਵਾਲ, ਦਵਿੰਦਰ ਸਿੰਘ ਵਸੀ ਗੁਲਾਮ ਹੁਸੈਨ, ਲਾਭ ਸਿੰਘ ਨਸਰਾਲਾ, ਗੁਰਮੁਖ ਸਿੰਘ ਸੋਢੀ, ਸੁਖਦੇਵ ਸਿੰਘ ਕਾਹਰੀ, ਮਹਿੰਦਰ ਸਿੰਘ ਬੋਦਲਾਂ, ਦਲਜੀਤ ਸਿੰਘ ਖਿਆਲਾ ਬੁਲੰਦਾ, ਸਾਬਕਾ ਸਰਪੰਚ ਸਤਨਾਮ ਸਿੰਘ ਮੋਹਾ, ਗੁਰ ਇਕਬਾਲ ਸਿੰਘ ਕੰਧਾਲਾ ਜੱਟਾਂ, ਮਨਜੀਤ ਸਿੰਘ ਕੰਧਾਲੀ ਨਰੰਗਪੁਰ, ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਸਰਬਜੀਤ ਕੌਰ ਸਾਹਰੀ, ਸੁਰਿੰਦਰ ਕੌਰ ਟਾਂਡਾ, ਬਲਜਿੰਦਰ ਸਿੰਘ ਰਾਗੋਵਾਲ, ਜਸਵਿੰਦਰ ਸਿੰਘ ਹਰਿਆਣਾ, ਗੁਰਵਿੰਦਰ ਸਿੰਘ ਧਾਰੀਵਾਲ, ਰਜਤ ਸੈਣੀ ਹਾਜੀਪੁਰ ਆਦਿ ਹਾਜ਼ਰ ਸਨ।

## ਪਰਮਾਨੰਦ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸਾਈਂ ਲੋਕ ਪਰਮਾਨੰਦ ਫ਼ਕੀਰ ਦਾ ਸਾਲਾਨਾ ਜੋੜ ਮੇਲਾ ਰਾਏਪੁਰ ਵਿਖੇ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦਰਬਾਰ ਦੇ ਗੱਦੀ ਨਸ਼ੀਨ ਹਜ਼ਰਤ ਗੁਲਾਮ ਓਮਜੀ ਨੂਰ ਸਰਕਾਰ ਦੀ ਦੇਖ ਰੇਖ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼ਨੀਵਾਰ ਨੂੰ ਚਿਰਾਗ ਅਤੇ ਮਹਿੰਦੀ ਦੀ ਰਸਮ ਕੀਤੀ ਗਈ, ਐਤਵਾਰ ਰਾਤ ਨੂੰ ਵਨੀਤ ਖਾਨ ਕਵਾਲੀਆਂ ਦਾ ਪ੍ਰੋਗਰਾਮ ਪੇਸ਼ ਕੀਤਾ, ਉਪਰੰਤ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਚੱਕ ਰਾਮੂੰ, ਜਸਵੰਤ ਹੀਰਾ, ਆਰ ਜੋਗੀ, ਕੁਲਵਿੰਦਰ ਖੈਹਰਾ ਵਲੋਂ ਬਾਬਾ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਲੰਗਰ ਅਤੁੱਟ ਵਰਤਾਏ ਗਏ।

## ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀ ਮੀਟਿੰਗ, ਖਣਨ ਗਤੀਵਿਧੀਆਂ ਦਾ ਕੀਤਾ ਰੀਵਿਊ



**ਤਲਵਾੜਾ, ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਦੀ ਮੀਟਿੰਗ ਪ੍ਰਧਾਨ ਕੈਪਟਨ (ਰੀਟਾ) ਰਾਜੇਸ਼ ਕੁਮਾਰ ਭੋਲ ਬਦਮਾਣੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਖਣਨ ਖ਼ਿਲਾਫ਼ ਪਿਛਲੇ ਸਮੇਂ ਵਿੱਚ ਕੀਤੇ ਸੰਘਰਸ਼ ਅਤੇ ਮੌਜੂਦਾ ਹਾਲਾਤ ਉਤੇ ਵਿਚਾਰ ਕੀਤੀ। ਇਸ ਮੌਕੇ ਸੰਘਰਸ਼ ਕਮੇਟੀ ਨੇ ਪਿੰਡ ਭੋਲ ਬਦਮਾਣੀਆ ਵਿਖੇ ਪਹਾੜ ਕੱਟ ਕੇ ਲਗਾਏ ਜਾ ਰਹੇ ਸਟੋਨ ਕਰੱਸ਼ਰ ਦਾ ਸਖ਼ਤ ਨੋਟਿਸ ਲਿਆ ਅਤੇ ਸਰਕਾਰ ਤੇ ਪ੍ਰਸ਼ਾਸਨ ਤੋਂ ਇਸ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਕਮੇਟੀ ਮੈਂਬਰਾਂ ਨੇ ਮਾਨਸੂਨ ਸੀਜ਼ਨ ਵਿਚ ਇੱਕਾ ਦੁੱਕਾ ਸਟੋਨ ਕਰੱਸ਼ਰਾਂ ਵਲੋਂ ਸਵਾਂ ਦਰਿਆ ਵਿਚ ਕਥਿਤ ਖਣਨ ਕਰਨ ਦੇ ਦੋਸ਼ ਲਗਾਏ ਹਨ । ਕਮੇਟੀ ਨੇ ਪਿਛਲੇ ਦਿਨੀਂ ਕਮੇਟੀ ਸੰਘਰਸ਼ ਕਮੇਟੀ ਦੇ ਸਕੱਤਰ ਮਨੋਜ ਪਲਾਹੜ ਉਤੇ ਖਣਨ ਮਾਫੀਆ ਦੀ ਸ਼ਹਿ 'ਤੇ ਹਾਜੀਪੁਰ ਪੁਲਸ ਵੱਲੋਂ ਦਰਜ ਕੀਤੇ ਝੂਠੇ ਮਾਮਲੇ ਨੂੰ ਸਰਕਾਰ ਅਤੇ ਪ੍ਰਸ਼ਾਸਨ ਦੇ ਭਰੋਸੇ ਮਗਰੋਂ ਅਜੇ ਵੀ ਰੱਦ ਨਹੀਂ ਕੀਤਾ ਗਿਆ, ਜਿਸ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਡੀ ਐਸ ਪੀ ਮੁਕੇਰੀਆਂ ਵੱਲੋਂ ਕੀਤੀ ਜਾ ਰਹੀ ਹੈ, ਮਨੋਜ ਪਲਾਹੜ ਸਮੇਤ ਕਮੇਟੀ ਮੈਂਬਰਾਂ ਨੇ ਡੀ ਐਸ ਪੀ ਕੋਲ ਆਪਣੇ ਬਿਆਨ ਵੀ ਦਰਜ ਕਰਵਾਏ ਸਨ, ਪਰ ਅਜੇ ਤੱਕ ਮਾਮਲਾ ਰੱਦ ਨਹੀਂ ਕੀਤਾ, ਜਿਸ ਦੇ ਵਿਰੋਧ ਵਿਚ ਕਮੇਟੀ ਨੇ ਪ੍ਰਸ਼ਾਸਨ ਨੂੰ 5 ਤਰੀਕ ਦਾ ਮਾਮਲਾ ਰੱਦ ਕਰਨ ਦੀ ਮੰਗ ਕਰਦਿਆਂ 6 ਤਾਰੀਕ ਨੂੰ ਦਫ਼ਤਰ ਮੁਕੇਰੀਆਂ ਮੂਹਰੇ ਧਰਨੇ ਦਾ ਐਲਾਨ ਕੀਤਾ ਹੈ। ਹਾਜ਼ਰ ਕਮੇਟੀ ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਪ੍ਰਸ਼ਾਸਨ ਲੋਕ ਸੰਘਰਸ਼ ਨੂੰ ਦਬਾਉਣ ਦੀ ਬਜਾਇ ਖਣਨ ਮਾਫੀਆ ਨੂੰ ਨੱਥ ਪਾਏ ਅਤੇ ਇਲਾਕੇ ਦੇ ਉਜਾੜੇ ਨੂੰ ਰੋਕਣ ਵਿਚ ਸਹਿਯੋਗ ਦੇਵੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਅਵਤਾਰ ਸਿੰਘ ਮੰਗੂ ਮੈਰ੍ਹਾ, ਕੈਪਟਨ ਜੋਗਿੰਦਰ ਸਿੰਘ, ਅਸ਼ੋਕ ਜਲੇਰੀਆ, ਬਲਾਕ ਸੰਮਤੀ ਮੈਂਬਰ ਨਰੇਸ਼ ਕੁਮਾਰ ਨੀਤੂ, ਸਮਾਜਿਕ ਕਾਰਕੁਨ ਬੋਧ ਰਾਜ, ਨੀਰਜ ਸ਼ਰਮਾ ਸੁਖਚੈਨਪੁਰ, ਐਡ. ਨਰੇਸ਼ ਕੁਮਾਰ ਬਰਿੰਗਲੀ, ਗੁਰਦਿਆਲ ਸਿੰਘ ਪਲਾਹੜ, ਬਹਾਦੁਰ ਸਿੰਘ, ਮਨੋਜ ਸਿੰਘ ਆਦਿ ਹਾਜ਼ਰ ਸਨ।

## ਅਰਵਿੰਦ ਸੈਣੀ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਉੱਪ ਮੰਡਲ ਇੰਜੀਨੀਅਰ ਦਾ ਅਹੁਦਾ ਸੰਭਾਲਿਆ



**ਮਾਹਿਲਪੁਰ (ਸਫ਼ਰੀ)** – ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਉੱਪ ਮੰਡਲ ਮਾਹਿਲਪੁਰ ਵਿਖੇ ਅਰਵਿੰਦ ਸੈਣੀ ਨੇ ਉੱਪ ਮੰਡਲ ਇੰਜੀਨੀਅਰ ਵੱਜੋਂ ਅਹੁਦਾ ਸੰਭਾਲਿਆ। ਇਸ ਉੱਪ ਮੰਡਲ ਵਿਖੇ ਪਿਛਲੇ ਦੋ ਸਾਲਾਂ ਤੋਂ ਅਸਥਾਈ ਚਾਰਜ ਹੋਣ ਕਰਕੇ ਉੱਪ ਮੰਡਲ ਦਾ ਕੰਮ ਪ੍ਰਭਾਵਿਤ ਹੋ ਰਿਹਾ ਸੀ। ਸੈਣੀ ਡਿਪਲੋਮਾ ਇੰਜੀਨੀਅਰਿੰਗ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਵੀ ਹਨ। ਉਨ੍ਹਾਂ ਦੇ ਚਾਰਜ ਸੰਭਾਲਣ ਸਮੇਂ ਇੰਜੀਨੀਅਰ ਵਿਕਾਸ ਸੈਣੀ , ਇੰਜੀਨੀਅਰ ਜੋਗਿੰਦਰ ਪਾਲ, ਇੰਜੀਨੀਅਰ ਸ਼ਿਵ ਸ਼ਕਤੀ, ਇੰਜੀਨੀਅਰ ਗੁਰਪ੍ਰੀਤ ਸਿੰਘ, ਇੰਜੀਨੀਅਰ ਧਰਮਿੰਦਰ ਕੁਮਾਰ, ਇੰਜੀਨੀਅਰ ਮਨਿੰਦਰ ਸਿੰਘ, ਇੰਜੀਨੀਅਰ ਰਵਿੰਦਰ ਕੁਮਾਰ, ਇੰਜੀਨੀਅਰ ਮਨਜੀਤ ਕੁਮਾਰ, ਇੰਜੀਨੀਅਰ ਰਣਜੀਤ ਕੁਮਾਰ, ਇੰਜੀਨੀਅਰ ਸਕਸ਼ਮ ਸ਼ਰਮਾ, ਇੰਜੀਨੀਅਰ ਤਜਿੰਦਰ ਸਿੰਘ, ਇੰਜੀਨੀਅਰ ਗੁਰਪ੍ਰੀਤ ਸਿੰਘ, ਸੰਦੀਪ ਸੈਣੀ ਐਚ ਡੀ ਐਮ, ਗੁਰਪ੍ਰੀਤ ਸਿੰਘ ਸੀਨੀਅਰ ਸਹਾਇਕ,ਸੂਰਜ ਭਾਨ ਸਹਾਇਕ, ਅਮਰਜੀਤ ਕੁਮਾਰ ਜੋਨ ਪ੍ਰਧਾਨ ਪੀ ਡਬਲਿਊ ਡੀ ਫੀਲਡ ਅਤੇ ਵਰਕਸ਼ਾਪ ਯੂਨੀਅਨ, ਦਵਿੰਦਰ ਸਿੰਘ, ਕਮਲਜੀਤ,ਮਨੋਹਰ ਸਿੰਘ, ਰਵੀ ਕੁਮਾਰ,ਸਾਗਰ,ਮਨ ਬਹਾਦਰ,ਹਰਜੀਤ ਕੌਰ, ਕੁਲਵਿੰਦਰ ਕੌਰ ਹਾਜ਼ਰ ਸਨ।

## 46ਵਾਂ ਸਾਲਾਨਾ ਭੰਡਾਰਾ ਸ਼ਰਧਾ-ਪੂਰਵਕ ਤੇ ਧੂਮਧਾਮ ਨਾਲ ਸੰਪੰਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ )**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਧ ਬਾਬਾ ਬਾਲਕ ਨਾਥ ਮੰਦਿਰ ਨਜ਼ਦੀਕ ਰੇਲਵੇ ਫਾਟਕ ਜਾਜਾ ਰੋਡ ਵਿਖੇ ਸਮੂਹ ਮਾਰਕੀਟ ਰੇਲਵੇ ਕਲੋਨੀ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ 46ਵਾਂ ਸਾਲਾਨਾ ਭੰਡਾਰਾ ਬੜੀ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਸੰਪੰਨ ਹੋ ਨਿਬੜਿਆ। ਇਸ ਭੰਡਾਰੇ ਅਤੇ ਜੋੜ ਮੇਲੇ ਦਾ ਉਦਘਾਟਨ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਉੱਗੇ ਸਮਾਜ ਸੇਵੀ ਸੋਨੂ ਖੰਨਾ ਨੇ ਕੀਤਾ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਵਜੋਂ ਦੀਪਕ ਬਹਿਲ, ਸ਼੍ਰੋਮਣੀ ਅਕਾਲੀ ਦਲ (ਬ) ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਦੇਸਰਾਜ ਡੋਗਰਾ ਸ਼ਾਮਿਲ ਹੋਏ।ਦਰਗਾਹ 'ਤੇ ਝੰਡਾ ਚੜ੍ਹਾਉਣ ਦੀ ਰਸਮ ਦਰਗਾਹ ਦੇ ਮੁੱਖ ਸੇਵਾਦਾਰ ਪੰਡਿਤ ਦੁਨੀ ਚੰਦ ਪਟੇਲ ਨੇ ਅਦਾ ਕੀਤੀ।

ਉਨ੍ਹਾਂ ਨਾਲ ਬਾਬਾ ਨੰਦ ਕਿਸ਼ੋਰ , ਬਾਬਾ ਕਰਤਾਰ ਚੰਦ , ਸਨਾਤਨ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ਼ ਜਸਰਾ ਨੈਨੂ, ਮਹਾਵੀਰ ਚਿੰਤਪੂਰਨੀ ਸੇਵਾ ਦਲ ਦੇ ਪ੍ਰਧਾਨ ਜਤਿੰਦਰ ਸੈਣੀ, ਦੀਪਕ ਦਿਵੇਦੀ, ਵਿੱਕੀ ਆਨੰਦ, ਬਾਬਾ ਚੀਨੀ, ਮਲਕੀਤ ਸਿੰਘ, ਬੋਬੀ, ਰਾਕੇਸ਼, ਰਿੱਕੀ ਅਤੇ ਦੀਪਕ ਭੀਲ ਤੋਂ ਇਲਾਵਾ ਹੋਰ ਉੱਗੀਆਂ ਸ਼ਖ਼ਸੀਅਤਾਂ ਹਾਜ਼ਰ ਸਨ।ਇਸ ਜੋੜ ਮੇਲੇ ਅਤੇ ਭੰਡਾਰੇ ਵਿੱਚ ਵੱਖ-ਵੱਖ ਭਜਨ ਮੰਡਲੀਆਂ ਨੇ ਆਪਣੇ ਭਜਨਾਂ ਰਾਹੀਂ ਪ੍ਰਭੂ ਦਾ ਗੁਣਗਾਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਸਤਿਗੁਰੂ ਭਜਨ ਮੰਡਲੀ ਹੁਸ਼ਿਆਰਪੁਰ ਦੇ ਸੰਚਾਲਕ ਸੁੱਖਾ ਅਤੇ ਸੋਨੂ ਸੈਣੀ ਨੇ ਆਪਣੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਨਾਮ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਵਿਧਾਇਕ ਰਾਜਾ ਨੇ ਸ਼ਰਧਾਲੂਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਬਾਬਾ ਜੀ ਦੀ ਜੀਵਨੀ 'ਤੇ ਰੌਸ਼ਨੀ ਪਾਈ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚਲਣਾ ਚਾਹੀਦਾ ਹੈ।

## ਸ਼ਹੀਦ ਗੁਰਦੁਆਰਾ ਬਾਬਾ ਮਤੀ ਸਾਹਿਬ ਵਿਖੇ 213 ਮਰੀਜ਼ਾਂ ਦੀਆਂ ਅੱਖਾਂ ਦਾ ਕੀਤਾ ਮੁਫਤ ਚੈੱਕਅੱਪ



**ਨੂਰਮਹਿਲ / ਆਦਮਪੁਰ ( ਬਾਲ ਕ੍ਰਿਸ਼ਨ ਬਾਲੀ, ਪਰਮਜੀਤ ਸਿੰਘ )**-ਜਲੰਧਰ ਸਿਵਲ ਹਸਪਤਾਲ ਦੀ ਅਗਵਾਈ ਹੇਠ ਹਮਸਫਰ ਯੂਥ ਕਲੱਬ ਦੇ ਸਹਿਯੋਗ ਨਾਲ ਪਿੰਡ ਡਰੋਲੀ ਕਲਾਂ ਸ਼ਹੀਦ ਗੁਰਦੁਆਰਾ ਸ਼ਹੀਦ ਬਾਬਾ ਮੱਤੀਂ ਸਾਹਿਬ ਵਿਖੇ ਸਮੂਹ ਇਲਾਕਾ ਨਿਵਾਸੀਆਂ ਦੇ ਲਈ ਅੱਖਾਂ ਦੇ ਮੁਫਤ ਜਾਂਚ ਚੈਕਅਪ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 217 ਬਜ਼ੁਰਗਾਂ ਦੀਆਂ ਅੱਖਾਂ ਦੇ ਮੁਫਤ ਚੈੱਕਅਪ ਕੀਤੇ ਗਏ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ। ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ 16 ਮਰੀਜ਼ਾਂ ਦੀਆਂ ਅੱਖਾਂ ਦੇ ਆਪਰੇਸ਼ਨ ਜਲੰਧਰ ਸਿਵਲ ਹਸਪਤਾਲ ਅੱਖਾਂ ਦੇ ਵਿਭਾਗ ਵੱਲੋਂ ਬੁੱਧਵਾਰ ਨੂੰ ਕੀਤੇ ਜਾਣਗੇ। ਡਾਕਟਰ ਗੁਰਪ੍ਰੀਤ ਕੌਰ ਤੇ ਅਮਰਜੀਤ ਕੌਰ ਨੇ ਦੱਸਿਆ ਕਿ ਆਪਰੇਸ਼ਨ ਦਾ ਸਾਰਾ ਖਰਚਾ ਜਲੰਧਰ ਸਿਵਲ ਹਸਪਤਾਲ, ਹਮਸਫਰ ਯੂਥ ਕਲੱਬ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਕੈਂਪ ਦੌਰਾਨ ਸਰਕਾਰੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਚਾਨਣਾ ਵੀ ਪਾਇਆ ਗਿਆ। ਇਸ ਮੌਕੇ, ਸੈਕਟਰੀ ਰਣਵੀਰ ਪਾਲ ਲਖਵੀਰ ਸਿੰਘ ਡਰੋਲੀ ਜਸਵੀਰ ਸਿੰਘ ਵੀਡੀਓ ਡਾਇਰੈਕਟਰ ਸੁੱਖੀ ਦਾਊਦਪੁਰੀਆ ਪ੍ਰੀਤ ਅਲਮੀਨੀਅਮ ਆਦਮਪੁਰ ਸੇਵਾਦਾਰ ਭਾਈ ਸੁਖਜੀਤ ਸਿੰਘ ਪ੍ਰਧਾਨ ਬੂਟਾ ਸਿੰਘ ਬਾਬਾ ਭਟੋਆ ਦਰਬਾਰ ਡਾਕਟਰ ਅਸ਼ਵਨੀ ਗੌਤਮ ਗੈਸ ਏਜੰਸੀ ਰਣਜੀਤ ਕੌਰ ਰਾਜਵਿੰਦਰ ਕੌਰ ਪੂਨਮ ਭਾਟੀਆ ਰੋਹਿਤ ਭਾਟੀਆ ਬਲਵੀਰ ਕੁਮਾਰ ਹਰਵਿੰਦਰ ਕੁਮਾਰ ਤੇ ਅਨੇਕਾਂ ਪਤਵੰਤੇ ਸੱਜਣਾਂ ਨੇ ਹਾਜ਼ਰੀ ਭਰੀ।

## ਸੋਸ਼ਲ ਵੈੱਲਫੇਅਰ ਸੁਸਾਇਟੀ ਨੇ 125 ਪੌਦੇ ਹੋਰ ਲਗਾਏ

**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)**—ਸੋਸ਼ਲ ਵੈਲਫੇਅਰ ਸੁਸਾਇਟੀ ਰਜਿਸਟਰ ਗੜ੍ਹਸ਼ੰਕਰ ਦੇ ਪ੍ਰਧਾਨ ਹਰਵੇਲ ਸਿੰਘ ਸੈਣੀ ਦੇ ਉੱਦਮ ਸਦਕਾ ਅਤੇ ਦੁਆਬਾ ਵਾਤਾਵਰਨ ਪ੍ਰੇਮੀ ਕਮੇਟੀ ਮਾਹਿਲਪੁਰ ਦੇ ਪ੍ਰਧਾਨ ਪ੍ਰਿੰਸੀਪਲ ਰੁਪਿੰਦਰਜੋਤ ਸਿੰਘ ਦੀ ਮਦਦ ਨਾਲ ਨਗਰ ਪੰਚਾਇਤ ਮਾਹਿਲਪੁਰ ਦੇ ਕੋਟ ਰੋਡ ਪੈਂਦੇ ਸ਼ਮਸ਼ਾਨ ਘਾਟ ਦੇ ਵਿੱਚ ਅਤੇ ਵਾਰਡ ਨੰਬਰ 11 ਦੇ ਵੱਖ ਵੱਖ ਹਿੱਸਿਆਂ ਦੇ ਵਿੱਚ ਲਗਭਗ 125 ਬੂਟੇ ਲਗਾਏ ਗਏ, ਜਿਸ ਦੇ ਵਿੱਚ ਬੋਹੜ, ਪਿੱਪਲ ,ਨਿੰਮ ਤ੍ਰਿਵੈਣੀ ਦੇ ਰੂਪ 'ਚ ਸਵਰਗੀ ਮਾਤਾ ਮਦਨ ਕਾਤਾਂ ( ਰਾਮਪਾਲ ਭਾਰਤਵਾਜ ਪੱਤਰਕਾਰ ਦੀ ਮਾਂ) ਦੀ ਯਾਦ



ਵਿੱਚ ਲਗਾਈ ਗਈ ਅਤੇ ਹੋਰ ਪੌਦੇ ਜਿਨ੍ਹਾਂ ਵਿੱਚ ਸਾਗਵਾਨ, ਸਿਲਵਰ ਓਕ, ਨਿਮ ,ਡੇਕ, ਕਦਮ ,ਆਮਲਾ, ਅਮਰੂਦ ਆਦਿ ਫਲ ਦਰ ਅਤੇ ਫੁੱਲਾਂ ਵਾਲੇ ਸਜਾਵਟੀ ਬੂਟੇ ਲਗਾਏ ਗਏ।ਹਰਵੇਲ ਸਿੰਘ ਸੈਣੀ ਅਤੇ ਪ੍ਰਿੰਸੀਪਲ ਰੁਪਿੰਦਰ ਜੋਤ ਸਿੰਘ ਨੇ ਸਾਂਝੀ ਬੇਨਤੀ ਕਰਦੇ ਹੋਏ ਕਿਹਾ ਕਿ ਹਰੇਕ ਪ੍ਰਾਣੀ ਨੂੰ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ ਤਾਂ ਕਿ ਵਾਤਾਵਰਨ ਨੂੰ ਹਰਿਆ ਭਰਿਆ ਤੇ ਸਾਫ ਸ਼ੁੱਧ ਹਵਾ ਦਾ ਆਨੰਦ ਮਾਣ ਸਕੀਏ ਤੇ ਗੁਰੂਆਂ ਵੱਲੋਂ ਦਿੱਤੇ ਹੋਏ ਸੰਦੇਸ਼ ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦੀ ਪਾਲਣਾ ਕਰ ਸਕੀਏ । ਉਹਨਾਂ ਵੱਲੋਂ ਸ਼ਮਸ਼ਾਨ ਘਾਟ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ ਗਿਆ। ਸ਼ਾਪਕੀਪਰ ਐਸੋਸੀਏਸ਼ਨ ਮਾਹਿਲਪੁਰ ਦੇ ਪ੍ਰਧਾਨ ਨਰਿੰਦਰ ਮੋਹਨ ਨਿੰਦੀ ਵੱਲੋਂ ਆਇਆ ਸੱਜਣਾਂ ਦਾ ਅਤੇ ਵਾਤਾਵਰਨ ਪ੍ਰੇਮੀਆਂ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਪੌਦਾ ਰੋਪਣ ਮੁਹਿੰਮ ਵਿੱਚ ਮੂਲਰਾਜ ਐਮ.ਸੀ.,ਮਾਸਟਰ ਰਘਵੀਰ ਸਿੰਘ ਕਲੋਆ, ਪਵਨ ਕੁਮਾਰ,ਦੁਆਬਾ ਵਾਤਾਵਨ ਕਮੇਟੀ ਵੱਲੋਂ ਜਗਜੀਪ ਸਿੰਘ ਐਮ.ਸੀ., ਸੋਸ਼ਲ ਵੈਲਫੇਅਰ ਸੋਸਾਇਟੀ ਗੜ੍ਹਸ਼ੰਕਰ ਵੱਲੋਂ ਹਰਵੇਲ ਸਿੰਘ ਸੈਣੀ ਤੋਂ ਇਲਾਵਾ ਰਵੀ ਕੁਮਾਰ ਮਹਿਤਾ,ਹਰਨੇਕ ਸਿੰਘ ਬੰਗਾ ਆਦਿ ਸ਼ਾਮਿਲ ਸਨ।

## 38ਵੀਂ ਜੇ ਸੀ ਟੀ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਮੁਕਾਬਲਾ ਬਰਾਬਰ ਰਿਹਾ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**—38ਵੀਂ ਜੇ.ਸੀ.ਟੀ. ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਦਾ ਮੁਕਾਬਲਾ ਇਥੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਦੇ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਸਟੇਡੀਅਮ 'ਚ ਕਰਵਾਇਆ ਗਿਆ।ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੇ ਪ੍ਰਬੰਧਾਂ ਹੇਠ ਕਰਵਾਏ ਗਏ ਮੁਕਾਬਲੇ ਦੌਰਾਨ ਮੁੱਖ ਮਹਿਮਾਨ ਵਲੋਂ ਕਾਲਜ ਦੇ ਨਵ-ਨਿਯੁਕਤ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਅਤੇ ਐੱਸ.ਐੱਚ.ਓ. ਬਲਜਿੰਦਰ ਸਿੰਘ ਮੱਲੀ ਨੇ ਸ਼ਿਰਕਤ ਕਰਦੇ ਹੋਏ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਉਨ੍ਹਾਂ ਫੁੱਟਬਾਲ ਲੀਗ ਲਈ ਜੇ.ਸੀ.ਟੀ. ਅਤੇ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਟੂਰਨਾਮੈਂਟ ਕਮੇਟੀ ਵਲੋਂ ਫੁੱਟਬਾਲ ਦੇ ਪਸਾਰ ਲਈ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਲੀਗ ਦਾ ਮੁਕਾਬਲਾ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਕਰ ਤੇ ਸੀ. ਆਰ.ਪੀ. ਐਫ. ਦਰਮਿਆਨ ਬਰਾਬਰ ਰਿਹਾ। ਇਸ ਮੌਕੇ ਟੂਰਨਾਮੈਂਟ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ, ਸੀਨੀਅਰ ਵਾਈਸ ਪ੍ਰਧਾਨ ਸ਼ਵਿੰਦਰਜੀਤ ਸਿੰਘ ਬੈਂਸ, ਕੈਸ਼ੀਅਰ ਯੋਗਰਾਜ ਗੰਭੀਰ, ਰੌਸ਼ਨਜੀਤ ਸਿੰਘ ਪਨਾਮ ਅਮਨਦੀਪ ਸਿੰਘ ਬੈਂਸ, ਰਾਕੇਸ਼ ਪਨਾਮ, ਦਰਸ਼ਨ ਸਿੰਘ ਮੱਟੂ, ਜਸਵੰਤ ਸਿੰਘ ਭੱਠਲ, ਭੁਪਿੰਦਰ ਸਿੰਘ ਸਿੰਬਲੀ, ਸੱਜਣ ਸਿੰਘ ਧਮਾਈ, ਅਮਰਜੀਤ ਸਿੰਘ ਸਿੰਬਲੀ, ਕੋਚ ਹਰਦੀਪ ਸਿੰਘ ਗਿੱਲ, ਤਰਲੋਚਨ ਸਿੰਘ ਗੋਲੀਆਂ ਤੇ ਹੋਰ ਹਾਜ਼ਰ ਹੋਏ।

## ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੂਬਾਈ ਵਿਸਥਾਰੀ ਮੀਟਿੰਗ



**ਚੰਡੀਗੜ੍ਹ (ਨ ਜ਼ ਸ )** ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੂਬਾਈ ਪੱਧਰ ਦੀ ਵਿਸਥਾਰੀ ਮੀਟਿੰਗ ਕਰਕੇ ਪੀ ਐੱਸ ਯੂ ਦਾ 100ਵੀਂ ਵਰ੍ਹੇ ਗੰਢ ਮਨਾਉਣ, ਸਿਖਿਆ ਨੂੰ ਰਾਜ ਦਾ ਵਿਸ਼ਾ ਬਣਪੀ ਐੱਸ ਯੂ ਦੀ100ਵੀਂ ਵਰ੍ਹੇ ਗੰਢ ਧੂਮ ਧਾਮ ਨਾਲ ਮਨਾਈ ਜਾਵੇਗੀ-ਧੀਰਜ ਕੁਮਾਰਾਉਂਣ, ਪੰਜਾਬੀਆਂ ਨੂੰ ਨੌਕਰੀਆਂ ਵਿਚ ਰਾਖਵਾਂਕਰਨ ਦੇਣ ਸੰਬੰਧੀ ਵਿਸ਼ਿਆਂ ਉੱਪਰ ਭਰਵੀਂ ਵਿਚਾਰ ਚਰਚਾ ਕਰਨ ਉਪਰੰਤ ਇਸ ਉੱਪਰ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਅਤੇ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਨੇ ਕਿਹਾ ਕਿ ਪੰਜਾਬੀਆਂ ਨੂੰ ਸਰਕਾਰੀ ਪ੍ਰਾਈਵੇਟ ਅਦਾਰਿਆਂ 'ਚ 90 ਫੀਸਦੀ ਰਾਖਵਾਂਕਰਨ ਦਿੱਤਾ ਜਾਵੇ। ਜਿਹੜਾ ਪ੍ਰਵਾਸੀ ਪੰਦਰਾਂ ਸਾਲ ਪੰਜਾਬ ਵਿੱਚ ਰਹਿ ਰਿਹਾ ਹੈ ਉਸਨੂੰ ਨੌਕਰੀ ਦਿੱਤੀ ਜਾਣੀ ਚਾਹੀਦੀ ਹੈ। ਨੌਕਰੀ ਲਈ ਬਣਦੀ ਮੈਰਿਟ ਸੂਚੀ ਵਿਚ ਪੰਜਾਬੀ ਦੇ ਪੇਪਰ ਦੇ ਨੰਬਰ ਵੀ ਦਰਜ ਕੀਤੇ ਜਾਣ।ਸਿਖਿਆ ਦਾ ਕੇਂਦਰੀਕਰਨ ਕਰਨ ਦੀ ਬਜਾਏ ਸਿਖਿਆ ਨੂੰ ਰਾਜਾਂ ਦਾ ਵਿਸ਼ਾ ਬਣਾਉਂਣਾ ਚਾਹੀਦਾ ਹੈ। ਹਰੇਕ ਰਾਜ ਆਪਣੀਆਂ ਸਥਿਤੀਆਂ ਮੁਤਾਬਕ ਆਪਣੀ ਸਿਖਿਆ ਨੀਤੀ ਬਣਾ ਸਕੇ। ਸੂਬਾ ਆਗੂ ਧੀਰਜ ਕੁਮਾਰ ਨੇ ਕਿਹਾ ਕਿ ਪੀਐੱਸਯੂ ਦੀ 2025 ਵਿੱਚ 100ਵੀਂ ਵਰ੍ਹੇਗੰਢ ਮਨਾਉਣ ਲਈ ਪੰਜਾਬ ਭਰ ਦੇ ਪਿੰਡਾਂ ਵਿਦਿਅਕ ਸੰਸਥਾਵਾਂ ਵਿੱਚ ਕੰਧ ਨਾਅਰੇ, ਰੈਲੀਆਂ, ਮਸ਼ਾਲ ਮਾਰਚ,ਪੋਸਟਰ,ਲੀਫਲੈੱਟ ਕੱਢ ਕੇ ਜ਼ੋਰਦਾਰ ਤਿਆਰੀ ਕੀਤੀ ਜਾਵੇਗੀ।ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਮਰਾਜੀ ਦੇਸ਼ ਆਪਣੀ ਚੌਧਰ ਲਈ ਲੋਕਾਂ ਨੂੰ ਜੰਗ 'ਚ ਧੱਕ ਰਹੇ ਹਨ ਜਿਸ ਦਾ ਸਾਨੂੰ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਇਸ ਮੌਕੇ ਪੀਐੱਸਯੂ ਦੇ ਸੂਬਾ ਆਗੂ ਅਮਰ ਕ੍ਰਾਂਤੀ, ਬਲਜੀਤ ਸਿੰਘ ਧਰਮਕੋਟ, ਮੰਗਲਜੀਤ ਪੰਡੋਰੀ,ਸੁਖਦੀਪ ਹਥਨ, ਰਵੀ ਨੇ ਸੰਬੋਧਨ ਕੀਤਾ।

## ਸੰਧਾਰੀ ਮਾਜਰਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਮੋਰਿੰਡਾ ( ਜੈਜ਼ੀ ਸਰਦਾਰ )** ਨਜਦੀਕੀ ਪਿੰਡ ਸੰਧਾਰੀ ਮਾਜਰਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ।ਨਰਿੰਦਰ ਕੌਰ ਸੰਧਾਰੀ ਮਾਜਰਾ ਨੇ ਦੱਸਿਆ ਕਿ ਪੁਰਾਤਨ ਸੱਭਿਆਚਾਰ ਨੂੰ ਸਮਰਪਿਤ ਪੰਜਾਬੀ ਲੋਕ ਬੋਲੀਆਂ ,ਗੀਤ ਸੰਗੀਤ ਅਤੇ ਗਿੱਧਾ ਪੇਸ਼ ਕੀਤਾ ਗਿਆ, ਜਿਸ ਵਿੱਚ ਸਮੂਹ ਨਗਰ ਦੀਆਂ ਨਵ ਵਿਆਹੀਆਂ ਲੜਕੀਆਂ ਅਤੇ ਮੁਟਿਆਰਾਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸਵਰਨ ਸਿੰਘ ਨੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਲੜਕੀਆਂ ਨੂੰ ਸਨਮਾਨਿਤ ਕੀਤਾ। ਇਸ ਸਭਿਆਚਾਰਕ ਪ੍ਰੋਗਰਾਮ ਮੌਕੇ ਪ੍ਰੇਮਾ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਕੌਰ, ਸਨਦੀਪ ਕੌਰ, ਅੱਛਰ ਕੌਰ, ਸਵਰਨਜੀਤ ਕੌਰ ਜਸਮੀਤ ਕੌਰ, ਹਰਸ਼ਦੀਪ ਕੌਰ,ਸਰਪੰਚ ਜਸਵੀਰ ਕੌਰ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਸ਼ੁੱਭਰੀਤ ਕੌਰ



ਹਰਜਪ ਸਿੰਘ (ਧਾਰੀਵਾਲ)



*ਫਿਲੌਰ ਵਿਖੇ ਦਰਬਾਰ ਹਜ਼ਰਤ ਸ਼ੇਖ ਦਾਤਾ ਪੰਜ ਪੀਰ ਸਾਹਿਬ ਸੈਫਾਬਾਦ ਨੇੜੇ ਗੜ੍ਹਾ ਵਿਖੇ ਸ੍ਰ. ਗੁਰਬਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਦੀ ਪਹਿਲੀ ਬਰਸੀ ਮੌਕੇ ਉਹਨਾਂ ਦੀ ਧਰਮ ਪਤਨੀ ਬੀਬੀ ਜਸਕਮਲ ਕੌਰ ਅਟਵਾਲ ਆਪਣੇ ਪਰਵਾਰਕ ਮੈਂਬਰਾਂ ਨਾਲ ਬੂਟੇ ਲਗਾਉਂਦੇ ਹੋਏ। (ਫੋਟੋ ਤੇ ਵੇਰਵਾ-ਬੀ ਐੱਸ ਕੈਨੇਡੀ, ਫਿਲੌਰ)*

## ਮਿੱਟੀ, ਪਾਣੀ ਤੇ ਊਰਜਾ ਸੰਭਾਲ ਸੰਬੰਧੀ ਖੇਤ ਦਿਵਸ ਮਨਾਇਆ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**

ਕ੍ਰਿਸ਼ੀ ਵਿਗਿਆਨ ਕੇਂਦਰ ਨੂਰਮਹਿਲ ਵੱਲੋਂ ਭੂਮੀ ਅਤੇ ਜਲ ਇੰਜੀਨੀਅਰਿੰਗ ਵਿਭਾਗ, ਪੀ.ਏ.ਯੂ ਲੁਧਿਆਣਾ ਦੇ ਸਹਿਯੋਗ ਨਾਲ ਮਿੱਟੀ, ਪਾਣੀ ਅਤੇ ਊਰਜਾ ਦੀ ਸੰਭਾਲ ਬਾਰੇ ਇੱਕ ਜਾਣਕਾਰੀ ਭਰਪੂਰ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ। ਪ੍ਰਮੁੱਖ ਮਾਹਿਰਾਂ ਤੋਂ ਸਿੱਖਣ ਲਈ ਇਸ ਸਮਾਗਮ ਵਿੱਚ 63 ਕਿਸਾਨਾਂ ਨੇ ਭਾਗ ਲਿਆ। ਡਾ: ਅੰਗਰੇਜ ਸਿੰਘ ਨੇ ਖੀਰੇ, ਟਮਾਟਰ ਅਤੇ ਮਿਰਚ ਵਰਗੀਆਂ ਫ਼ਸਲਾਂ ਲਈ ਮਿੱਟੀ ਰਹਿਤ ਖੇਤੀ ਤਕਨੀਕਾਂ ਬਾਰੇ ਚਰਚਾ ਕੀਤੀ। ਡਾ. ਸੁਧੀਰ ਥਮਨ ਨੇ ਆਧੁਨਿਕ ਸਿੰਚਾਈ ਤਰੀਕਿਆਂ ਜਿਵੇਂ ਕਿ ਤੁਪਕਾ ਅਤੇ ਫੁਹਾਰਾ ਸਿੰਚਾਈ ਦੇ ਨਾਲ-ਨਾਲ ਹਾਈਡ੍ਰੋਪੋਨਿਕ ਅਤੇ ਐਰੋਪੋਨਿਕ ਪ੍ਰਣਾਲੀਆਂ ਬਾਰੇ ਵਿਸਥਾਰ ਨਾਲ ਦੱਸਿਆ। ਮਿੱਟੀ ਅਤੇ ਪਾਣੀ ਦੀ ਸੰਭਾਲ ਵਿਭਾਗ , ਜਲੰਧਰ ਤੋਂ ਇੰਜੀ. ਲੁਪਿੰਦਰ ਕੁਮਾਰ ਅਤੇ ਡਾ. ਜਸਰੀਤੂ ਕੌਰ ਨੇ ਮਿੱਟੀ ਅਤੇ ਪਾਣੀ ਦੀ ਸੰਭਾਲ ਵਿੱਚ ਵਿਭਾਗ ਦੀਆਂ ਗਤੀਵਿਧੀਆਂ ਅਤੇ ਚੱਲ ਰਹੀਆਂ ਸਕੀਮਾਂ ਕਿਸਾਨਾਂ ਨਾਲ ਸਾਂਝੀਆਂ ਕੀਤੀਆਂ।ਡਾ. ਬਲਵੀਰ ਕੌਰ ਨੇ ਪੌਲੀ ਹਾਊਸ ਵਿੱਚ ਸਬਜ਼ੀਆਂ ਦੀ ਕਾਸ਼ਤ ਬਾਰੇ ਅਹਿਮ




ਜਾਣਕਾਰੀ ਸਾਂਝੀ ਕੀਤੀ।ਇਸ ਤੋਂ ਇਲਾਵਾ ਡਾ. ਪ੍ਰਭਜੀਤ ਕੌਰ ਨੇ ਝੋਨੇ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਕਰਨ ਸੰਬੰਧੀ ਲੋੜੀਂਦੀ ਜਾਣਕਾਰੀ ਦਿੱਤੀ।ਡਾ. ਰੋਹਿਤ ਗੁਪਤਾ ਨੇ ਕਿਸਾਨਾਂ ਨੂੰ ਗਰਮੀਆਂ ਵਿੱਚ ਪਸ਼ੂਆ ਦੀ ਸਾਂਭ-ਸੰਭਾਲ ਲਈ ਫੁਹਾਰਾ ਵਿਧੀ ਦੀ ਸੁਚੱਜੀ ਵਰਤੋਂ ਬਾਰੇ ਦੱਸਿਆ। ਡਾ: ਹਰਵਿੰਦਰ ਸਿੰਘ ਬੁੱਟਰ ਨੇ ਸਾਉਣੀ ਦੀਆਂ ਫ਼ਸਲਾਂ ਵਿੱਚ ਬਿਮਾਰੀਆਂ ਅਤੇ ਕੀੜਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ।ਇੰਜੀ. ਰੁਪਿੰਦਰ ਚੰਦੇਲ ਨੇ ਪਾਣੀ ਬਚਾਉਣ ਦੀਆਂ ਤਕਨੀਕਾਂ ਜਿਵੇਂ ਕਿ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਵਰਤੋਂ, ਲੇਜ਼ਰ ਲੈਵਲਿੰਗ ਅਤੇ ਬੈੱਡ ਪਲਾਂਟਿੰਗ ਬਾਰੇ ਚਰਚਾ ਕੀਤੀ ਅਤੇ ਨਾਲ ਹੀ ਉਹਨਾਂ ਨੇ ਪਰਾਲੀ ਦੀ ਸਾਂਭ -ਸੰਭਾਲ ਬਾਰੇ ਕਿਸਾਨਾ ਨੂੰ ਜਾਗਰੂਕ ਕੀਤਾ। ਸਮਾਗਮ ਦੀ ਸਮਾਪਤੀ 'ਤੇ ਕੇਵੀਕੇ ਜਲੰਧਰ ਦੇ ਡਿਪਟੀ ਡਾਇਰੈਕਟਰ ਡਾ. ਸੰਜੀਵ ਕੁਮਾਰ ਕਟਾਰੀਆ ਨੇ ਮਾਹਿਰਾਂ ਦੇ ਵਡਮੁੱਲੇ ਯੋਗਦਾਨ ਲਈ ਅਤੇ ਕਿਸਾਨਾਂ ਦੀ ਉਤਸ਼ਾਹੀ ਸ਼ਮੂਲੀਅਤ ਲਈ ਧੰਨਵਾਦ ਕੀਤਾ।

